# ਪੁਆਧ : ਖ਼ਾਲਸਾ ਪੰਥ ਦੀ ਜਨਮ-ਭੂਮੀ

(ਖੋਜ-ਪੁਸਤਕ)



ਸੰਪਾਦਕ

ਮਨਮੋਹਨ ਸਿੰਘ ਦਾਊਂ

ਡਾ. ਮੁਖਤਿਆਰ ਸਿੰਘ

# ਪੁਆਧ : ਖ਼ਾਲਸਾ ਪੰਥ ਦੀ ਜਨਮ-ਭੂਮੀ
(ਖੋਜ ਪੁਸਤਕ)

## ਅਸੀਂ ਧੰਨਵਾਦੀ ਹਾਂ :

1. ਉਨ੍ਹਾਂ ਸਾਰੇ ਕਲਮਕਾਰਾਂ ਦੇ ਜਿਨ੍ਹਾਂ ਦੀਆਂ ਰਚਨਾਵਾਂ ਸਾਨੂੰ ਪ੍ਰਾਪਤ ਹੋ ਸਕੀਆਂ।
2. ਪ੍ਰੋ. ਸੁਖਵਿੰਦਰ ਸਿੰਘ ਜਿਸ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਫ਼ੋਟੋਗ੍ਰਾਫ਼ੀ ਲਈ ਅਗਵਾਈ ਕੀਤੀ।
3. ਬੀਬਾ ਹਰਪ੍ਰੀਤ ਕੌਰ ਜਿਸ ਨੇ ਕੰਪੋਜ਼ਿੰਗ ਦਾ ਕਾਰਜ ਨਿਭਾਇਆ।
4. ਸ. ਤਰਲੋਚਨ ਸਿੰਘ ਚੰਡੀਗੜ੍ਹ ਦੇ ਜਿਨ੍ਹਾਂ ਨੇ ਪੁਸਤਕ ਦੀ ਪ੍ਰਕਾਸ਼ਨਾ ਕੀਤੀ।
5. ਉਨ੍ਹਾਂ ਮੁਕੱਦਸ ਸੰਸਥਾਵਾਂ ਦੇ ਜਿਨ੍ਹਾਂ ਦੇ ਦਰਸ਼ਨ ਕਰਨ ਦਾ ਸੁਭਾਗ ਮਿਲਿਆ।

**ਸੰਪਾਦਕ**

# ਪੁਆਧ : ਖ਼ਾਲਸਾ ਪੰਥ ਦੀ ਜਨਮ-ਭੂਮੀ

(ਪਰਾਗਾ ਛੇਵਾਂ)

ਖੋਜ ਪੁਸਤਕ

ਸੰਪਾਦਕ

**ਮਨਮੋਹਨ ਸਿੰਘ ਦਾਊਂ**

**ਡਾ. ਮੁਖਤਿਆਰ ਸਿੰਘ**

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system without permission in writing from the Publisher and Author.*

**Puadh : Khalsa Panth Dee Janam-Bhumee**
(A Research Book) Volume VI

Editors : (i) Manmohan Singh Daon
# 280, Phase-6,
S.A.S. Nagar, Mohali (Punjab)
Mob : 98151-23900

(ii) Dr. Mukhtiar Singh
Associate Professor
Govt. College of Education
Sector 20-D, Chandigarh-160020
Mob : 98760-90172

Title designed by T. Singh

ISBN : 978-93-95740-70-8

Price : Rs. 300

Edition : 2025

**Published by :**

Tarlochan Publishers
3236, Sector 15-D, Chandigarh
Mob:  98146-73236, Tel. 0172-4557978
E-mail : tpublishers3236@gmail.com

---

**ਪੁਆਧ : ਖ਼ਾਲਸਾ ਪੰਥ ਦੀ ਜਨਮ-ਭੂਮੀ** (ਪਰਾਗਾ ਛੇਵਾਂ)
**ਸੰਪਾਦਕ** : ਮਨਮੋਹਨ ਸਿੰਘ ਦਾਊਂ, ਡਾ. ਮੁਖਤਿਆਰ ਸਿੰਘ
**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ-160015
**ਪੇਸ਼ਕਸ਼** : ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

## ਸਮਰਪਣ

ਦੇਹ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰਿ ਅਪਨੀ ਜੀਤ ਕਰੋਂ॥
ਅਰੁ ਸਿਖ ਹੌ ਅਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ॥

**ਸ੍ਰੀ ਗੁਰੂ ਗੋਬਿੰਦ ਸਿੰਘ**

## ਮਨਮੋਹਨ ਸਿੰਘ ਦਾਊਂ ਦੀ ਪੁਆਧ ਖੇਤਰ ਬਾਰੇ ਖੋਜ ਕਾਰਜ ਸੰਪਾਦਨਾ

1. ਪੁਆਧ ਦਰਪਣ (ਪਰਾਗਾ ਪਹਿਲਾ) 2006
2. ਧਰਤ ਪੁਆਧ (ਪਰਾਗਾ ਦੂਜਾ) 2006 (ਇਨਾਮੀ)
3. ਪੁਆਧ ਕੀਆਂ ਝਲਕਾਂ (ਪਰਾਗਾ ਤੀਜਾ) 2021
4. ਆਦਿ ਜੁਗਾਦਿ ਪੁਆਧ (ਪਰਾਗਾ ਚੌਥਾ) 2022
5. ਪੰਜਾਬ ਦਾ ਗੌਰਵ ਪੁਆਧ (ਪਰਾਗਾ ਪੰਜਵਾਂ) 2023
6. ਮੇਰਾ ਪੁਆਧ : ਲੇਖਕ ਐਸ. ਐਸ. ਕਿਸ਼ਨਪੁਰੀ 2009
7. ਕਥਾ ਪੁਰਾਤਨ ਪੁਆਧ ਕੀ : ਲੇਖਕ ਗਿ. ਧਰਮ ਸਿੰਘ ਭੰਖਰਪੁਰ
8. ਪੁਆਧੀ ਸਨਮਾਨਿਤ ਸ਼ਖ਼ਸੀਅਤਾਂ 2023
9. ਪੁਆਧ ਤੇ ਪੁਆਧੀ ਭਾਸ਼ਾ : ਤਥਾਗਤ ਅਧਿਐਨ 2025
   ਸਹਿ. ਸੰਪਾਦਕ ਡਾ. ਮੁਖਤਿਆਰ ਸਿੰਘ

**ਮੌਲਿਕ ਪੁਸਤਕਾਂ**

10. ਪੁਆਧ ਦੇ ਜੰਮੇ ਜਾਏ (ਨੈਸ਼ਨਲ ਬੁੱਕ ਟਰੱਸਟ ਦਿੱਲੀ ਵੱਲੋਂ ਪ੍ਰਕਾਸ਼ਿਤ) 2020
11. ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ (ਇਨਾਮੀ) 2016
    ਦੂਜੀ ਐਡੀਸ਼ਨ 2023
    ਅੰਗਰੇਜ਼ੀ ਅਨੁਵਾਦ Coming up of Chandigarh Lost Puadh villages. 2023 by Dr. C.S. Sekhon.
    ਸ੍ਰੀ ਜਗਪਾਲ ਵੱਲੋਂ ਹਿੰਦੀ ਅਨੁਵਾਦ : ਚੰਡੀਗੜ੍ਹ ਨੇ ਲੁਪਤ ਕੀਏ ਪੁਆਧੀ ਗਾਂਵ 2024
12. ਪੁਆਧ ਤੇ ਪੁਆਧ ਦੇ ਲੇਖਕਾਂ ’ਤੇ ਖੋਜ-ਕਾਰਜ
    ਸੰਦਰਭ ਕੋਸ਼ 2020

# ਤਰਤੀਬ


- ਪ੍ਰਾਕਥਨ/**ਸੰਪਾਦਕ** 11

**ਪਹਿਲਾ ਖੰਡ** (ਵਾਰਤਕ ਰਚਨਾਵਾਂ)

1. ਸਿੱਖ ਗੁਰੂ ਸਾਹਿਬਾਨ ਦੀ ਕਰਮ-ਭੂਮੀ ਪੁਆਧ 15
   - **ਡਾ. ਜਗਜੀਤ ਸਿੰਘ (ਸਵਰਗੀ)**
2. ਅਨੰਦਪੁਰ ਸਾਹਿਬ ਦਾ ਅਧਿਆਤਮਿਕ ਫ਼ਲਸਫ਼ਾ 20
   - **ਤਲਵਿੰਦਰ ਸਿੰਘ ਬੁਟਰ**
3. ਪੁਆਧ ਦੀ ਹਿੱਕ 'ਤੇ ਉੱਕਰੀ ਸੱਤ ਰਾਤਾਂ ਦੀ ਦਾਸਤਾਨ 25
   - **ਸ਼ਮਸ਼ੇਰ ਸਿੰਘ ਡੂਮੇਵਾਲ**
4. ਗੁਰੂ ਸਾਹਿਬਾਨ ਦਾ ਅਨੰਦਪੁਰ ਸਾਹਿਬ ਨਾਲ ਰਿਸ਼ਤਾ 29
   - **ਭਾਈ ਹਰਸਿਮਰਨ ਸਿੰਘ**
5. ਅਨੰਦਪੁਰ ਸਾਹਿਬ ਦਾ ਇਤਿਹਾਸਕ ਪਿਛੋਕੜ 33
   - **ਸੁਰਿੰਦਰ ਸਿੰਘ ਰਸੂਲਪੁਰ**
6. ਕੁੰਮੇ ਮਾਸ਼ਕੀ ਦੀ ਝੁੱਗੀ ਦਾ ਇਤਿਹਾਸ 38
   - **ਦਲਜੀਤ ਕੌਰ ਦਾਊਂ**
7. ਭਲਾਂ ਕਿਸ ਤਰ੍ਹਾਂ ਦਾ ਸੀ ਯੁੱਧ ਚਮਕੌਰ ਦਾ 42
   - **ਕਰਮਜੀਤ ਸਿੰਘ**
8. ਗੁਰੂ ਜੀ ਵੱਲੋਂ ਗੜ੍ਹੀ ਦੀ ਵਿਊਂਤਬੰਦੀ 50
   - **ਦਲਜੀਤ ਕੌਰ ਦਾਊਂ**
9. ਸਰਹਿੰਦ ਦਾ ਪਿਛੋਕੜ ਤੇ ਸਾਕਾ ਸਰਹਿੰਦ 56
   - **ਡਾ. ਹਰਚੰਦ ਸਿੰਘ ਸਰਹਿੰਦੀ**
10. ਚੱਪੜਚਿੜੀ ਦੇ ਜੰਗ ਦਾ ਅਲੌਕਿਕ ਇਤਿਹਾਸ 62
    - **ਨਿਰੰਜਣ ਸਿੰਘ ਸਾਥੀ (ਸਵਰਗੀ)**
11. ਪੁਆਧ ਖੇਤਰ ਦੀਆਂ ਰਣ-ਭੂਮੀਆਂ 68
    - **ਬਹਾਦਰ ਸਿੰਘ ਗੋਸਲ**

12. ਖ਼ਾਲਸਾਈ ਜਾਹੋ-ਜਲਾਲ ਦਾ ਪ੍ਰਤੀਕ : ਹੋਲਾ ਮਹੱਲਾ 75
• **ਪ੍ਰੋ. ਸੁਖਵਿੰਦਰ ਸਿੰਘ**

13. ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਆਲਮੀ ਦ੍ਰਿਸ਼ਟੀਕੋਣ 78
• **ਡਾ. ਰਾਜਿੰਦਰ ਸਿੰਘ ਕੁਰਾਲੀ**

14. ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ 82
• **ਡਾ. ਮੁਖਤਿਆਰ ਸਿੰਘ**

15. ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਮੁੱਖ ਵਿੱਦਿਅਕ ਸੰਸਥਾਵਾਂ 93
• **ਡਾ. ਗੁਰਪ੍ਰੀਤ ਕੌਰ**

16. ਸ੍ਰੀ ਅਨੰਦਪੁਰ ਸਾਹਿਬ ਦੀ ਮੁੜ ਪੁਨਰ-ਸਥਾਪਨਾ ਕਿੰਞ ਹੋਈ? 100
• **ਪ੍ਰੋ. ਰਵਿੰਦਰ ਸਿੰਘ**

**ਦੂਜਾ ਖੰਡ** (ਸਿੱਖ ਇਤਿਹਾਸ ਨਾਲ ਸਬੰਧਿਤ ਦ੍ਰਿਸ਼ ਚਿਤਰਨ)

1. ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸ਼ਹਾਦਤ ਦੇਣ ਲਈ ਤੁਰਨ ਵੇਲਾ/**ਮਨਮੋਹਨ ਸਿੰਘ ਦਾਊਂ** 109

2. ਸ੍ਰੀ ਅਨੰਦਪੁਰ ਸਾਹਿਬ ਦਾ ਅਗੰਮੀ ਨਜ਼ਾਰਾ 112
• **ਸ਼ਮਸ਼ੇਰ ਸਿੰਘ ਡੂਮੇਵਾਲ**

3. ਚਮਕੌਰ ਦੀ ਗੜ੍ਹੀ 'ਚੋਂ ਅੱਧੀ ਰਾਤੜੀਂ ਤੇਗ਼ ਦੇ ਅੰਗ-ਸੰਗ ਸ੍ਰੀ ਗੁਰੂ ਗੋਬਿੰਦ ਸਿੰਘ/**ਮਨਮੋਹਨ ਸਿੰਘ ਦਾਊਂ** 117

4. ਮਾਤਾ ਗੁਜਰੀ ਜੀ ਦੀਆਂ ਛੋਟੇ ਸਾਹਿਬਜ਼ਾਦਿਆਂ ਨੂੰ ਆਖ਼ਰੀ ਅਸੀਸਾਂ/**ਮਨਮੋਹਨ ਸਿੰਘ ਦਾਊਂ** 120

5. ਚੱਪੜਚਿੜੀ ਜੰਗ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਫ਼ਤਹਿ ਦਾ ਪ੍ਰਸੰਗ/**ਮਨਮੋਹਨ ਸਿੰਘ ਦਾਊਂ** 123

**ਤੀਜਾ ਖੰਡ** (ਪੁਆਧ 'ਚ ਖ਼ਾਲਸਾ ਪੰਥ ਨਾਲ ਸਬੰਧਿਤ ਇਤਿਹਾਸਕ ਯਾਦਗਾਰਾਂ)

1. ਅੱਠਵਾਂ ਅਜੂਬਾ : ਵਿਰਾਸਤ-ਏ-ਖ਼ਾਲਸਾ 129
• **ਪ੍ਰੋ. ਸੁਖਵਿੰਦਰ ਸਿੰਘ**

2. ਦਾਸਤਾਨ-ਏ ਸ਼ਹਾਦਤ : ਸ੍ਰੀ ਚਮਕੌਰ ਸਾਹਿਬ 133
• **ਸਤਵਿੰਦਰ ਸਿੰਘ ਮੜੌਲਵੀ**

3. ਸਰਹਿੰਦ ਫ਼ਤਿਹ ਦਾ ਪ੍ਰਤੀਕ ਫ਼ਤਿਹ ਬੁਰਜ ਚੱਪੜਚਿੜੀ 140
• **ਗੁਰਪ੍ਰੀਤ ਸਿੰਘ ਨਿਆਮੀਆਂ**

4. ਪੁਆਧ ਖਿੱਤੇ 'ਚ ਸਿੱਖ ਗੁਰੂਆਂ ਦੀਆਂ ਇਤਿਹਾਸਕ ਨਿਸ਼ਾਨੀਆਂ/**ਹਰਪ੍ਰੀਤ ਸਿੰਘ ਨਾਜ਼** 143


**ਚੌਥਾ ਖੰਡ** (ਕਾਵਿ-ਸ਼ਾਰ)

1. ਕਥਾ ਪੁਆਧ ਕੀ/**ਗਿ. ਧਰਮ ਸਿੰਘ ਭੰਖਰਪੁਰ** 151

2. ਸਾਕਾ/**ਸੋਹਨ ਸਿੰਘ ਸੀਤਲ** 153

3. ਵਾਰ/**ਸੋਹਨ ਸਿੰਘ ਸੀਤਲ** 153

4. ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਹੱਲਾ 154
• **ਗਿ. ਸਵਰਨ ਸਿੰਘ ਢੰਗਰਾਲੀ**

5. ਜੋਧਿਆਂ ਦੀ ਵਾਰ/**ਗਿ. ਸਵਰਨ ਸਿੰਘ ਢੰਗਰਾਲੀ** 155

6. ਵਾਰ ਦਸਮੇਸ਼ ਪਿਤਾ/**ਡਾ. ਜਸਪਾਲ ਸਿੰਘ ਜੱਸੀ** 156

7. ਸਰਸਾ ਨਦੀ 'ਤੇ ਵਿਛੋੜਾ ਪੈ ਗਿਆ 158
• **ਭਾਈ ਮਨਿੰਦਰ ਸਿੰਘ ਸ੍ਰੀਨਗਰ ਵਾਲੇ**

8. ਗਾਥਾ ਗੜ੍ਹੀ ਚਮਕੌਰ ਦੀ/**ਮਨਮੋਹਨ ਸਿੰਘ ਦਾਊਂ** 159

9. ਦੋ ਬੜੀਆਂ ਕੀਮਤੀ ਜਿੰਦਾਂ/**ਚਰਨ ਸਿੰਘ ਸਫਰੀ** 163

10. ਚੰਨ ਮਾਤਾ ਗੁਜਰੀ ਦਾ/**ਚਰਨ ਸਿੰਘ ਸਫਰੀ** 164

11. ਕਿੱਥੇ ਮਾਤਾ ਤੋਰਿਆ/**ਨੰਦ ਲਾਲ ਨੂਰਪੁਰੀ** 165

12. ਚੁੰਮ-ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ 166
• **ਨੰਦ ਲਾਲ ਨੂਰਪੁਰੀ**

13. ਸ਼ਹੀਦ ਬੀਬੀ ਸ਼ਰਨ ਕੌਰ/**ਗਿ. ਧਰਮ ਸਿੰਘ ਭੰਖਰਪੁਰ** 167

14. ਚਮਕੌਰ ਗੜ੍ਹੀ ਅੰਦਰ, ਗੜ੍ਹੀ ਬਾਹਰ 172
• **ਮਨਮੋਹਨ ਸਿੰਘ ਦਾਊਂ**

15. ਕੋਮਲ ਜਿੰਦਾਂ ਸਿਰੜ ਵਡੇਰਾ/**ਮਨਮੋਹਨ ਸਿੰਘ ਦਾਊਂ** 174
16. ਠੰਢੇ ਬੁਰਜ ਦੀ ਗਾਥਾ/**ਮਨਮੋਹਨ ਸਿੰਘ ਦਾਊਂ** 177
17. ਖ਼ਾਲਸਾ ਪੰਥ ਦੀ ਅਦੁੱਤੀ ਸਾਜਨਾ 182
• **ਮਨਮੋਹਨ ਸਿੰਘ ਦਾਊਂ**
18. ਲੋਕ ਗੀਤ 186

**ਪੰਜਵਾਂ ਖੰਡ** (ਤਸਵੀਰਾਂ ਦੀ ਜ਼ੁਬਾਨੀ)

ਤਸਵੀਰਾਂ ਲਈ ਤੀਰਥ ਯਾਤਰਾ 188

# ਪ੍ਰਾਕਥਨ

ਕਿਸੇ-ਕਿਸੇ ਅਸਥਾਨ ਨੂੰ ਹੀ ਕਿਸੇ ਧਰਮ ਲਈ ਵਰੋਸਾਏ ਹੋਣ ਦਾ ਮੁਕੱਦਸ ਨਾਂ ਪ੍ਰਾਪਤ ਹੁੰਦਾ ਹੈ। ਵੱਖ-ਵੱਖ ਧਰਮਾਂ ਨਾਲ ਸੰਬੰਧਤ ਧਰਮਾਰਥ ਨਾਲ ਲਬਰੇਜ਼ ਥਾਵਾਂ ਪੂਜਣਯੋਗ ਕੇਂਦਰ ਬਣ ਕੇ ਲੋਕਾਈ ਨੂੰ ਪ੍ਰਕਾਸ਼ ਵੰਡਣ ਦੀ ਭੂਮਿਕਾ ਨਿਭਾਉਂਦੀਆਂ ਹਨ। ਇਸੇ ਪਰਿਪੇਖ ਵਿੱਚ ਸ੍ਰੀ ਅਨੰਦਪੁਰ ਸਾਹਿਬ ਸਿੱਖ ਜਗਤ ਲਈ ਸਮੁੱਚੇ ਖ਼ਾਲਸੇ ਦੀ ਜਨਮ-ਭੂਮੀ ਹੈ ਜਿਸ ਦੇ ਸੰਬੰਧ ਵਿੱਚ ਇਸ ਪੁਸਤਕ ਨੂੰ ਸੰਪੂਰਨਤਾ ਦੇਣ ਦਾ ਜਤਨ ਕੀਤਾ ਗਿਆ ਹੈ। ਇਹ ਪਵਿੱਤਰ ਥਾਂ ਇੱਕ ਅਜਿਹੇ ਸਿਧਾਂਤ (ਦਰਸ਼ਨ) ਦੀ ਕਰਮ-ਭੂਮੀ ਹੈ ਜੋ ਪਹਿਲੀ ਪਾਤਸ਼ਾਹੀ ਜਗਤ ਗੁਰੂ ਬਾਬਾ ਨਾਨਕ ਦੇ ਸੰਦੇਸ਼ ਦੇ ਅਨੁਆਈ ਹੁੰਦਿਆਂ, ਸਮੇਂ ਦੀ ਰਾਜਸੀ ਸੱਤਾ ਬਾਬਰ ਨੂੰ ਜਾਬਰ ਕਹਿਣ ਦੀ ਦਲੇਰੀ ਰੱਖਦੀ ਹੈ। ਬਾਬੇ ਨਾਨਕ ਨੇ ਆਪਣੇ ਉਪਦੇਸ਼ ਨੂੰ ਪ੍ਰਚਾਰਨ ਤੇ ਪ੍ਰਸਾਰਨ ਲਈ ਸ੍ਰੀ ਕਰਤਾਰਪੁਰ ਨੂੰ ਮੋਢੀ ਨਗਰ ਵਸਾ ਕੇ ਸਥਾਪਨਾ ਕੀਤੀ ਤੇ ਉਸ ਤੋਂ ਬਾਅਦ ਨਾਨਕ-ਜੋਤ ਪਾਤਸ਼ਾਹੀਆਂ ਨੇ ਖਡੂਰ ਸਾਹਿਬ, ਗੋਇੰਦਵਾਲ, ਤਰਨ ਤਾਰਨ ਅਤੇ ਸ੍ਰੀ ਅੰਮ੍ਰਿਤਸਰ ਨਗਰਾਂ ਨੂੰ ਆਪਣੀ ਕਰਮ-ਭੂਮੀ ਨਾਲ ਨਿਵਾਜਿਆ। ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਉਨ੍ਹਾਂ ਸਮਿਆਂ ਦਾ ਮੁਕਾਬਲਾ ਕਰਨ ਲਈ ਬਹੁਤ ਦੂਰ-ਅੰਦੇਸ਼ੀ ਅਤੇ ਬੁੱਧ-ਬਿਬੇਕੀ ਨਾਲ ਸ੍ਰੀ ਕੀਰਤਪੁਰ ਵਸਾਇਆ ਅਤੇ ਨੌਂਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ਼ ਬਹਾਦਰ ਨੇ 1665 ਈ. 'ਚ ਅਨੰਦਪੁਰੀ (ਨਾਨਕੀ ਚੱਕ) ਨੂੰ ਸ੍ਰੀ ਅਨੰਦਪੁਰ ਸਾਹਿਬ ਵਸਾਕੇ ਅਲੌਕਿਕ ਕਰਤਵ ਕੀਤੇ। ਗੁਰੂ ਕਾਲ ਵਿੱਚ ਅਨੰਦਪੁਰ ਸਾਹਿਬ ਵਿੱਚ ਵਾਪਰੇ ਸੀਸ-ਭੇਟ ਕ੍ਰਿਸ਼ਮੇ ਨੇ ਦੇਸ਼ ਦੀ ਰਾਜਸੀ ਅਤੇ ਸਮਾਜਿਕ ਬਣਤਰ ਵਿਚ ਜੋ ਕ੍ਰਾਂਤੀ ਲਿਆਂਦੀ, ਉਸਦਾ ਮੁੱਖ ਆਧਾਰ ਮਨੁੱਖੀ ਚਰਿੱਤਰ ਦੀ ਨਵ-ਉਸਾਰੀ ਸੀ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਪਹਿਲਾਂ ਨੌਂ ਪਾਤਸ਼ਾਹੀਆਂ ਨੇ ਸਿਰਜੀ ਸੀ। ਗੁਰੂ ਖ਼ਾਲਸੇ ਨੇ ਜੋ ਮੱਲਾਂ ਪਿਛਲੇ ਸਾਢੇ ਤਿੰਨ ਕੁ ਸੌ ਸਾਲ ਪਹਿਲੇ ਸਮੇਂ ਵਿੱਚ ਮਾਰੀਆਂ ਹਨ, ਉਹ ਸ੍ਰੀ ਅਨੰਦਪੁਰ ਸਾਹਿਬ ਦੀ ਮਾਨਵੀ ਸਿਧਾਂਤਕ ਰੌਸ਼ਨੀ ਦਾ ਹੀ ਪ੍ਰਤੀਕ ਹੈ। ਇਸ ਮੁਕੱਦਸ ਅਸਥਾਨ 'ਤੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਨੂੰ ਅੰਮ੍ਰਿਤ ਦੀ ਦਾਤ ਨਾਲ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ। ਪਹਾੜੀ ਰਾਜਿਆਂ ਨਾਲ ਜੰਗ-ਯੁੱਧ ਕਰਨੇ ਪਏ ਜਿਨ੍ਹਾਂ ਪਿੱਛੇ ਮੁਗ਼ਲ ਹਕੂਮਤ

ਦਾ ਜਬਰ-ਜ਼ੁਲਮ ਦਨ-ਦਨਾਅ ਰਿਹਾ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਅਨੰਦਪੁਰ ਕਿਲ੍ਹਾ ਛੱਡਣਾ ਤੇ ਉਸ ਤੋਂ ਬਾਅਦ ਜੋ ਵਾਪਰਿਆ, ਉਸ ਅਦੁੱਤੀ ਘਟਨਾ-ਕ੍ਰਮ ਨੂੰ ਇਸ ਪੁਸਤਕ ਵਿੱਚ ਸੰਗ੍ਰਹਿਣ ਦੀ ਕੋਸ਼ਿਸ਼ ਕੀਤੀ ਗਈ। ਪੁਆਧ, ਪੰਜਾਬ ਦੇ ਇਸ ਗੌਰਵਮਈ ਇਤਿਹਾਸ ਨੂੰ ਸ਼ਾਂਭੀ ਬੈਠਾ ਹੈ ਜਿਸ ਦੀ ਮਹੱਤਤਾ 'ਤੇ ਚਾਨਣ ਪਾਉਣ ਲਈ ਵਿਭਿੰਨ-ਵਿਸ਼ਿਆਂ ਨਾਲ ਸੰਬੰਧਿਤ ਰਚਨਾਵਾਂ ਪੇਸ਼ ਕੀਤੀਆਂ ਗਈਆਂ ਹਨ। ਜਿਸ ਖੇਤਰ ਨੂੰ ਅਣਗੌਲਿਆ ਅਤੇ ਅਣਡਿੱਠ ਕੀਤਾ ਗਿਆ ਸੀ, ਉਸ ਪੁਆਧ ਖੇਤਰ ਨੂੰ ਨਾ ਕੇਵਲ ਪੰਜਾਬ ਸਗੋਂ ਭਾਰਤ ਦੇ ਇਤਿਹਾਸ ਦਾ ਗੌਰਵ ਆਖਣਾ ਉੱਚਿਤ ਹੋਵੇਗਾ ਜਿਸ ਦੀ ਲਾਸਾਨੀ ਤੇ ਅਦੁੱਤੀ ਮਿਸਾਲ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਹੈ। ਇਸ ਸ਼ਹਾਦਤ ਦੇ ਪ੍ਰਤੀਫਲ ਨੂੰ ਖ਼ਾਲਸਾ ਪੰਥ ਦੀ ਸਿਰਜਣਾ ਕਰਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਖ਼ਾਲਸੇ ਦੀ ਜਨਮ-ਭੂਮੀ ਦੇ ਗੌਰਵ ਨਾਲ ਨਿਵਾਜਿਆ। ਇਸ ਪੁਸਤਕ ਨੂੰ ਪੰਜ ਖੰਡਾਂ ਵਿੱਚ ਵੰਡਿਆ ਗਿਆ ਹੈ। ਕੋਸ਼ਿਸ਼ ਕੀਤੀ ਗਈ ਹੈ ਕਿ ਕਿੰਝ ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿਰਾਏ, ਸ੍ਰੀ ਗੁਰੂ ਹਰਿਕ੍ਰਿਸ਼ਨ, ਸ੍ਰੀ ਗੁਰੂ ਤੇਗ਼ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ-ਕਾਲ ਦੀਆਂ ਝਲਕਾਂ ਪੁਆਧ-ਖਿੱਤੇ ਵਿੱਚ ਕਰਮ-ਭੂਮੀ ਵਜੋਂ ਵਰਦਾਨ ਬਣੀਆਂ।

ਪਹਿਲੇ ਖੰਡ ਵਿੱਚ ਵਾਰਤਕ ਰੂਪੀ ਸੋਲਾਂ ਖੋਜ ਭਰਪੂਰ ਲੇਖ ਹਨ ਜਿਨ੍ਹਾਂ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਤੋਂ ਲੈ ਕੇ ਸਿੱਖ ਇਤਿਹਾਸ ਦੇ ਚੱਪੜਚਿੜੀ ਦੇ ਫ਼ਤਿਹ ਜੰਗ ਦਾ ਬਿਰਤਾਂਤ ਤੇ ਵੱਖ-ਵੱਖ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ। ਸ੍ਰੀ ਗੁਰੂ ਤੇਗ਼ ਬਹਾਦਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ਮਈ ਜਲੌਅ ਦੋ ਲੇਖਾਂ ਰਾਹੀਂ ਪੇਸ਼ ਕੀਤਾ ਗਿਆ।

ਦੂਜੇ ਖੰਡ ਵਿੱਚ ਸਿੱਖ ਇਤਿਹਾਸ ਨਾਲ ਸੰਬੰਧਿਤ ਪੰਜ ਪ੍ਰਮੁੱਖ ਦ੍ਰਿਸ਼-ਚਿਤਰਨਾਂ ਦਾ ਪ੍ਰਸੰਗ ਹੈ ਜਿਨ੍ਹਾਂ ਦੀ ਅਲੌਕਿਕਤਾ ਅਦੁੱਤੀ ਹੈ।

ਤੀਜੇ ਖੰਡ ਵਿੱਚ ਪੁਆਧ ਖੇਤਰ ਵਿੱਚ ਖ਼ਾਲਸਾ-ਪੰਥ ਨਾਲ ਸੰਬੰਧਿਤ ਚਾਰ ਇਤਿਹਾਸਕ ਯਾਦਗਾਰਾਂ ਦਾ ਵਰਨਣ ਕੀਤਾ ਗਿਆ ਹੈ ਤਾਂ ਜੋ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਬਾਰੇ ਜਾਣਕਾਰੀ ਦਿੱਤੀ ਜਾ ਸਕੇ।

ਚੌਥੇ ਖੰਡ ਵਿੱਚ ਕਾਵਿ-ਸ਼ਾਰ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਸੰਗ ਵਿੱਚ ਸਿੱਖ-ਇਤਿਹਾਸ ਨਾਲ ਸੰਬੰਧਿਤ ਚੋਣਵੀਆਂ ਕਾਵਿ-ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ ਤਾਂ ਜੋ ਪਾਠਕਾਂ ਨੂੰ ਬੀਤੇ ਨਾਲ ਸੰਵੇਦਨਾ ਤੇ ਭਾਵਕਤਾ

ਦਾ ਅਹਿਸਾਸ ਕਰਾਇਆ ਜਾ ਸਕੇ। ਪੰਜਵੇਂ ਖੰਡ ਵਿੱਚ ਤਸਵੀਰਾਂ ਦੀ ਜ਼ੁਬਾਨੀ ਇਤਿਹਾਸ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਜਿਨ੍ਹਾਂ ਵਿਦਵਾਨਾਂ, ਸਾਹਿਤਕਾਰਾਂ ਤੇ ਲੇਖਕਾਂ ਦੀਆਂ ਰਚਨਾਵਾਂ ਨੇ ਇਸ ਪੁਸਤਕ ਦਾ ਗੌਰਵ ਉੱਚਾ ਕੀਤਾ, ਉਨ੍ਹਾਂ ਦੇ ਅਸੀਂ ਹਾਰਦਿਕ ਧੰਨਵਾਦੀ ਹਾਂ। ਤਰੁੱਟੀਆਂ ਲਈ ਖ਼ਿਮਾ ਦੇ ਜਾਚਕ ਹਾਂ। ਤੁਹਾਡੇ ਹੁੰਗਾਰੇ ਅਤੇ ਸੁਝਾਵਾਂ ਦੀ ਉਡੀਕ ਰਹੇਗੀ।

**ਸੰਪਾਦਕ**

**ਚੂੰ ਕਾਰ ਅਜ ਹਮਹ ਹੀਲਤੇ ਦਰ ਗੁਜ਼ਸਤ।**
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥**

ਸ੍ਰੀ ਗੁਰੂ ਗੋਬਿੰਦ ਸਿੰਘ
ਰਚਿਤ 'ਜ਼ਫ਼ਰਨਾਮਾ' 'ਚੋਂ।

# ਪਹਿਲਾ ਖੰਡ

(ਵਾਰਤਕ ਰਚਨਾਵਾਂ)

# ਸਿੱਖ ਗੁਰੂ ਸਾਹਿਬਾਨ ਦੀ ਕਰਮ-ਭੂਮੀ ਪੁਆਧ

**• ਡਾ. ਜਗਜੀਤ ਸਿੰਘ (ਸਵਰਗੀ)**

ਪੁਆਧ ਖੇਤਰ ਵਿੱਚ ਬਹੁਤ ਸਾਰੇ ਸਥਾਨ ਪੰਜ ਗੁਰੂ ਸਾਹਿਬਾਨ ਨਾਲ ਸਬੰਧਿਤ ਹਨ। ਗੁਰੂ ਹਰਿਗੋਬਿੰਦ ਸਾਹਿਬ ਆਪਣੀ ਆਯੂ ਦੇ ਪਿਛਲੇ ਵਰ੍ਹਿਆਂ ਵਿੱਚ ਕੀਰਤਪੁਰ ਸਾਹਿਬ ਆ ਟਿਕੇ ਸਨ। ਇਸ ਸਥਾਨ ਉੱਤੇ ਪੀਰ ਬੁੱਢਣ ਸ਼ਾਹ ਦੀ ਯਾਦਗਾਰ ਹੈ ਜਿਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਗੁਰੂ ਨਾਨਕ ਦੇਵ ਨੂੰ ਮਿਲੇ ਸਨ ਤੇ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਦੁੱਧ ਦਾ ਪਿਆਲਾ ਭੇਟ ਕੀਤਾ ਜਿਹੜਾ ਉਨ੍ਹਾਂ ਨੇ ਇਹ ਆਖ ਕੇ ਕਿ ਅਸੀਂ ਛੇਵੇਂ ਜਾਮੇ ਵਿੱਚ ਤੈਥੋਂ ਆ ਕੇ ਇਹ ਦੁੱਧ ਪੀਵਾਂਗੇ ਆਪਣੇ ਪਾਸ ਰੱਖਣ ਲਈ ਕਿਹਾ ਸੀ ਤੇ ਉਹੀ ਦੁੱਧ ਗੁਰੂ ਹਰਿਗੋਬਿੰਦ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੇ ਜਿਸ ਦਾ ਸਰੂਪ ਗੁਰੂ ਨਾਨਕ ਦੇਵ ਜੀ ਨਾਲ ਮਿਲਦਾ-ਜੁਲਦਾ ਸੀ, ਪੀਰ ਜੀ ਤੋਂ ਲੈ ਕੇ ਸੇਵਨ ਕੀਤਾ। ਇਸੇ ਸਥਾਨ ਉੱਤੇ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤ ਸਮਾਏ ਤੇ ਉਨ੍ਹਾਂ ਨੇ ਬਾਬਾ ਗੁਰਦਿੱਤਾ ਦੇ ਸਪੁੱਤਰ ਹਰਿਰਾਏ ਜੀ ਨੂੰ ਗੁਰਗੱਦੀ ਬਖ਼ਸ਼ੀ। ਗੁਰੂ ਹਰਿਰਾਏ ਸਾਹਿਬ ਲਗਭਗ 17 ਵਰ੍ਹੇ ਇਸ ਸਥਾਨ ’ਤੇ ਬਰਾਜੇ ਤੇ ਮਗਰੋਂ ਉਨ੍ਹਾਂ ਦੇ ਛੋਟੇ ਸਪੁੱਤਰ ਗੁਰੂ ਹਰਿਕ੍ਰਿਸ਼ਨ ਗੁਰਗੱਦੀ ’ਤੇ ਸ਼ਸੋਭਿਤ ਹੋਏ। ਗੁਰੂ ਹਰਿਕ੍ਰਿਸ਼ਨ ਦੇ ਜੋਤੀ ਜੋਤ ਸਮਾਉਣ ਉਪਰੰਤ ਜਦੋਂ ਗੁਰੂ ਬਾਬਾ ਬਕਾਲੇ ਦੇ ਮੁੱਖ ਵਾਕ ਨਾਲ ਗੁਰੂ ਤੇਗ਼ ਬਹਾਦਰ ਗੁਰੂ ਨਾਨਕ ਦੁਆਰਾ ਸਥਾਪਤ ਗੁਰਗੱਦੀ ਉੱਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਨੇ ਕੀਰਤਪੁਰ ਤੋਂ ਕੋਈ 10 ਕਿਲੋਮੀਟਰ ਦੀ ਵਿਥ ’ਤੇ ਮਾਖੋਵਾਲ ਨਗਰ ਵਸਾਇਆ ਜੋ ਅੱਜਕੱਲ੍ਹ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਅਨੰਦਪੁਰ ਸਾਹਿਬ ਦੇ ਸਥਾਨ ਉੱਤੇ ਹੀ ਕਸ਼ਮੀਰੀ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਹਜ਼ੂਰੀ ’ਚ ਆ ਕੇ ਫ਼ਰਿਆਦੀ ਹੋਏ ਸਨ ਤੇ ਇੱਥੋਂ ਹੀ ਭਾਈ ਮਤੀਦਾਸ, ਸਤੀਦਾਸ ਤੇ ਭਾਈ ਦਿਆਲਾ, ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਦਿੱਲੀ ਵੱਲ ਰਵਾਨਾ ਹੋਏ ਸਨ ਤੇ ਰੋਪੜ ਲਾਗੇ ਮਲਿਕਪੁਰ ਪਿੰਡ ਵਿੱਚ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਕੇ ਬੱਸੀ ਪਠਾਣਾ ਆ ਗਿਆ ਤੇ ਕੁਝ ਸਮਾਂ ਬਾਅਦ ਦਿੱਲੀ ਲੈ ਜਾ ਕੇ ਚਾਂਦਨੀ ਚੌਂਕ ਵਿੱਚ ਸ਼ਹੀਦ ਕੀਤਾ ਗਿਆ ਸੀ । ਇਹ ਘਟਨਾ ਨਵੰਬਰ 1675 ਈ. ਦੀ ਹੈ।

ਅਨੰਦਪੁਰ ਸਾਹਿਬ ਤੋਂ ਹੀ ਗੁਰੂ ਗੋਬਿੰਦ ਸਿੰਘ ਨੂੰ ਬਿਲਾਸਪੁਰੀਏ ਰਾਜੇ ਭੀਮ ਚੰਦ ਨੇ ਉਨ੍ਹਾਂ ਦੀਆਂ ਫ਼ੌਜੀ ਮਸ਼ਕਾਂ ਵੇਖ ਕੇ ਰਿਆਸਤ ਵਿੱਚੋਂ ਚਲੇ ਜਾਣ ਲਈ ਕਿਹਾ ਸੀ ਤੇ ਗੁਰੂ ਸਾਹਿਬ ਨਾਹਨ ਰਿਆਸਤ ਵਿੱਚ ਜਮਨਾ ਕਿਨਾਰੇ ਪਾਉਂਟਾ ਸਾਹਿਬ ਵਿੱਚ ਜਾ ਬਰਾਜੇ ਸਨ। ਉਸੇ ਸਥਾਨ ਉੱਤੇ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਹੋਇਆ ਸੀ। ਭੰਗਾਣੀ ਯੁੱਧ ਜੋ 1687 ਈ. ਵਿਚ ਪਹਾੜੀ ਰਾਜਿਆਂ ਅਤੇ ਗੁਰੂ ਗੋਬਿੰਦ ਸਿੰਘ ਵਿਚਕਾਰ ਹੋਇਆ, ਮਗਰੋਂ ਗੁਰੂ ਸਾਹਿਬ ਫੇਰ ਅਨੰਦਪੁਰ ਸਾਹਿਬ ਆ ਟਿਕੇ ਸਨ। 1687 ਤੋਂ 1699 ਈ. ਦੌਰਾਨ ਨਾ ਕੇਵਲ ਗੁਰੂ ਸਾਹਿਬ ਨੇ ਪਹਾੜੀ ਖੇਤਰ ਵਿੱਚ ਪਹਾੜੀ ਰਾਜਿਆਂ ਅਤੇ ਕੇਂਦਰੀ ਮੁਗ਼ਲ ਹਕੂਮਤ ਦੀਆਂ ਫ਼ੌਜਾਂ ਵਿਚਕਾਰ ਹੋਈਆਂ ਲੜਾਈਆਂ ਵਿਚ ਪਹਾੜੀ ਰਾਜਿਆਂ ਦੀ ਸਹਾਇਤਾ ਕੀਤੀ ਸੀ ਪਰ ਉਹ ਮੌਕਾਪ੍ਰਸਤ ਸਨ। ਨਦੌਨ ਯੁੱਧ ਮਗਰੋਂ ਕੇਂਦਰੀ ਫ਼ੌਜਾਂ ਦੀ ਹਾਰ ਮਗਰੋਂ ਵੀ ਪਹਾੜੀ ਰਾਜਿਆਂ ਨੇ ਮੁਗ਼ਲ ਹਕੂਮਤ ਨਾਲ ਸਮਝੌਤਾ ਕਰ ਲਿਆ।

ਇਸੇ ਸਮੇਂ ਦੌਰਾਨ ਗੁਰੂ ਸਾਹਿਬ ਤੇ ਉਨ੍ਹਾਂ ਦੇ ਕਵੀਆਂ ਨੇ ਬਹੁਤ ਸਾਰੀ ਬਾਣੀ ਤੇ ਬੀਰ ਰਸੀ ਕਵਿਤਾ ਰਚੀ ਜਿਹੜੀ ਵਧੇਰੇ ਕਰਕੇ ਹਿੰਦੂਆਂ ਦੇ ਚੌਬੀਸ ਅਵਤਾਰਾਂ ਨਾਲ ਸਬੰਧਿਤ ਸੀ ਪਰ ਉਸਦਾ ਉਦੇਸ਼ ਲੋਕਾਂ ਵਿਚ ਬੀਰ ਰਸ ਦਾ ਸੰਚਾਰ ਕਰਨਾ ਸੀ। ਇਸ ਸਾਹਿਤਿਕ ਰਚਨਾ ਦਾ ਕਾਫ਼ੀ ਭਾਗ ਦਰਿਆ ਸਤਲੁਜ ਕਿਨਾਰੇ ਨੇਪਰੇ ਚੜ੍ਹਿਆ, ਕਬਿਯੋ ਬਾਚ ਬੇਨਤੀ ॥ ਚੌਪਈ ॥ ਬਾਰੇ ਇਹ ਪਰੰਪਰਾ ਹੈ ਕਿ ਇਹ ਰਚਨਾ ਗੁਰੂ ਸਾਹਿਬ ਨੇ ਨੰਗਲ ਦੇ ਭਬੋਰ ਸਾਹਿਬ ਟਿੱਲੇ ਉੱਤੇ ਉਚਾਰਨ ਕੀਤੀ ਸੀ ।

ਗੁਰੂ ਸਾਹਿਬ ਨੇ ਅਨੰਦਪੁਰ ਵਿਚ ਤੇ ਉਸ ਦੇ ਲਾਗੇ ਜਿਹੜੇ ਕਿਲ੍ਹੇ ਉਸਾਰੇ ਉਨ੍ਹਾਂ ਦੀ ਵੀ ਇਤਿਹਾਸਕ ਮਹੱਤਤਾ ਹੈ। ਕੇਸਗੜ੍ਹ ਦੇ ਕਿਲ੍ਹੇ ਦੇ ਸਥਾਨ ਉੱਤੇ 1699 ਈ. ਵਿੱਚ ਖ਼ਾਲਸਾ ਸਾਜਨ ਦਾ ਇਨਕਲਾਬੀ ਕਾਰਜ ਹੋਇਆ ਤੇ ਆਨੰਦਗੜ੍ਹ ਦੇ ਕਿਲ੍ਹੇ ਉੱਤੇ ਜਦੋਂ ਪਹਾੜੀ ਰਾਜਿਆਂ ਨੇ ਇੱਕ ਮਸਤ ਹਾਥੀ ਜਿਸ ਨੂੰ ਸ਼ਰਾਬ ਪਿਲਾਈ ਗਈ ਸੀ, ਕਿਲ੍ਹੇ ਦਾ ਦਰਵਾਜ਼ਾ ਤੋੜਨ ਹਿਤ ਫ਼ੌਜ ਦੇ ਅੱਗੇ ਲਗਾਇਆ ਸੀ। ਗੁਰੂ ਸਾਹਿਬ ਨੇ ਬਚਿੱਤਰ ਸਿੰਘ ਨੂੰ ਹਾਥੀ ਦਾ ਮੁਕਾਬਲਾ ਕਰਨ ਲਈ ਚੁਣਿਆ। ਉਸ ਸੂਰਬੀਰ ਨੇ ਹਾਥੀ ਦੇ ਢਾਲ ਨਾਲ ਮੜ੍ਹੇ ਮੱਥੇ ਤੇ ਏਨੇ ਜ਼ੋਰ ਨਾਲ ਨਾਗਣੀ ਮਾਰੀ ਕਿ ਹਾਥੀ ਚੰਗਾੜਾਂ ਮਾਰਦੇ ਹੋਏ ਪਿੱਛੇ ਨੂੰ ਦੌੜਿਆ ਤੇ ਉਸਨੇ ਪਹਾੜੀ ਰਾਜਿਆਂ ਦੀ ਸੈਨਾ ਨੂੰ ਹੀ ਮਧੋਲ ਦਿੱਤਾ।

ਇਸ ਪੁਆਧ ਖੇਤਰ ਵਿਚ ਹੀ ਬਹੁਤ ਸਾਰੀਆਂ ਨਦੀਆਂ ਹਨ ਪਰ ਸਰਸਾ ਨਦੀ ਜਿਹੜੀ ਅਨੰਦਪੁਰ ਅਤੇ ਰੋਪੜ ਦੇ ਵਿਚਕਾਰ ਵਹਿੰਦੀ ਹੈ, ਇਤਿਹਾਸਕ ਮਹੱਤਤਾ ਰੱਖਦੀ ਹੈ, ਕਿਉਂਕਿ ਜਦੋਂ 1704 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦਾ ਕਿਲ੍ਹਾ ਤਿਆਗਿਆ ਸੀ ਤੇ ਉਹ ਰੋਪੜ ਵੱਲ ਕੂਚ ਕਰ ਰਹੇ ਸਨ ਤੇ ਸਰਸਾ ਨਦੀ ਉੱਤੇ ਪਹਾੜੀ ਰਾਜਿਆਂ ਅਤੇ ਮੁਗ਼ਲ ਸੈਨਾ ਨੇ ਉਨ੍ਹਾਂ ਉੱਤੇ ਹੱਲਾ ਬੋਲ ਦਿੱਤਾ ਤੇ ਇੱਥੇ ਹੀ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਦਰਬਾਰੀ ਕਵੀਆਂ ਦੁਆਰਾ ਤਿਆਰ ਕੀਤਾ ਵੱਡੇ ਆਕਾਰ ਦਾ ਗ੍ਰੰਥ ਨਦੀ ਦੀ ਭੇਟ ਹੋ ਗਿਆ ਤੇ ਗੁਰੂ ਸਾਹਿਬ ਦਾ ਪਰਿਵਾਰ ਵੀ ਖੇਰੂੰ-ਖੇਰੂੰ ਹੋ ਗਿਆ।

ਇਸ ਤੋਂ ਅੱਗੇ ਇਕ ਸਥਾਨ ਹੈ ਭੱਠਾ ਸਾਹਿਬ ਜੋ ਕੋਟਲਾ ਨਿਹੰਗ ਪਿੰਡ ਦੇ ਖੇਤਰ ਵਿਚ ਸਥਿਤ ਹੈ। ਇੱਥੇ ਭਾਈ ਬਚਿੱਤਰ ਸਿੰਘ ਜਿਹੜੇ ਮਲਕਪੁਰ ਪਿੰਡ ਲਾਗੇ ਹੋਈ ਝੜਪ ਵਿੱਚ ਕਾਫ਼ੀ ਜ਼ਖ਼ਮੀ ਹੋ ਗਏ ਸਨ, ਪਠਾਣ ਨਿਹੰਗ ਖਾਂ ਪਾਸ ਤਿਮਾਰੀਦਾਰੀ ਹਿੱਤ ਛੱਡ ਗਏ ਸਨ, ਕਿਉਂਕਿ ਗੁਰੂ ਸਾਹਿਬ ਪਿੱਛਾ ਕਰ ਰਹੀ ਸ਼ਤਰੂ ਸੈਨਾ ਨਾਲ ਕਿਸੇ ਯੋਗ ਥਾਂ ’ਤੇ ਦੋ ਹੱਥ ਕਰਨਾ ਚਾਹੁੰਦੇ ਸਨ। ਇਸ ਲਈ ਬੁਰੀ ਤਰ੍ਹਾਂ ਜ਼ਖਮੀ ਹੋਏ ਬਚਿੱਤਰ ਸਿੰਘ ਨੂੰ ਨਾਲ ਲੈ ਕੇ ਜਾਣਾ ਉਚਿਤ ਨਹੀਂ ਸੀ। ਇਸ ਸਥਾਨ ’ਤੇ ਪਾਉਂਟਾ ਸਾਹਿਬ ਤੋਂ ਵਾਪਸ ਆਉਂਦੇ ਗੁਰੂ ਸਾਹਿਬ ਦੇ ਘੋੜੇ ਦਾ ਪੈਰ ਚੂਨੇ ਦੀਆਂ ਬੇਕਾਰ ਹੋਈਆਂ ਭੱਠੀਆਂ ਵਿੱਚੋਂ ਕਿਸੇ ਇੱਟ ਵਿੱਚ ਖੁਭ ਗਿਆ ਸੀ, ਜਿਸ ਕਾਰਨ ਉਨ੍ਹਾਂ ਨੂੰ ਹੇਠਾਂ ਉਤਰਨਾ ਪਿਆ ਸੀ । ਉਸ ਵੇਲੇ ਕੋਟਲੇ ਦਾ ਪਠਾਣ ਨਿਹੰਗ ਖਾਂ ਆਪ ਨੂੰ ਸਜਦਾ ਕਰਨ ਲਈ ਆਇਆ ਸੀ। ਉਸ ਸਥਾਨ ਉੱਤੇ ਅੱਜਕੱਲ੍ਹ ਗੁਰਦੁਆਰਾ ਭੱਠਾ ਸਾਹਿਬ ਸਥਾਪਿਤ ਹੈ। ਇਸ ਤੋਂ ਅਗੇਰੇ ਦਾ ਪ੍ਰਸਿੱਧ ਸਥਾਨ ਚਮਕੌਰ ਸਾਹਿਬ ਹੈ, ਜਿੱਥੇ ਦੁਨੀਆਂ ਦੀ ਬੇਮਿਸਾਲ ਜੰਗ ਲੜੀ ਗਈ। ਜਿਸ ਜੰਗ ਵਿੱਚ ਇੱਕ ਪਾਸੇ ਭੁੱਖੇ-ਪਿਆਸੇ ਚਾਲੀ ਸਿੰਘ, ਦੋ ਸਾਹਿਬਜ਼ਾਦੇ ਤੇ ਗੁਰੂ ਸਾਹਿਬ ਖ਼ੁਦ ਸਨ ਤੇ ਦੂਜੇ ਪਾਸੇ ਪਹਾੜੀ ਰਾਜਿਆਂ, ਸੂਬੇਦਾਰ ਸਰਹਿੰਦ ਦੀ ਅਣਗਿਣਤ ਫ਼ੌਜ ਤੇ ਇਧਰੋਂ ਉਧਰੋਂ ਇਕੱਠਾ ਹੋਇਆ ਮੁਲਖਈਆ ਵੀ ਸ਼ਾਮਲ ਸੀ ।

ਚਮਕੌਰ ਸਾਹਿਬ ਤੋਂ ਪੱਛਮ ਵੱਲ ਮਾਛੀਵਾੜਾ ਹੈ ਜਿੱਥੇ ਗੁਰੂ ਸਾਹਿਬ ਦਰਿਆ ਸਤਲੁਜ ਦੇ ਲਾਗਲੇ ਬੇਟ ਦੀਆਂ ਦਭਸੂਲਾਂ, ਸਰਕੜੇ ਤੇ ਦਲਦਲ ਰਾਹੀਂ ਰਾਤ ਸਮੇਂ ਲੰਘ ਕੇ ਪਹੁੰਚੇ ਸਨ ਤੇ ਜਿੱਥੋਂ ਗਨੀ ਖਾਂ, ਨਬੀ ਖਾਂ ਪਠਾਣ ਭਰਾਵਾਂ ਨੇ ਆਪ ਨੂੰ ਪਲੰਘ ’ਤੇ ‘ਉੱਚ ਦਾ ਪੀਰ’ ਐਲਾਨ ਕਰਕੇ ਕੰਨ੍ਹਿਆਂ ’ਤੇ ਚੁੱਕ ਕੇ, ਸਰਕਾਰੀ ਸੂਹਿਆਂ ਤੋਂ ਬਚਦੇ ਹੋਏ ਲੁਧਿਆਣੇ ਲਾਗੇ ਆਲਮਗੀਰ

ਪਹੁੰਚਾਇਆ ਸੀ, ਇਸ ਮਨੁੱਖੀ ਹਮਦਰਦੀ ਦਾ ਜਿਹੜਾ ਸਬੂਤ ਉਨ੍ਹਾਂ ਪਠਾਣ ਭਰਾਵਾਂ ਨੇ ਪ੍ਰਦਰਸ਼ਿਤ ਕੀਤਾ, ਉਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ ਦਾ ਸੰਘਰਸ਼ ਕਿਸੇ ਮਜ਼੍ਹਬ ਦੇ ਵਿਰੁੱਧ ਨਹੀਂ ਸੀ, ਸਗੋਂ ਜ਼ੋਰ ਜਬਰ ਕਰਨ ਵਾਲੀ ਹਕੂਮਤ ਵਿਰੁੱਧ ਸੀ।

ਇਸ ਖੇਤਰ ਵਿੱਚ ਉਹ ਸਥਾਨ ਵੀ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੀ ਹੈਂਕੜ ਅਤੇ ਜਬਰ ਅੱਗੇ ਨਾ ਝੁਕਦੇ ਹੋਏ ਧਰਮ ਦੀ, ਵਿਸ਼ਵਾਸ਼ ਦੀ ਆਜ਼ਾਦੀ ਲਈ ਆਪਣੀਆਂ ਨੰਨ੍ਹੀਆਂ ਤੇ ਕੋਮਲ ਜਿੰਦੜੀਆਂ ਕੁਰਬਾਨ ਕਰਕੇ ਦੁਨੀਆਂ ਦੇ ਇਤਿਹਾਸ ਵਿੱਚ ਲਾ-ਮਿਸਾਲ ਪਿਰਤ ਪਾਈ, ਉਸ ਸਥਾਨ ਦਾ ਅਜੋਕਾ ਨਾਂ ਫ਼ਤਿਹਗੜ੍ਹ ਸਾਹਿਬ ਹੈ।

ਇਸੇ ਸਥਾਨ ਲਾਗੇ ਰੌਜ਼ਾ ਸ਼ਰੀਫ਼ ਹੈ ਜਿੱਥੇ ਅਲਫਮੁਜੱਦਦ ਸ਼ਾਨੀ ਦਾ ਮਕਬਰਾ ਅਤੇ ਹੋਰ ਬਹੁਤ ਸਾਰੇ ਮੁਸਲਮਾਨਾਂ ਦੀਆਂ ਕਬਰਾਂ ਹਨ। ਇਸੇ ਨਗਰ ਲਾਗੇ ਇੱਕ ਆਮ ਖ਼ਾਸ ਬਾਗ਼ ਹੈ ਜਿਸ ਨੂੰ ਮੁਗ਼ਲ ਰਾਜ ਸਮੇਂ ਦਾ ਇਕ ਉੱਤਮ ਤੇ ਸ਼ਾਨਦਾਰ ਕਲਾ ਕਿਰਤ ਹੋਣ ਦਾ ਮਾਣ ਪ੍ਰਾਪਤ ਹੈ। ਇਸੇ ਪ੍ਰਕਾਰ ਚੰਡੀਗੜ੍ਹ ਤੋਂ ਕਾਲਕਾ ਦੇ ਵਿਚਕਾਰ ਪਿੰਜੌਰ ਬਾਗ਼ ਹੈ ਜੋ ਸੈਂਕੜੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਿਆ ਰਹਿੰਦਾ ਹੈ।

ਪੁਆਧ ਦੀ ਧਰਤੀ ਵਿੱਚ ਉੱਤਰ-ਪੂਰਬ ਵੱਲ ਪਹਾੜੀਆਂ ਦੇ ਦਾਮਨ ਅਤੇ ਪਹਾੜੀਆਂ ਦੇ ਉੱਤੇ ਬਹੁਤ ਸਾਰੇ ਮੰਦਿਰ ਹਨ ਜਿਨ੍ਹਾਂ ਵਿਚ ਚੰਡੀਮੰਦਿਰ ਚੰਡੀ ਦੇਵੀ ਦਾ, ਮਨਸਾ ਦੇਵ ਇੱਛਾ ਪੂਰਨ ਕਰਨ ਵਾਲੀ ਦੇਵੀ ਦਾ, ਜੈਨਤੀ ਦੇਵੀ ਦਾ ਮੰਦਿਰ, ਨੈਣਾ ਦੇਵੀ ਦਾ ਮੰਦਿਰ ਜੋ ਅਨੰਦਪੁਰ ਸਾਹਿਬ ਲਾਗੇ ਸਥਿਤ ਹੈ, ਚਿੰਤਪੁਰਨੀ ਜੋ ਹੁਸ਼ਿਆਰਪੁਰ ਦੇ ਉੱਤਰ-ਪੂਰਬ ਵਿੱਚ ਸਥਿਤ ਹੈ, ਜਵਾਲਾ ਜੀ ਜਿੱਥੇ ਅਗਨੀ ਦੀ ਲਾਟਾਂ ਬਲਦੀਆਂ ਹਨ ਇਸੇ ਖੇਤਰ ਦੇ ਹਿੰਦੂਆਂ ਦੀ ਸ਼ਰਧਾ ਦੇ ਕੇਂਦਰ ਹਨ। ਵਿਦਵਾਨਾਂ ਅਨੁਸਾਰ ਦੇਵੀ ਪੂਜਾ ਉਸ ਸਮੇਂ ਪ੍ਰਚੱਲਿਤ ਹੋਈ ਜਦੋਂ ਅਜੇ ਵਿਆਹੁਤ ਜੀਵਨ ਨਹੀਂ ਸੀ ਸ਼ੁਰੂ ਹੋਇਆ। ਮਨੁੱਖ ਤੇ ਇਸਤਰੀ ਪਸ਼ੂਆਂ ਵਾਂਗ ਸੰਜੋਗ ਕਰਦੇ ਪਰੰਤੂ ਮਰਦ ਬੱਚੇ ਪਾਲਨ ਦੀ ਜ਼ਿੰਮੇਵਾਰੀ ਨਹੀਂ ਸੀ ਲੈਂਦਾ। ਬੱਚਾ ਮਾਂ ਦੀ ਪਾਲਨਾ ਪੋਸ਼ਨਾ ਵਿਚ ਹੀ ਵੱਡਾ ਹੁੰਦਾ ਤੇ ਉਸਨੂੰ ਮਾਂ ਰੱਬ ਦਾ ਰੂਪ ਲੱਗਦੀ। ਉਸਦੀ ਇਸ ਭਾਵਨਾ ਨੇ ਦੇਵੀ ਪੂਜਾ ਦਾ ਰਿਵਾਜ ਪਾਇਆ। ਇੱਕ ਧਾਰਨਾ ਇਹ ਵੀ ਹੈ ਕਿ ਦਕਸ਼ ਰਾਜੇ ਦੀ ਪੁੱਤਰੀ ਸਤੀ ਨੇ ਆਪਣੇ ਪਿਤਾ ਦੇ ਹਵਨ ਕੁੰਡ ਵਿਚ ਛਲਾਂਗ ਮਾਰ

ਦਿੱਤੀ ਸੀ, ਕਿਉਂਕਿ ਉਸਦੇ ਪਿਤਾ ਨੇ ਉਸਦੇ ਆਪਣੀ ਮਰਜ਼ੀ ਨਾਲ ਸ਼ਿਵ ਨੂੰ ਆਪਣਾ ਵਰ ਚੁਣਨ ਤੋਂ ਨਾਰਾਜ਼ ਹੋ ਕੇ ਸਤੀ ਨੂੰ ਯੱਗ ਵਿੱਚ ਨਹੀਂ ਸੀ ਬੁਲਾਇਆ। ਜਦੋਂ ਸ਼ਿਵ ਜੀ ਨੇ ਸਤੀ ਨੂੰ ਹਵਨ ਦੀ ਅੱਗ ਵਿੱਚ ਅੱਧ ਝੁਲਸੀ ਚੁੱਕ ਕੇ ਤਾਂਡਵ ਨਾਚ ਨੱਚਣਾ ਸ਼ੁਰੂ ਕੀਤਾ ਤੇ ਵਿਸ਼ਨੂੰ ਨੇ ਸੁਦਰਸ਼ਨ ਚੱਕਰ ਚਲਾ ਕੇ ਸਤੀ ਦੇ ਸਰੀਰ ਦੇ ਟੁੱਕੜੇ-ਟੁੱਕੜੇ ਕਰ ਦਿੱਤੇ, ਕਿਉਂਕਿ ਸ਼ਿਵ ਜੀ ਬੜੀ ਤੀਬਰਤਾ ਨਾਲ ਘੁੰਮ ਰਹੇ ਸਨ, ਇਸ ਲਈ ਸਤੀ ਦੇ ਸਰੀਰ ਦੇ ਭਿੰਨ-ਭਿੰਨ ਟੁੱਕੜੇ ਵੱਖ-ਵੱਖ ਥਾਂ ਡਿੱਗੇ ਜਿਸ ਜਗ੍ਹਾ ਜਿਹੜਾ ਅੰਗ ਡਿਗਿਆ, ਉਸੇ ਅੰਗ ਦੇ ਨਾਂ ਦੇ ਦੇਵੀ ਦਾ ਮੰਦਿਰ ਬਣਾ ਕੇ ਪੂਜਾ ਹੋਣ ਲੱਗੀ। ਆਸਾਮ ਵਿੱਚ ਗੋਹਾਟੀ ਲਾਗੇ ਸਤੀ ਦਾ ਜਣਨ ਅੰਗ ਡਿੱਗਾ, ਇਸ ਲਈ ਉੱਥੇ ਯੋਨੀ ਦੀ ਪੂਜਾ ਹੈ, ਜਿੱਥੇ ਅੱਖਾਂ ਡਿੱਗੀਆਂ ਉੱਥੇ ਨੈਣਾ ਦੇਵੀ ਦਾ ਮੰਦਿਰ ਬਣ ਗਿਆ। ਪਹਾੜਾਂ ਅਤੇ ਪਹਾੜਾਂ ਦੇ ਦਾਮਨ ਵਿੱਚ ਵਸਦੇ ਲੋਕ ਬਦੇਸ਼ੀ ਹਮਲਿਆਂ ਤੋਂ ਕਾਫ਼ੀ ਹੱਦ ਤੱਕ ਬਚੇ ਰਹੇ ਹਨ ਇਸ ਲਈ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ ਸਦੀਆਂ ਪੁਰਾਣੇ ਹਨ। ਉਨ੍ਹਾਂ ਵਿਚ ਬਹੁਤਾ ਪਰਿਵਰਤਨ ਨਹੀਂ ਆਇਆ।

ਪੁਆਧ ਆਪਣੇ ਖੇਤਰ ਵਿੱਚ ਕਈ ਸਭਿਅਤਾਵਾਂ ਨੂੰ ਸੰਭਾਲੀ ਬੈਠਾ ਹੈ। ਇੱਥੇ ਰੋਪੜ ਤੋਂ ਦੱਖਣ ਪਾਸੇ ਥੋੜ੍ਹੀ ਵਿੱਥ ਉੱਤੇ ਬਾੜਾ ਪਿੰਡ ਹੈ ਜਿਸ ਥਾਂ ਹੋਈ ਖੁਦਾਈ ਤੋਂ ਉਸ ਥਾਂ ਦਾ ਸਿੰਧੂ ਘਾਟੀ ਦੀ ਸਭਿਅਤਾ ਤੋਂ ਵੀ ਪੁਰਾਣਾ ਹੋਣ ਦਾ ਸਬੂਤ ਪ੍ਰਾਪਤ ਹੋਇਆ ਹੈ। ਰੋਪੜ ਦੇ ਸਥਾਨ 'ਤੇ ਹੋਈ ਖੁਦਾਈ ਇਸ ਸਥਾਨ ਨੂੰ ਸਿੰਧੂ ਘਾਟੀ ਦੀ ਸਭਿਅਤਾ ਦਰਸਾਉਂਦੀ ਹੈ। ਤੀਜਾ ਸਥਾਨ ਸੰਘੋਲ ਹੈ ਜਿਸ ਨੂੰ ਉੱਚਾ ਪਿੰਡ ਵੀ ਆਖਦੇ ਹਨ। ਇਹ ਸਥਾਨ ਈਸਵੀ ਸੰਨ ਤੋਂ ਪੂਰਬ ਦੇਸ਼ ਅੰਦਰ ਬੋਧ ਧਰਮ ਦੇ ਰਾਜ ਧਰਮ ਬਣਨ ਵੇਲੇ ਦੀਆਂ ਪੁਰਾਤਨ ਵਸਤਾਂ ਪ੍ਰਾਪਤ ਹੋਣ ਕਾਰਨ ਉਸ ਸਮੇਂ ਦੀ ਵਿਰਾਸਤ ਨੂੰ ਸੰਭਾਲੀ ਬੈਠਾ ਹੈ। ਇਹ ਸਥਾਨ ਚੰਡੀਗੜ੍ਹ-ਲੁਧਿਆਣਾ ਮੁੱਖ ਮਾਰਗ ਤੋਂ ਕੋਈ ਇੱਕ ਕਿਲੋਮੀਟਰ ਦੀ ਵਿੱਥ ਉੱਤੇ ਸਥਿਤ ਹੈ।

ਇਸੇ ਖੇਤਰ ਵਿੱਚ ਉਹ ਸਥਾਨ ਵੀ ਹੈ ਜਿੱਥੇ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਬਿਨਾਂ ਕਿਸੇ ਕਸੂਰ ਦੇ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰਨ ਦੇ ਪ੍ਰਤਿਕਰਮ ਵਜੋਂ ਚੱਪੜਚਿੜੀ ਦੇ ਮੈਦਾਨ ਵਿੱਚ ਯੁੱਧ ਦੌਰਾਨ ਮੌਤ ਦੇ ਘਾਟ ਉਤਾਰ ਕੇ ਪੰਜਾਬ ਦੀ ਧਰਤੀ ਤੋਂ ਜ਼ੁਲਮ ਤੇ ਅਤਿਆਚਾਰ ਨੂੰ ਜੜੋਂ ਉਖੇੜਨ ਦਾ ਮੁੱਢ ਬੰਨ੍ਹਿਆ।

# ਅਨੰਦਪੁਰ ਸਾਹਿਬ ਦਾ ਅਧਿਆਤਮਿਕ ਫ਼ਲਸਫ਼ਾ

**• ਤਲਵਿੰਦਰ ਸਿੰਘ ਬੁਟਰ**

ਅਨੰਦਪੁਰ ਸਾਹਿਬ ਨਾ ਸਿਰਫ਼ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਧਰਤੀ ਹੋਣ ਕਾਰਨ ਹੀ ਸਿੱਖਾਂ ਲਈ ਪੂਜਣਯੋਗ ਹੈ, ਸਗੋਂ ਇਹ ਸਿੱਖੀ ਦਾ ਬੁਲੰਦ ਸੰਕਲਪ, ਇੱਕ ਵਿਚਾਰ ਅਤੇ ਸਿੱਖ ਦਰਸ਼ਨ ਦਾ ਸਥੂਲ ਅਮਲ ਵੀ ਹੈ। ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ, 'ਖ਼ਾਲਸੇ ਨੂੰ ਸਦਾ ਹੀ ਅਨੰਦਪੁਰ ਦਾ ਵਾਸੀ ਰਹਿਣਾ ਹੀ ਉਚਿੱਤ ਹੈ। ਉਸ ਨੂੰ ਛੱਡਿਆਂ ਧੱਕੇ, ਧੋੜੇ, ਠੇਡੇ, ਠੋਕਰਾਂ, ਮੁਸੀਬਤਾਂ ਤੇ ਮੁਸ਼ਕਿਲਾਂ ਹੀ ਹਨ।'

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ :

ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥੨॥੫॥੧੦॥

*(ਟੋਡੀ ਮਹਲਾ 5, ਅੰਗ 714)*

ਗੁਰੂ ਸਾਹਿਬ ਮਨੁੱਖ ਨੂੰ ਸਦੀਵੀ ਆਨੰਦ, ਜਿਸ ਨੂੰ ਵਿਸਮਾਦੀ ਅਵਸਥਾ ਵੀ ਆਖਿਆ ਗਿਆ ਹੈ, ਦੀ ਪ੍ਰਾਪਤੀ ਦਾ ਤਰੀਕਾ ਦੱਸਦਿਆਂ ਫੁਰਮਾਉਂਦੇ ਹਨ, 'ਹੇ ਭਾਈ! ਜੇ ਤੇਰੀ ਇੱਛਾ ਸਦੀਵੀ ਅਨੰਦ ਤੇ ਖ਼ੁਸ਼ੀ ਦੀ ਅਵਸਥਾ ਵਿੱਚ ਰਹਿਣ ਦੀ ਹੈ ਤਾਂ ਸਦਾ ਪਰਮਾਤਮਾ ਦਾ ਸਿਮਰਨ ਕਰ, ਭਾਵ ਸਦਾ ਸਰਬ-ਵਿਆਪਕ ਸ਼ਕਤੀ ਦੀ ਚੇਤਨਾ ਵਿੱਚ ਭਿੱਜਿਆ ਰਹਿ।'

ਇਸੇ ਰੱਬੀ ਫ਼ੁਰਮਾਨ ਦਾ ਅਮਲੀ ਪ੍ਰਗਟਾਵਾ ਕਰਨ ਲਈ ਗੁਰੂ ਤੇਗ਼ ਬਹਾਦਰ ਜੀ ਨੇ ਕੀਰਤਪੁਰ ਸਾਹਿਬ ਤੋਂ 9 ਕਿਲੋਮੀਟਰ ਦੂਰ ਪਹਾੜਾਂ ਵੱਲ ਅਨੰਦਪੁਰ ਸਾਹਿਬ ਵਸਾਇਆ ਸੀ। ਜਿਸ ਪਾਵਨ ਜ਼ਰਖੇਜ਼ ਭੂਮੀ 'ਤੇ ਅੱਜ ਅਨੰਦਪੁਰ ਸਾਹਿਬ ਵੱਸਿਆ ਹੋਇਆ ਹੈ, ਇਸ ਦਾ ਪਹਿਲਾ ਨਾਮ ਮਾਖੋਵਾਲ ਸੀ। ਦੰਦਕਥਾ ਮੁਤਾਬਿਕ ਇੱਥੇ ਮਾਖੋ ਨਾਮ ਦਾ ਡਾਕੂ ਰਹਿੰਦਾ ਸੀ, ਜਿਹੜਾ ਇੱਥੇ ਕਿਸੇ ਨੂੰ ਵੱਸਣ ਨਹੀਂ ਦਿੰਦਾ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਜਦੋਂ ਇਹ ਧਰਤੀ ਰਿਆਸਤ ਕਹਿਲੂਰ ਦੇ ਰਾਜੇ ਦੀਪ ਚੰਦ ਦੀ ਵਿਧਵਾ ਰਾਣੀ ਚੰਪਾ ਤੋਂ ਮੁੱਲ ਖ਼ਰੀਦ ਕੇ ਇੱਥੇ ਆਪਣੀ ਪੂਜਨੀਕ ਮਾਤਾ ਨਾਨਕੀ ਜੀ ਦੇ ਨਾਂ 'ਤੇ ਚੱਕ ਨਾਨਕੀ ਨਾਮੀ ਨਗਰ ਵਸਾਇਆ ਤਾਂ ਇੱਥੇ ਇਲਾਹੀ ਨਦਰਿ ਪਈ

ਅਤੇ ਮਾਖੋ ਡਾਕੂ ਭੱਜ ਗਿਆ। ਮਾਖੋਵਾਲ ਵੀਰਾਨ ਧਰਤੀ ਨਹੀਂ ਰਿਹਾ, ਸਗੋਂ ਸੁਹਾਵਣਾ ਨਗਰ ਬਣ ਗਿਆ। ਆਤਮਿਕ ਜਗਿਆਸੂਆਂ ਲਈ ਇਸ ਦੀ ਮਹੱਤਤਾ ਦਾ ਵਰਣਨ ਕਰਦਿਆਂ 'ਗੁਰ ਸੋਭਾ ਗ੍ਰੰਥ' ਦਾ ਕਰਤਾ ਲਿਖਦਾ ਹੈ, 'ਮਾਖੋਵਾਲ ਸੁਹਾਵਣਾ ਸਤਿਗੁਰ ਕੋ ਅਸਥਾਨ।' ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੇ ਤੁਅੱਸਬ ਦੀ ਅੱਗ ਨੂੰ ਬੁਝਾਉਣ ਲਈ ਜਿੱਥੇ 9 ਸਾਲ ਦੀ ਉਮਰ ਵਿੱਚ ਚੱਕ ਨਾਨਕੀ ਤੋਂ ਆਪਣੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਹਾਦਤ ਦੇਣ ਲਈ ਆਪਣੇ ਹੱਥੀਂ ਦਿੱਲੀ ਵੱਲ ਤੋਰਿਆ ਸੀ, ਇਸ ਦੇ ਨਾਲ ਹੀ ਉਨ੍ਹਾਂ ਨੇ ਜਬਰ-ਜ਼ੁਲਮ ਦੀ ਅੱਗ ਵਿੱਚ ਸੜ ਰਹੀ ਲੋਕਾਈ ਨੂੰ ਧਰਮ ਤੇ ਧੀਰਜ ਦੀ ਠੰਢੀ ਛਾਂ ਦੇਣ ਲਈ ਚੱਕ ਨਾਨਕੀ ਨੂੰ ਅਨੰਦਪੁਰ ਬਣਾ ਦਿੱਤਾ।

ਅਨੰਦਪੁਰ ਸਾਹਿਬ ਦੀ ਭੂਗੋਲਿਕ ਤੇ ਅਧਿਆਤਮਕ ਸੰਦਰਭ 'ਚ ਅਗੰਮੀ ਮਹਿਮਾ ਦਾ ਵਰਨਣ ਕਰਦਿਆਂ ਦਰਬਾਰੀ ਕਵੀ ਹੰਸ ਰਾਮ ਦੇ ਪੋਤਰੇ ਹਿੰਦੀ ਦੇ ਪ੍ਰਸਿੱਧ ਕਵੀ ਚੰਦਰ ਸ਼ੇਖਰ ਬਾਜਪਾਈ ਲਿਖਦੇ ਹਨ, "ਅਨੰਦਪੁਰ, ਅਨੰਦ ਦੀ ਜੜ੍ਹ, ਆਨੰਦ ਦਾ ਸ਼ਹਿਰ। ਜਿੱਥੇ ਚਾਰ ਵਰਣ, ਚਾਰ ਆਸ਼ਰਮ ਹੀ ਆਨੰਦ ਪਾਉਂਦੇ ਹਨ।"

ਅਨੰਦਪੁਰ ਸਾਹਿਬ ਅਧਿਆਤਮਿਕ ਦੇ ਨਾਲ-ਨਾਲ ਰਾਜਨੀਤਕ ਤੌਰ 'ਤੇ ਵੀ ਦੇਸ਼ ਦੀ ਤਕਦੀਰ ਬਦਲਣ ਵਾਲਾ ਸਿਧਾਂਤ ਬਣ ਕੇ ਦੁਨੀਆਂ ਦੇ ਨਕਸ਼ੇ 'ਤੇ ਆਇਆ। ਇਤਿਹਾਸਕਾਰ ਆਰਚਰ ਲਿਖਦਾ ਹੈ, "ਅਨੰਦਪੁਰ ਵਸਾਉਣਾ ਇੱਕ 'ਲੰਮੀ ਨਦਰ' ਦਾ ਰਾਜਨੀਤਕ ਕਰਮ ਵੀ ਸੀ।" ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿੱਚ ਜਬਰ-ਜ਼ੁਲਮ ਖ਼ਿਲਾਫ਼ ਸੱਚ ਦੀ ਜੰਗ ਦੌਰਾਨ ਪੰਜ ਕਿਲ੍ਹੇ ਬਣਾਏ। ਇਹ ਕਿਲ੍ਹੇ ਅਨੰਦਪੁਰ ਸਾਹਿਬ ਦੀ ਦੁਸ਼ਮਣ ਦੇ ਹਮਲਿਆਂ ਤੋਂ ਰੱਖਿਆ ਕਰਦੇ ਸਨ। ਆਤਮਿਕ ਦ੍ਰਿਸ਼ਟੀ ਤੋਂ ਵੀ ਇਨ੍ਹਾਂ ਦੀ ਅਹਿਮੀਅਤ ਘੱਟ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਨੂੰ ਕੇਂਦਰ ਵਿੱਚ ਰੱਖ ਕੇ ਇਸ ਦੇ ਆਲੇ-ਦੁਆਲੇ ਪੰਜ ਕਿਲ੍ਹੇ ਉਸਾਰੇ। ਕੇਸਗੜ੍ਹ ਦੇ ਅਸਥਾਨ 'ਤੇ ਹੀ ਉੱਚੀ ਪਹਾੜੀ ਉੱਤੇ ਤੰਬੂ ਲਾ ਕੇ ਸੰਨ 1699 ਦੀ ਵਿਸਾਖੀ ਵਾਲੇ ਦਿਨ ਦਸਮ ਪਿਤਾ ਨੇ ਜਬਰ-ਜ਼ੁਲਮ ਦੇ ਨਾਸ਼ ਲਈ ਜਾਤ-ਪਾਤ, ਵਰਣ-ਵੰਡ ਦਾ ਭੇਦ ਮਿਟਾਉਣ ਹਿੱਤ ਦੁਨੀਆਂ ਦੇ ਇਤਿਹਾਸ 'ਚ ਅਦੁੱਤੀ ਕੌਤਕ ਵਰਤਾਉਂਦਿਆਂ ਪੰਜ ਪਿਆਰਿਆਂ ਦੀ ਚੋਣ ਕਰਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਮਨੁੱਖੀ ਅਧਿਕਾਰਾਂ ਦੀ ਰੱਖਿਆ ਤੇ ਸਨਮਾਨ ਲਈ ਇਹ

ਦੁਨੀਆਂ ਦਾ ਸਭ ਤੋਂ ਅਹਿਮ ਅਤੇ ਵੱਡਾ ਇਨਕਲਾਬ ਸੀ। ਪੰਡਿਤ ਤਾਰਾ ਸਿੰਘ ਨਰੋਤਮ ਇਸ ਜਗ੍ਹਾ ਦਾ ਨਾਂ ਕੇਸਗੜ੍ਹ ਰੱਖੇ ਜਾਣ ਦਾ ਕਾਰਨ ਲਿਖਦੇ ਹਨ, 'ਇੱਥੇ ਗੁਰੂ ਸਾਹਿਬ ਨੇ ਕੇਸਾਂ ਵਿੱਚ ਅੰਮ੍ਰਿਤ ਦੇ ਛਿੱਟੇ ਮਾਰੇ ਸਨ, ਇਸ ਕਰਕੇ ਇਸ ਨੂੰ ਕੇਸਗੜ੍ਹ ਆਖਦੇ ਹਨ।' ਭਾਈ ਨੰਦ ਲਾਲ ਜੀ ਮੁਤਾਬਕ, 'ਇਹ ਸਿੱਖ ਫ਼ਲਸਫ਼ੇ ਦਾ ਮੂਲ ਕੇਂਦਰ ਹੈ, ਇਸ ਕਰਕੇ ਇਸ ਨੂੰ ਕੇਸਗੜ੍ਹ ਆਖਿਆ ਜਾਂਦਾ ਹੈ।"

'ਕੇਸ' ਸ਼ਬਦ ਫ਼ਾਰਸੀ ਵਿੱਚ ਰੱਬੀ ਅਸੂਲ, ਅਕਾਲ ਦੀ ਪ੍ਰਭੂਸੱਤਾ ਲਈ ਵਰਤਿਆ ਜਾਂਦਾ ਹੈ। ਕੇਸਗੜ੍ਹ ਦਾ ਭਾਵ ਹੈ, ਕੇਸਾਂ ਨੂੰ ਸੁਰੱਖਿਅਤ ਰੱਖਣ ਵਾਲਾ ਕਿਲ੍ਹਾ। ਕੇਸਗੜ੍ਹ 'ਚ ਖ਼ਾਲਸੇ ਦਾ ਫ਼ਲਸਫ਼ਾ ਮਹਿਫ਼ੂਜ਼ ਕੀਤਾ ਗਿਆ। 'ਖੰਡੇ ਦੀ ਪਾਹੁਲ' ਉਸ ਹਿਫ਼ਾਜ਼ਤ ਦੀ ਗਾਰੰਟੀ ਹੈ। ਕੇਸਗੜ੍ਹ ਸਾਹਿਬ ਦੀ ਤਾਮੀਰ 1699 ਈਸਵੀ ਵਿੱਚ ਹੋਈ ਸੀ। ਇਸ ਤੋਂ ਪਹਿਲਾਂ ਇਸ ਦੀਆਂ ਉੱਚੀਆਂ ਪਹਾੜੀਆਂ 'ਤੇ ਦੀਵਾਨ ਸਜਦੇ ਸਨ। ਅਨੰਦਪੁਰ ਸਾਹਿਬ ਉੱਤੇ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਵੱਲੋਂ ਜਿੰਨੇ ਵੀ ਹਮਲੇ ਕੀਤੇ ਗਏ, ਉਨ੍ਹਾਂ ਵਿੱਚ ਬਾਕੀ ਦੇ ਪੰਜ ਕਿਲ੍ਹਿਆਂ ਤੱਕ ਦਾ ਦੁਸ਼ਮਣ ਫ਼ੌਜਾਂ ਪਹੁੰਚ ਜਾਂਦੀਆਂ ਰਹੀਆਂ, ਪਰ ਕੇਸਗੜ੍ਹ ਸਾਹਿਬ ਤੱਕ ਦੁਸ਼ਮਣ ਦਾ ਪੁੱਜਣਾ ਅਸੰਭਵ ਸੀ। ਇਸ ਤੋਂ ਪਹਿਲਾਂ ਆਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ, ਤਾਰਾਗੜ੍ਹ ਅਤੇ ਫ਼ਤਹਿਗੜ੍ਹ ਨੂੰ ਸਰ ਕਰਨਾ ਜ਼ਰੂਰੀ ਸੀ। ਜਿੰਨੀ ਦੇਰ ਕਲਗੀਧਰ, ਅਨੰਦਪੁਰ ਸਾਹਿਬ ਦੀ ਧਰਤੀ 'ਤੇ ਰਹੇ, ਓਨੀ ਦੇਰ ਅਜਿਹਾ ਮੌਕਾ ਕਦੇ ਨਹੀਂ ਆਇਆ ਕਿ ਦੁਸ਼ਮਣ ਫ਼ੌਜ ਪੰਜ ਕਿਲ੍ਹੇ ਸਰ ਕਰ ਸਕਦੀ ਤੇ ਫਿਰ ਕੇਸਗੜ੍ਹ ਤੱਕ ਪਹੁੰਚਦੀ। ਦਸਮ ਪਾਤਸ਼ਾਹ ਵੱਲੋਂ ਦਸੰਬਰ 1705 ਵਿੱਚ ਅਨੰਦਪੁਰ ਨੂੰ ਛੱਡ ਕੇ ਚਲੇ ਜਾਣ ਤੋਂ ਬਾਅਦ ਹੀ ਕੇਸਗੜ੍ਹ ਤੱਕ ਪਹਾੜੀ ਫ਼ੌਜਾਂ ਪਹੁੰਚੀਆਂ।

ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿੱਚ ਸਭ ਤੋਂ ਪਹਿਲਾਂ ਕਿਲ੍ਹਾ ਅਨੰਦਪੁਰ ਸਾਹਿਬ ਹੀ ਉਸਾਰਿਆ ਸੀ। ਇਹ ਅਪ੍ਰੈਲ 1689 ਵਿੱਚ ਬਣਨਾ ਸ਼ੁਰੂ ਹੋਇਆ ਸੀ। ਇਹ ਕਿਲ੍ਹਾ ਸਭ ਤੋਂ ਮਜ਼ਬੂਤ ਅਤੇ ਉੱਚਾ ਮੰਨਿਆ ਜਾਂਦਾ ਸੀ, ਜਿਹੜਾ ਸ਼ਹਿਰ ਤੋਂ ਦੱਖਣ ਵੱਲ ਅੱਧ ਕੁ ਮੀਲ ਪਹਾੜੀ ਨੂੰ ਕੱਟ ਕੇ 150 ਫੁੱਟ ਦੇ ਕਰੀਬ ਉੱਚਾਈ 'ਤੇ ਬਣਾਇਆ ਗਿਆ ਸੀ। ਅਨੰਦਪੁਰ 'ਤੇ ਫ਼ਤਹਿ ਪਾਉਣ ਲਈ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦਾ ਸਭ ਤੋਂ ਵੱਧ ਜ਼ੋਰ ਇਸ ਕਿਲ੍ਹੇ ਨੂੰ ਕਬਜ਼ੇ ਵਿੱਚ ਲੈਣ 'ਤੇ ਹੀ ਲੱਗਾ ਰਿਹਾ। ਪੰਜ ਕਿਲ੍ਹਿਆਂ ਦਾ ਫ਼ਲਸਫ਼ਾ ਦੱਸਦਾ ਹੈ ਕਿ ਕਿਸੇ ਸਿੱਖ ਨੂੰ ਜਿੱਤਣ (ਉਸਦੀ ਆਤਮਿਕ ਅਡੋਲਤਾ

ਤੇ ਸਰੀਰਕ ਨਿਰਮੋਹਤਾ ਨੂੰ ਖ਼ਤਮ ਕਰਨ) ਤੋਂ ਪਹਿਲਾਂ ਵੈਰੀ ਨੂੰ ਉਸਦੇ ਪੰਜ ਗੁਣ ਮੁਕਾਉਣੇ ਪੈਣਗੇ, ਜਿਹੜੇ ਪ੍ਰਤੀਕ ਰੂਪ ਵਿੱਚ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪੰਜ ਕੱਕਿਆ ਵਜੋਂ ਦਿੱਤੇ ਹਨ।

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਣਵਾਏ ਪੰਜ ਕਿਲ੍ਹਿਆਂ ਵਿੱਚੋਂ ਕਿਲ੍ਹਾ ਲੋਹਗੜ੍ਹ ਖ਼ਾਸ ਅਹਿਮੀਅਤ ਰੱਖਦਾ ਸੀ। ਇਹ ਕਿਲ੍ਹਾ ਸਤਲੁਜ ਦਰਿਆ ਦੇ ਕੰਢੇ 'ਤੇ ਸੀ। ਕਿਲ੍ਹਾ ਆਨੰਦਗੜ੍ਹ ਤੋਂ ਬਾਅਦ ਸਭ ਤੋਂ ਸੁਰੱਖਿਅਤ ਤੇ ਮਜ਼ਬੂਤ ਇਹ ਦੂਜਾ ਕਿਲ੍ਹਾ ਸੀ। ਇੱਥੇ ਹੀ ਸਿੱਖ ਫ਼ੌਜਾਂ ਦਾ ਹਥਿਆਰ ਬਣਾਉਣ ਦਾ ਕਾਰਖਾਨਾ ਲੱਗਾ ਹੋਇਆ ਸੀ। ਇਸ ਕਿਲ੍ਹੇ ਦਾ ਦਰਵਾਜ਼ਾ ਬਹੁਤ ਮਜ਼ਬੂਤ ਸੀ, ਜਿਸ ਨੂੰ ਤੋੜਨਾ ਦੁਸ਼ਮਣ ਫ਼ੌਜਾਂ ਲਈ ਵੱਡੀ ਚੁਣੌਤੀ ਸੀ। ਇਸੇ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਪਹਾੜੀ ਫ਼ੌਜਾਂ ਨੇ ਸ਼ਰਾਬ ਪਿਲਾ ਕੇ ਇੱਕ ਮਸਤ ਹਾਥੀ ਨੂੰ ਭੇਜਿਆ ਸੀ, ਜਿਸ ਨੂੰ ਭਾਈ ਬਚਿੱਤਰ ਸਿੰਘ ਨੇ ਨਾਗਣੀ ਬਰਛਾ ਮਾਰ ਕੇ ਮੋੜਿਆ ਸੀ। ਇਹ ਕਿਲ੍ਹਾ ਸਿੱਖ ਫ਼ਲਸਫ਼ੇ ਨੂੰ ਰੂਪਮਾਨ ਕਰਦਾ ਹੈ ਕਿ ਆਪਣੇ ਅਨੰਦਗੜ੍ਹ ਨੂੰ ਕਾਇਮ ਰੱਖਣ ਅਤੇ ਕੇਸਗੜ੍ਹ ਦੀ ਪ੍ਰਭੂਸੱਤਾ ਤੱਕ ਦੁਸ਼ਮਣ ਫ਼ੌਜ ਨੂੰ ਪਹੁੰਚਣ ਤੋਂ ਰੋਕਣ ਲਈ ਸਿੱਖ ਨੇ 'ਸਰਬਲੋਹ ਦੀ ਰਛਿਆ' ਦਾ ਭਰੋਸਾ ਨਹੀਂ ਛੱਡਣਾ। ਸਿੱਖ ਨੇ ਸਰਬਲੋਹ ਨੂੰ 'ਅਕਾਲ' ਦਾ ਪ੍ਰਤੀਕ ਸਮਝ ਕੇ ਅੰਗ-ਸੰਗ ਰੱਖਣਾ ਹੈ।

ਤੀਜੇ ਕਿਲ੍ਹੇ ਹੋਲਗੜ੍ਹ ਦਾ ਫ਼ਲਸਫ਼ਾ ਸਦਾ ਕਿਰਿਆਸ਼ੀਲ ਰਹਿਣ ਦਾ ਸੁਨੇਹਾ ਦਿੰਦਾ ਹੈ। 'ਹੋਲ' ਮੂਲ ਰੂਪ ਵਿੱਚ 'ਹੂਲ' ਸ਼ਬਦ ਤੋਂ ਬਣਿਆ ਹੈ ਜਿਸ ਦਾ ਭਾਵ ਹੈ ਨੇਕ ਅਤੇ ਭਲੇ ਕੰਮ ਲਈ ਜੂਝਣਾ, ਜਾਨ ਤਲੀ 'ਤੇ ਰੱਖਣਾ, ਤਲਵਾਰ ਦੀ ਧਾਰ 'ਤੇ ਚੱਲਣਾ ਆਦਿ। ਸਿੱਖ ਨੇ ਜਿੱਥੇ ਰਾਜਨੀਤਕ ਤੌਰ 'ਤੇ ਸੁਚੇਤ ਹੋ ਕੇ ਜਬਰ-ਜ਼ੁਲਮ ਖਿਲਾਫ਼ ਜੰਗ ਲੜਨੀ ਹੈ, ਉੱਥੇ ਆਤਮਿਕ ਤੌਰ 'ਤੇ ਵੀ ਆਨੰਦ ਦੀ ਸਦੀਵੀਂ ਅਵਸਥਾ ਵਿੱਚ ਬਣੇ ਰਹਿਣ ਲਈ ਬੇਲੋੜੇ ਦੁਨਿਆਵੀ ਪਦਾਰਥਾਂ ਦੇ ਸੁਆਦਾਂ ਤੋਂ ਬਚਣਾ ਹੈ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਹੋਲਗੜ੍ਹ ਦੇ ਸਥਾਨ ਤੋਂ 'ਹੋਲੇ' ਦੀ ਰੀਤ ਆਰੰਭ ਕੀਤੀ।

ਚੌਥਾ ਕਿਲ੍ਹਾ ਫ਼ਤਹਿਗੜ੍ਹ ਸਾਹਿਬ ਆਸ਼ਾਵਾਦੀ ਅਤੇ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਦਿੰਦਾ ਹੈ। ਇਤਿਹਾਸਕਾਰ ਲਿਖਦੇ ਹਨ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਨਾਲ ਸਹੋਟਾ ਪਿੰਡ ਦੀ ਹੱਦਬੰਦੀ ਅੰਦਰ ਚਰਨ ਗੰਗਾ ਨਦੀ ਦੇ ਇੱਕ ਕਿਨਾਰੇ ਇਹ ਕਿਲ੍ਹਾ ਤਾਮੀਰ ਹੋ ਰਿਹਾ ਸੀ ਤਾਂ ਉਸ ਵੇਲੇ ਗੁਰੂ ਮਹਿਲਾਂ ਵਿਖੇ ਸਾਹਿਬਜ਼ਾਦਾ ਫ਼ਤਹਿ ਸਿੰਘ ਦਾ ਜਨਮ ਹੋਇਆ, ਜਿਸ ਕਰਕੇ ਇਸ

ਕਿਲ੍ਹੇ ਦਾ ਨਾਂ ਫ਼ਤਹਿਗੜ੍ਹ ਰੱਖਿਆ ਗਿਆ। ਉਂਜ ਸਿੱਖ ਫ਼ਲਸਫ਼ੇ ਦੀ ਅਗੰਮੀ ਸਥਿਰਤਾ ਤੇ ਬੁਲੰਦੀ 'ਫ਼ਤਹਿ' ਵਿੱਚ ਹੀ ਹੈ।

ਪੰਜਵਾਂ ਕਿਲ੍ਹਾ ਅਨੰਦਪੁਰ ਸਾਹਿਬ ਤੋਂ ਤਕਰੀਬਨ 5 ਕਿਲੋਮੀਟਰ ਦੂਰ ਤਾਰਾਗੜ੍ਹ ਵੀ ਸਿੱਖ ਨੂੰ ਭਗਤੀ-ਸ਼ਕਤੀ ਦੇ ਸੁਮੇਲ ਦੀ ਜਾਚ ਸਿੱਖਣ ਦਾ ਫ਼ਲਸਫ਼ਾ ਦਿੰਦਾ ਹੈ। ਇਸ ਕਿਲ੍ਹੇ ਦਾ ਨਿਰਮਾਣ ਗੁਰੂ ਗੋਬਿੰਦ ਸਿੰਘ ਜੀ ਨੇ ਬਿਲਾਸਪੁਰ ਰਿਆਸਤ ਵਾਲੇ ਪਾਸੇ ਤੋਂ ਹੋਣ ਵਾਲੇ ਹਮਲਿਆਂ ਨੂੰ ਰੋਕਣ ਲਈ ਕੀਤਾ ਸੀ। ਇਸ ਕਿਲ੍ਹੇ ਵਿੱਚ ਅਨੇਕਾਂ ਆਤਮ ਜਗਿਆਸੂ ਬ੍ਰਹਮ ਅਵਸਥਾ ਵਿੱਚ ਲੀਨ ਰਹਿੰਦੇ ਸਨ। ਇਹ ਕਿਲ੍ਹਾ ਸਿੱਖ ਨੂੰ ਸੰਤ-ਸਿਪਾਹੀ ਬਣਨ ਦਾ ਸੰਕਲਪ ਵੀ ਦਿੰਦਾ ਹੈ। ਧੰਨ ਪੁਆਧ ਦੀ ਧਰਤੀ ਜਿੱਥੇ ਇਨ੍ਹਾਂ ਕਿਲ੍ਹਿਆਂ ਦੀ ਉਸਾਰੀ ਹੋਈ।

**ਮੋ. 98780-70008**

●

# ਪੁਆਧ ਦੀ ਹਿੱਕ ’ਤੇ ਉੱਕਰੀ ਸੱਤ ਰਾਤਾਂ ਦੀ ਦਾਸਤਾਨ

**• ਸ਼ਮਸ਼ੇਰ ਸਿੰਘ ਡੂਮੇਵਾਲ**

ਜਦੋਂ ਕਦੇ ਪੁਆਧ ਦੇ ਖਿੱਤੇ ਅੰਦਰ ਦਸਮੇਸ਼ ਪਿਤਾ ਦੀ ਜਗੀਰ ’ਤੇ ਡਾਕਾ ਮਾਰਨ ਵਾਲੀਆਂ ਪੋਹ ਦੀਆਂ ਸੱਤ ਕਕਰੀਲੀਆਂ ਤੇ ਲਹੂ ਨੁੱਚੜਦੀਆਂ ਰਾਤਾਂ ਦਾ ਜ਼ਿਕਰ ਛਿੜਦਾ ਹੈ ਤਾਂ ਤਵਾਰੀਖ ਦਾ ਇਹ ਬੇਦਰਦ ਤੇ ਸੰਗੀਨ ਪੱਖ ਮਾਨਵਤਾ ਨੂੰ ਸ਼ਾਹਰਗ ਤੱਕ ਜ਼ਖ਼ਮੀ ਕਰ ਸੁੱਟਦਾ ਹੈ। ਐਨ ਉਦੋਂ ਜਦੋਂ ਨੀਲੇ ਸ਼ਾਹ ਅਸਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਅਕਾਲ-ਪੁਰਖ ਦੀ ਅਗੰਮੀ ਰਜ਼ਾ ਨੂੰ ਸਜਦਾ ਕਰਦਿਆਂ ਛੇ-ਸੱਤ ਪੋਹ ਦੀ ਦਰਮਿਆਨੀ ਰਾਤ ਦੇ ਆਲਮ ਵਿੱਚ ਕਿਲ੍ਹਾ ਆਨੰਦਗੜ੍ਹ ਨੂੰ ਆਖ਼ਰੀ ਫ਼ਤਹਿ ਬੁਲਾ ਕੇ ਮਾਲਵੇ ਵੱਲ ਨੂੰ ਤੁਰ ਪਏ। ਜ਼ਿੰਦਗੀ ਦੀ ਅਜ਼ੀਮ ਤੇ ਕਠਿਨ ਪ੍ਰੀਖਿਆ ਭਵਿੱਖ ਦੀਆਂ ਸੱਤ ਰਾਤਾਂ ਦੇ ਰੂਪ ਵਿੱਚ ਆਦਮਖੋਰ ਡੈਣ ਵਾਂਗੂੰ ਬਾਹਾਂ ਉਲਾਰ ਖੜ੍ਹੀ ਸੀ। ਗੁਰੂ ਤੇ ਗੁਰੂਕਿਆਂ ਲਈ ਇਸ ਤੋਂ ਪਹਿਲਾਂ ਬੀਤੀਆਂ ਰਾਤਾਂ ਵੀ ਡਾਹਢੀਆਂ ਜ਼ੋਖ਼ਮਸਤ ਹੋ ਨਿੱਬੜੀਆਂ ਸਨ। ਭੁੱਖ, ਪਿਆਸ ਤੇ ਕੜਾਕੇਦਾਰ ਸਰਦੀ ਦਾ ਆਲਮ ਜਿੱਥੇ ਜਿਸਮਾਨੀ ਕਹਿਰ ਵਰਸਾ ਰਿਹਾ ਸੀ, ਉੱਥੇ ਵਫ਼ਾਦਾਰੀ ਵੱਟੇ ਮਿਲੀ ਗ਼ੱਦਾਰੀ ਰੂਹਾਨੀ ਫੱਟ ਬਣ ਕੇ ਰਿਸ ਰਹੀ ਸੀ ਪਰ ਇਸ ਦੇ ਬਾਵਜੂਦ ਮੁਗ਼ਲ ਸਲਤਨਤ ਅਤੇ ਬਾਈਧਾਰ ਦੇ ਪਹਾੜੀ ਰਾਜਿਆਂ ਦੇ ਮੌਕਾਪ੍ਰਸਤ ਗੱਠਜੋੜ ਨਾਲ ਜ਼ਿੰਦਾਦਿਲੀ, ਸਿਦਕ ਤੇ ਸਿਰੜ ਦੀ ਜੰਗ ਲੜਨ ਲਈ ਸਿੰਘਾਂ ਦੇ ਡੌਲੇ ਫਰਕ ਰਹੇ ਸਨ। ਜਦੋਂ ਗੁਰੂ ਜੀ ਤੋਂ ਕਿਲ੍ਹਾ ਛੁਡਵਾਉਣ ਖ਼ਾਤਰ ਇਸ ਗੱਠਜੋੜ ਦੀ ਸਾਜ਼ਿਸ਼ ਕੁਰਾਨ-ਏ-ਪਾਕ ਤੇ ਮੁਕੱਦਸ ਗੀਤਾ ਦੀਆਂ ਕਸਮਾਂ ਤੱਕ ਆ ਪਹੁੰਚੀ ਤਾਂ ਗੁਰੂ ਜੀ ਨੇ ਮਾਤਾ ਗੁਜਰੀ ਜੀ ਦੀਆਂ ਨਸੀਹਤਾਂ ਤੇ ਨੀਤੀਵਾਨ ਸਿੰਘਾਂ ਦੀ ਰਾਇ ਵਿਚਾਰਨ ਉਪਰੰਤ ਕਿਲ੍ਹਾ ਛੱਡਣ ਦਾ ਫ਼ੈਸਲਾ ਤਸਦੀਕ ਕਰ ਦਿੱਤਾ।

ਜ਼ਿੰਦਾਦਿਲੀ, ਵਤਨਪ੍ਰਸਤੀ ਤੇ ਈਮਾਨਪ੍ਰਸਤੀ ਦੇ ਕਾਫ਼ਲੇ ਨਾਲ ਗੁਰੂ ਜੀ ਅਜੇ ਬਹੁਤੀ ਦੂਰ ਨਹੀਂ ਸੀ ਪਹੁੰਚੇ ਕਿ ਕੂੜ, ਫਰੇਬ, ਛੱਲ ਤੇ ਕੱਟੜਪ੍ਰਸਤੀ ਦੀ ਭਰੀ ਗਾਗਰ ਚੌਰਾਹੇ ਫੁੱਟ ਗਈ। ਬੇਅਸੂਲਾ ਗੱਠਜੋੜ ਸਵੈ-ਸਿਰਜਿਆਂ ਕੁਰਾਨ-ਏ-ਪਾਕ ਤੇ ਗੀਤਾ ਦੀਆਂ ਕਸਮਾਂ ਨੂੰ ਸਿਰੋਂ ਕਲਮ ਕਰਕੇ ਤੇ ਕਮੀਨਗੀ ਦੀ ਹੱਦ ਤੋੜ ਕੇ ਗੁਰੂ ਜੀ ਦੇ ਕਾਫ਼ਲੇ ’ਤੇ ਟੁੱਟ ਪਿਆ। ਵਿਸ਼ਵਾਸਘਾਤ ਦੀ

ਹਨ੍ਹੇਰੀ ਝੁੱਲੀ ਪਰ ਪੰਥ ਦੇ ਪਿਤਾ ਦਾ ਉੱਚਾ-ਸੁੱਚਾ ਵਿਸ਼ਵਾਸ ਉਸ ਪਿਤਾ ਨਾਲ ਜੁੜਿਆ ਸੀ, ਜਿਸ ਨੇ ਉਸਨੂੰ ਕਦੇ ਆਪਣਾ ਸੁੱਤ (ਸਪੂਤ) ਕਹਿ ਕੇ ਨਿਵਾਜਿਆ ਸੀ। ਦੁਸ਼ਟਾਂ ਦਾ ਨਾਸ਼ ਕਰਨ ਤੇ ਸੱਚ 'ਤੇ ਪਹਿਰਾ ਦੇਣ ਲਈ ਡਿਊਟੀ ਪਾਬੰਦ ਕੀਤੀ ਸੀ। ਇੱਥੇ ਹੀ ਦੁਸ਼ਟ ਦਮਨ ਪਾਤਸ਼ਾਹ ਦਾ ਉਹ ਤਜਰਬਾ ਵੀ ਪੱਥਰ 'ਤੇ ਲਕੀਰ ਸਾਬਤ ਹੋ ਗਿਆ ਜੋ ਉਨ੍ਹਾਂ ਚੰਦ ਕੁ ਦਿਨ ਪਹਿਲਾਂ ਕਿਲ੍ਹਾ ਛੱਡਣ ਦਾ ਫਰਜ਼ੀ ਪ੍ਰਪੰਚ ਰਚ ਕੇ ਕੀਤਾ ਸੀ।

ਕਾਲੀਆਂ ਰਾਤਾਂ ਵਿੱਚ ਮੌਸਮੀ ਤੇ ਜੰਗਜੂ ਪ੍ਰਸਥਿਤੀਆਂ ਨੂੰ ਘੋੜਿਆਂ ਦੇ ਪੌੜਾਂ ਹੇਠ ਲਿਤਾੜ ਕੇ ਸਰਸਾ ਨਦੀ ਕਿਨਾਰੇ ਅੱਪੜੇ ਸਿੰਘਾਂ ਨੇ ਨਾ ਸਿਰਫ਼ ਦੁਸ਼ਮਣ ਨੂੰ ਲੋਹੇ ਦੇ ਚਣੇ ਚਬਾਏ, ਬਲਕਿ ਧੋਖਾਧੜੀ ਦੀ ਗ੍ਰਿਫ਼ਤ ਵਿੱਚ ਜਕੜੇ ਇਸਲਾਮ ਦੇ ਅਖੌਤੀ ਠੇਕੇਦਾਰਾਂ ਦੇ ਲਹੂ ਦੀਆਂ ਤੇਗ਼ਾਂ ਦੀਆਂ ਬੁੱਲ੍ਹੀਆਂ ਨੂੰ ਕਦੇ ਨਾ ਲੱਥਣ ਵਾਲੀ ਸੁਰਖੀ ਲਗਾ ਕੇ ਸੂਰਮਗਤੀ ਦੀ ਮਿਸਾਲ ਪੈਦਾ ਕੀਤੀ। ਅਫ਼ਸੋਸ! ਅਨੇਕਾਂ ਜਾਂਬਾਜ਼ ਯੋਧਿਆਂ ਨਾਲ ਸਰਸਾ ਦੀਆਂ ਛੱਲਾਂ ਕਲਗੀਧਰ ਦੀ ਕਲਮ 'ਚੋਂ ਉਪਜੀ ਉਸ ਆਲਮੀ ਲੋਅ ਨੂੰ ਵੀ ਖਾਮੋਸ਼ ਕਰ ਗਈਆਂ, ਜਿਸ ਨੇ ਸਦੀਵ ਕਾਲ ਲਈ ਨਸਲਾਂ ਦੇ ਰਾਹ ਰੁਸ਼ਨਾਉਣੇ ਸਨ। ਸਰਸਾ ਦੇ ਰੋੜ੍ਹ ਵਿੱਚ ਗੁਆਚੇ ਗੁਰੂ ਜੀ ਦੇ ਰਚਿਤ ਸਾਹਿਤ ਅਤੇ ਪੁਰਾਤਨ ਗ੍ਰੰਥਾਂ ਜਾਂ ਹੋਰ ਦਸਤਾਵੇਜ਼ਾਂ ਦਾ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ।

ਸਰਸਾ ਕਿਨਾਰੇ ਹੋਏ ਘਮਾਸਾਨ ਯੁੱਧ 'ਚ ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਤਕਸੀਮ ਹੋ ਗਿਆ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਸਣੇ ਸਰਸਾ ਦੇ ਕਿਨਾਰੇ ਤੁਰੇ ਜਾਂਦੇ ਅੰਤ ਗੰਗੂ ਦੇ ਪਿੰਡ ਸਹੇੜੀ ਪੁੱਜ ਗਏ। ਗੁਰੂ ਕੇ ਮਹਿਲ ਭਾਈ ਮਨੀ ਸਿੰਘ ਨਾਲ ਦਿੱਲੀ ਵੱਲ ਰਵਾਨਾ ਹੋ ਗਏ। ਜਦਕਿ ਗੁਰੂ ਸਾਹਿਬ ਖੁਦ ਵੱਡੇ ਸਾਹਿਬਜ਼ਾਦਿਆਂ ਤੇ ਗਿਣਤੀ ਦੇ ਸਿੰਘਾਂ ਸਣੇ ਰੋਪੜ ਵੱਲ ਹੋ ਤੁਰੇ। ਕਵੀ ਨੇ ਲਿਖਿਆ-

ਸਰਸਾ ਕੰਢੇ ਘਮਸਾਨ ਦਾ ਯੁੱਧ ਹੋਇਐ,<br>
ਕਲਗੀ ਕਿਸੇ ਪਾਸੇ ਤੋੜਾ ਕਿਸੇ ਪਾਸੇ।<br>
ਭੇਟਾ ਨਦੀ ਦੇ ਕੀਮਤੀ ਗ੍ਰੰਥ ਹੋ ਗਏ,<br>
ਬਾਜ ਕਿਸੇ ਪਾਸੇ ਘੋੜਾ ਕਿਸੇ ਪਾਸੇ।<br>
ਜਿਹੜਾ ਚਾਵਾਂ ਨਾਲ ਮਹਿਲ ਉਸਾਰਿਆ ਸੀ,<br>
ਇੱਟ ਕਿਸੇ ਪਾਸੇ ਰੋੜਾ ਕਿਸੇ ਪਾਸੇ।

ਕੰਵਲ ਚੰਨ ਤੇ ਸੂਰਜ ਜਹੇ ਪੁੱਤਰਾਂ ਦਾ,
ਜੋੜਾ ਕਿਸੇ ਪਾਸੇ, ਜੋੜਾ ਕਿਸੇ ਪਾਸੇ।

ਰੋਪੜ ਦੀ ਧਰਤੀ 'ਤੇ ਨੀਲੇ ਦੇ ਪੌੜਾਂ ਨਾਲ ਤਪਦਾ ਭੱਠਾ ਸੀਤ ਕਰਨ ਦਾ ਆਲੌਕਿਕ ਜਲਵਾ ਦਿਖਾਉਣ ਤੋਂ ਬਾਅਦ ਨਿਹੰਗ ਖਾਨ ਨੇ ਗੁਰੂ ਜੀ ਨਾਲ ਰੂਹਾਨੀ ਵਫ਼ਾ ਨਿਭਾਉਂਦਿਆਂ ਅੱਲਾ ਦਾ ਸੱਚਾ-ਸੁੱਚਾ ਤੇ ਹਕੀਕੀ ਇਸਲਾਮਪ੍ਰਸਤ ਹੋਣ ਦਾ ਸਬੂਤ ਦਿੱਤਾ। ਉਪਰੰਤ ਗੁਰੂ ਜੀ ਨੇ 22 ਦਸੰਬਰ ਨੂੰ ਸਵੇਰੇ ਵੱਡੇ ਸਾਹਿਬਜ਼ਾਦਿਆਂ ਤੇ 40 ਸਿੰਘਾਂ ਨਾਲ ਚੌਧਰੀ ਰੂਪ ਚੰਦ ਦੀ ਕੱਚੀ ਗੜ੍ਹੀ 'ਚ ਜਾ ਮੋਰਚੇ ਲਾਏ। ਗੜ੍ਹੀ ਦੀਆਂ ਕੰਧਾਂ ਕੱਚੀਆਂ ਸਨ ਪਰ ਸਿੰਘਾਂ ਦੇ ਇਰਾਦੇ ਮਜ਼ਬੂਤ। ਗਿਣਤੀ ਨਾ-ਮਾਤਰ ਸੀ ਪਰ ਸਮਰੱਥਾ ਤੇ ਸੰਕਲਪ ਲੱਖਾਂ ਦਾ ਮੁਕਾਬਲਾ ਕਰਨ ਲਈ ਤਤਪਰ ਸੀ। ਸਿੰਘਾਂ ਦੇ ਚਟਾਨ ਵਰਗੇ ਫੌਲਾਦ ਇਰਾਦਿਆਂ ਦੀ ਤਰਜਮਾਨੀ ਕਰਦਾ ਸੰਤ ਰਾਮ ਉਦਾਸੀ ਲਿਖਦਾ ਹੈ।

'ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ ਜੁਝਾਰ ਅਜੀਤ
ਤੇਰੇ ਟੁਭੀ ਮਾਰ ਕੇ ਸਰਸਾ ਦੇ ਰੋੜ ਵਿੱਚੋਂ,
ਲੱਭ ਲਵਾਂਗੇ ਸਾਰੇ ਹੀ ਗੀਤ ਤੇਰੇ।
ਏਸ ਕੱਚੀ ਚਮਕੌਰ ਦੀ ਗੜ੍ਹੀ ਅੱਗੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ,
ਝੋਰਾ ਕਰੀਂ ਨਾ ਕਿਲ੍ਹੇ ਆਨੰਦਗੜ੍ਹ ਦਾ,
ਕੁੱਲੀ-ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।

ਆਖਿਰ ਉਸ ਘੜੀ ਨੇ ਬਰੂਹਾਂ 'ਤੇ ਆ ਦਸਤਕ ਦਿੱਤੀ, ਜਿਸ ਦਾ ਤੀਬਰ ਇੰਤਜ਼ਾਰ ਗੁਰੂ ਜੀ ਨੂੰ ਲੰਮੇ ਸਮੇਂ ਤੋਂ ਸੀ। ਸ਼ਹੀਦ ਪਿਤਾ ਦੇ ਪੁੱਤਰ ਨੇ ਆਪਣੇ ਪੁੱਤਰਾਂ ਨੂੰ ਲਾੜ੍ਹੀ ਮੌਤ ਮਰਨ ਲਈ ਤੋਰਨ ਮੌਕੇ ਸਿਰਾਂ 'ਤੇ ਹੱਥੀਂ ਕਲਗੀਆਂ ਸਜਾਈਆਂ। ਲਹੂ ਵੀਟਵੀਂ ਜੰਗ ਤੋਂ ਬਾਅਦ ਵੀਰਗਤੀ ਪ੍ਰਾਪਤ ਕਰਨ 'ਤੇ ਖੁਸ਼ੀਆਂ ਦੇ ਜੈਕਾਰੇ ਗਜਾ ਕੇ ਚੜ੍ਹਦੀ ਕਲਾ ਦਾ ਸਬੂਤ ਦਿੱਤਾ। ਚਾਰ ਤੀਰਾਂ ਨਾਲ ਚਾਰ ਚਿੱਠੀਆਂ ਬੰਨ੍ਹ ਚਾਰ ਮੁਗ਼ਲ ਜਰਨੈਲਾਂ ਨੂੰ ਮੌਲਿਕ ਹਸਤੀ ਦਾ ਅਹਿਸਾਸ ਕਰਵਾਉਂਦਿਆਂ ਮੁਗ਼ਲ ਸਲਤਨਤ ਚਾਰੇ ਪਾਵੇ ਹਿਲਾ ਦਿੱਤੇ। ਲੋਕਾਈ ਦੀਆਂ ਚਾਰੇ ਕੂੰਟਾਂ ਗੁਰੂ ਸਤਿਕਾਰ 'ਚ ਝੁਕ ਗਈਆਂ। ਸਿੰਘਾਂ ਨੇ ਗੜ੍ਹੀ ਛੱਡਣ ਦੀ ਨਸੀਹਤ ਦਿੱਤੀ, ਗੁਰੂ ਜੀ ਦੀ ਅਸੂਲਪ੍ਰਸਤੀ ਨੇ ਰੱਦ ਕਰ ਦਿੱਤੀ। ਸਿੰਘਾਂ ਨੇ ਗੜ੍ਹੀ ਛੱਡਣ ਦਾ ਹੁਕਮ ਲਗਾਇਆ, ਗੁਰੂ ਜੀ ਦੇ ਸਿਦਕ

ਨੇ ਸੀਸ ਨਿਭਾ ਕੇ ਸਵੀਕਾਰ ਕਰ ਲਿਆ। 'ਸਵਾ ਲਾਖ ਸੇ ਏਕ ਲੜਾਊਂ' ਦਾ ਕਥਨ ਸੱਚ ਸਾਬਤ ਕਰਨ ਉਪਰੰਤ ਭਾਈ ਸੰਗਤ ਜੀ ਦੇ ਸੀਸ ਕਲਗੀ ਸਜਾ ਕੇ' ਆਪੇ ਗੁਰੂ ਆਪੇ ਚੇਲਾ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾ ਦਿੱਤਾ।

ਕਾਲੀ ਬੋਲ਼ੀ ਰਾਤ ਦੇ ਆਲਮ ਵਿੱਚ ਜੰਗੀ ਅਖਾੜੇ ਨੂੰ ਤਿੰਨ ਵਾਰੀ ਤਾੜੀ ਮਾਰ ਜਦੋਂ ਚੁਣੌਤੀ ਦੇ ਕੇ ਨਿਕਲੇ ਤਾਂ ਮੌਤ ਦੇ ਤਾਂਡਵ ਨਾਚ ਦੇ ਨਿਸ਼ਾਨ ਗੁਰੂ ਜੀ ਦੀਆਂ ਅੱਖਾਂ ਸਾਹਵੇਂ ਝੂੰਮਰ ਪਾਉਣ ਲੱਗੇ। ਪੁੱਤਰਾਂ ਦੀਆਂ ਲਹੂ-ਲਬਰੇਜ਼ ਤੇ ਸਿੰਘਾਂ ਦੀਆਂ ਬਿਨਾਂ ਸਿਰੋਂ ਲਾਸ਼ਾਂ ਨੂੰ ਅੱਖੀਂ ਤੱਕਿਆ ਪਰ ਉਹ ਇਹੋ ਆਖਦੇ ਮਾਛੀਵਾੜੇ ਵੱਲ ਹੋ ਤੁਰੇ।

ਮੈਂ ਨਹੀਂ ਹੋਰ ਬਹਾਰਾਂ ਨੂੰ ਸੜਨ ਦਿੱਤਾ,
ਭਾਵੇਂ ਆਪਣੇ ਬਾਗ ਵੀਰਾਨ ਹੋ ਗਏ।
ਹੱਥੀਂ ਛਾਂ ਕੀਤੀ ਲੱਖਾਂ ਪੁੱਤਰਾਂ ਨੂੰ,
ਮੇਰੇ ਚਾਰੇ ਦੇ ਚਾਰੇ ਕੁਰਬਾਨ ਹੋ ਗਏ।

ਦੂਜੇ ਪਾਸੇ ਸਹੇੜੀ ਪਹੁੰਚੇ ਮਾਤਾ ਗੁਜਰੀ ਜੀ ਤੇ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਨਮਕ ਹਰਾਮ ਹੋਏ ਗੰਗੂ ਬ੍ਰਾਹਮਣ ਨੇ 21 ਸਾਲ ਦੇ ਵਫ਼ਾਦਾਰੀਆਂ ਦੇ ਜ਼ਿਹਨ ਵਿੱਚ ਡੂੰਘਾ ਖੰਜਰ ਖੋਭ ਕੇ ਮੁਗਲ ਹਕੂਮਤ ਕੋਲ ਫੜਾ ਦਿੱਤਾ।

ਕੁੱਲ ਹਿੰਦ ਨੂੰ ਸਰ ਕਰਨ ਤੋਂ ਬਾਅਦ ਸਰਹਿੰਦ ਬਣੀ ਧਰਤੀ 'ਤੇ ਮੁਗਲ ਸਲਤਨਤ ਵੱਲੋਂ ਕੱਟੜਤਾ ਦੇ ਚਿੱਟੇ ਦਿਨ ਕੱਢੇ ਜ਼ਨਾਜੇ 'ਤੇ ਸਬਰ ਹੱਥੋਂ ਜਬਰ ਦੀ ਹੋਈ ਕਰਾਰੀ ਹਾਰ ਅੱਜ ਜਿੱਥੇ ਬੇਨਜ਼ੀਰ ਤੇ ਦਿਲ ਕੰਬਾਊ ਤਵਾਰੀਖ ਦਾ ਅਤੁੱਟ ਅੰਗ ਬਣ ਚੁੱਕੇ ਹਨ, ਉੱਥੇ ਬਾਬਾ ਮੋਤੀ ਰਾਮ ਮਹਿਰਾ ਦਾ ਗੁਰੂਕਿਆਂ ਪ੍ਰਤੀ ਬੇਜੋੜ ਸਨੇਹ, ਦੀਵਾਨ ਟੋਡਰ ਮੱਲ ਦਾ ਸਿਦਕ ਤਤਕਾਲੀ ਸਿਆਸੀ ਪੱਖਾਂ ਤੋਂ ਉੱਚੇ ਉੱਠ ਕੇ ਨਵਾਬ ਸ਼ੇਰ ਮੁਹੰਮਦ ਮਲੇਰਕੋਟਲਾ ਵੱਲੋਂ ਮਾਰਿਆ ਹਾਅ ਦਾ ਨਾਅਰਾ ਤਾਮਾਮ ਕੌਮ ਦੇ ਜ਼ਿਹਨ ਵਿੱਚ ਅੱਜ ਪੀੜ ਉੱਤੇ ਟਕੋਰ ਬਣੇ ਹੋਏ ਹਨ। ਆਨੰਦਗੜ੍ਹ ਸਾਹਿਬ ਤੋਂ ਫ਼ਤਹਿਗੜ੍ਹ ਸਾਹਿਬ ਦੇ ਬਿਖੜੇ ਅਤੇ ਜ਼ੋਖ਼ਮਸਤ ਪੰਧ ਦੀਆਂ ਇਹੋ ਖ਼ੂਨੀ ਸੱਤ ਰਾਤਾਂ ਸਨ, ਜੋ ਸਦੀਵੀ ਕਾਲ ਲਈ ਕੌਮੀ ਮਾਰਗ ਲਈ ਰਾਹ-ਦਸੇਰਾ ਹੋ ਨਿਬੜੀਆਂ।

**ਮੋ. 98723-31999**

●

# ਗੁਰੂ ਸਾਹਿਬਾਨ ਦਾ ਅਨੰਦਪੁਰ ਸਾਹਿਬ ਨਾਲ ਰਿਸ਼ਤਾ

**• ਭਾਈ ਹਰਸਿਮਰਨ ਸਿੰਘ**

ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਵੱਸੇ ਅਨੰਦਪੁਰ ਸਾਹਿਬ ਦੀ ਸਿੱਖ ਪੰਥ ਅਤੇ ਮਾਨਵ ਜਾਤੀ ਨੂੰ ਖੇੜੇ ਭਰਪੂਰ ਆਨੰਦਿਤ ਜੀਵਨ ਦੇਣ ਲਈ ਲੋੜੀਂਦੀ ਸਮਾਜ ਵਿਵਸਥਾ ਸਿਰਜਣ ਦੇ ਸੰਦਰਭ ਵਿੱਚ ਸਿਧਾਂਤਕ ਅਤੇ ਇਤਿਹਾਸਕ ਮਹੱਤਤਾ ਹੈ। ਅਨੰਦਪੁਰ ਸਾਹਿਬ ਦਾ ਨਾਂ ਲੈਂਦਿਆਂ ਹੀ ਇਸ ਸਥਾਨ ਪਿੱਛੇ ਕੰਮ ਕਰ ਰਹੀ 'ਆਨੰਦਾਂ ਦੀ ਪੁਰੀ' ਦਾ ਉਹ ਸਿਧਾਂਤਕ ਬਿੰਬ ਅਤੇ ਫ਼ਲਸਫ਼ਾ ਮਨ ਮਸਤਕ ਵਿੱਚ ਪ੍ਰਗਟ ਹੁੰਦਾ ਹੈ ਜੋ ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੋਈ ਸਿੱਖ ਦਾਰਸ਼ਨਿਕ ਪਰੰਪਰਾ ਦਾ ਇਤਿਹਾਸ ਵਿੱਚ ਮੂਲ ਯਤਨ ਰਿਹਾ ਹੈ। ਅਨੰਦਪੁਰ ਸਾਹਿਬ ਦੀ ਸਥਾਪਨਾ ਗੁਰੂ ਸਾਹਿਬਾਨ ਵੱਲੋਂ ਆਪਣੇ ਜੀਵਨ ਵਿੱਚ ਸਿੱਖ ਧਰਮ ਅਤੇ ਪੰਥ ਦੀ ਪ੍ਰਫੁੱਲਤਾ ਲਈ ਵਸਾਏ ਗਏ ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਅੰਮ੍ਰਿਤਸਰ, ਤਰਨਤਾਰਨ ਅਤੇ ਕੀਰਤਪੁਰ ਸਾਹਿਬ ਨਗਰਾਂ ਦੀ ਸਥਾਪਨਾ ਦੀ ਚਲਾਈ ਗਈ ਲੜੀ ਦਾ ਵੀ ਇੱਕ ਸਿਖ਼ਰ ਹੈ।

ਅਨੰਦਪੁਰ ਸਾਹਿਬ ਦੀ ਨੀਂਹ 19 ਜੂਨ, 1665 ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਵੱਲੋਂ ਭੋਰਾ ਸਾਹਿਬ ਦੇ ਸਥਾਨ 'ਤੇ ਸਮੇਂ ਦੀ ਪਰੰਪਰਾ ਅਨੁਸਾਰ ਮੋੜ੍ਹੀ ਗੱਡ ਕੇ ਰੱਖੀ ਗਈ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਅਨੰਦਪੁਰ ਸਾਹਿਬ ਦੀ ਧਰਤੀ ਨਾਲ ਸਥਾਪਤ ਹੋਇਆ ਡੂੰਘਾ ਰੂਹਾਨੀ, ਸੰਸਾਰਕ, ਜਾਤੀ ਅਤੇ ਇਤਿਹਾਸਕ ਰਿਸ਼ਤਾ ਸਿੱਖ ਪੰਥ ਹੁਣ ਵੀ ਪੂਰੀ ਤਨਦੇਹੀ ਨਾਲ ਨਿਭਾ ਰਿਹਾ ਹੈ। ਕਿਸੇ ਵੀ ਧਰਮ, ਫ਼ਲਸਫ਼ੇ ਅਤੇ ਨਵੀਂ ਜੀਵਨ ਧਾਰਾ ਦੀ ਪ੍ਰਫੁੱਲਤਾ ਵਿੱਚ ਮੁੱਢਲੇ ਦੌਰ 'ਤੇ ਕੇਂਦਰ ਬਣਾਉਣੇ ਪਹਿਲਾ ਮਹੱਤਵਪੂਰਨ ਕਾਰਜ ਹੁੰਦਾ ਹੈ। ਧਰਮਾਂ ਦੇ ਬਾਨੀਆਂ-ਰਹਿਬਰਾਂ ਵੱਲੋਂ ਨਗਰਾਂ ਦੇ ਰੂਪ ਵਿੱਚ ਬਣਾਏ ਜਾਂਦੇ ਅਜਿਹੇ ਕੇਂਦਰ ਉਨ੍ਹਾਂ ਦੇ ਵਿਚਾਰਾਂ ਅਤੇ ਸੁਪਨਿਆਂ ਦਾ ਮੌਲਿਕ ਅਤੇ ਵਿਵਹਾਰਕ ਮਾਡਲ ਹੁੰਦੇ ਹਨ। ਅਜਿਹੇ ਨਗਰ ਵਿਸ਼ੇਸ਼ ਤਰ੍ਹਾਂ ਦੀ ਜੀਵਨ ਜੁਗਤਿ ਅਤੇ ਹੋਰ ਵਿਚਾਰਾਂ ਦਾ ਆਦਰਸ਼ਕ ਰੂਪ ਸਾਹਮਣੇ ਲਿਆਉਂਦੇ ਹਨ। ਇਨ੍ਹਾਂ ਨੂੰ ਵਿਵਹਾਰਕ ਰੂਪ ਦੇਣ ਲਈ ਨਵੇਂ ਸਮਾਜ ਦੀ ਸਿਰਜਣਾ, ਸਮਾਜਿਕ ਰਿਸ਼ਤੇ ਬਣਾਉਣਾ, ਭਾਈਚਾਰਕ ਸਾਂਝ ਪੈਦਾ ਕਰਨ

ਲਈ ਜੀਵਨ ਦੀ ਸਮੁੱਚੀ ਸੁਰੱਖਿਆ ਤੇ ਸਫ਼ਲਤਾ ਹਿੱਤ ਗੰਭੀਰ ਯਤਨ ਕਰਨੇ ਪੈਂਦੇ ਹਨ।

ਗੁਰੂ ਨਾਨਕ ਦੇਵ ਜੀ ਦਾ ਜਨਮ ਪਾਕਿਸਤਾਨ ਵਿੱਚ ਰਾਏ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਖੇ ਹੋਇਆ ਸੀ, ਪਰ ਉਨ੍ਹਾਂ ਨੇ ਆਦਰਸ਼ਕ ਸਮਾਜਿਕ ਰਿਸ਼ਤਿਆਂ ਅਤੇ ਸਫ਼ਲ ਜੀਵਨ ਦਿਸ਼ਾ ਦੇਣ ਵਾਲਾ ਪਹਿਲਾ ਨਗਰ ਕਰਤਾਰਪੁਰ ਵਸਾਇਆ ਸੀ।

ਇਨ੍ਹਾਂ ਹੀ ਲੀਹਾਂ ਉੱਤੇ ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਅੰਮ੍ਰਿਤਸਰ, ਤਰਨ ਤਾਰਨ, ਕੀਰਤਪੁਰ ਸਾਹਿਬ ਅਤੇ ਅਨੰਦਪੁਰ ਸਾਹਿਬ ਨਗਰਾਂ ਦੀ ਸਥਾਪਨਾ ਕੀਤੀ ਗਈ। ਇਸ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਨਾਲ ਗੁਰੂ ਸਾਹਿਬਾਨ ਦੇ ਬਹੁਪਰਤੀ ਰਿਸ਼ਤਿਆਂ ਦੀ ਸਾਂਝ ਅਤੇ ਪੰਥ ਤੇ ਮਨੁੱਖਤਾ ਨੂੰ ਇਨ੍ਹਾਂ ਨਗਰਾਂ ਰਾਹੀਂ ਦਿੱਤਾ ਜਾਣ ਵਾਲਾ ਵਿਸ਼ਵ-ਵਿਆਪੀ ਸੰਦੇਸ਼ ਅਤੇ ਉਸ ਅਨੁਸਾਰ ਹੀ ਪੰਥ ਦਾ ਭਵਿੱਖ ਦਾ ਕਾਰਜ ਏਜੰਡਾ ਉਲੀਕਣਾ ਮਹੱਤਵਪੂਰਨ ਬਣ ਜਾਂਦਾ ਹੈ।

ਸਿੱਖ ਲਹਿਰ ਦੀ ਪ੍ਰਫੁੱਲਤਾ ਲਈ ਮੁੱਖ ਤੌਰ 'ਤੇ ਦੋ ਖੇਤਰ ਮਾਝਾ ਅਤੇ ਸਤਲੁਜ ਦੀ ਬਾਹੀ ਵਿੱਚ ਸਥਿਤ ਕੀਰਤਪੁਰ ਸਾਹਿਬ, ਅਨੰਦਪੁਰ ਸਾਹਿਬ ਰਹੇ ਹਨ। ਮਾਝਾ ਖੇਤਰ ਛੱਡ ਕੇ ਕੀਰਤਪੁਰ ਸਾਹਿਬ ਨੂੰ ਸਿੱਖ ਸਰਗਰਮੀਆਂ ਦਾ ਖੇਤਰ ਬਣਾਉਣਾ ਗੁਰੂ ਹਰਿਗੋਬਿੰਦ ਸਾਹਿਬ ਦਾ ਆਪਣੇ ਆਪ ਵਿੱਚ ਇੱਕ ਸੁਚੇਤ ਫ਼ੈਸਲਾ ਸੀ। ਕੀਰਤਪੁਰ ਸਾਹਿਬ ਨੂੰ ਹੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ ਗੁਰੂ ਹਰਿਰਾਇ ਜੀ, ਗੁਰੂ ਹਰਿਕ੍ਰਿਸ਼ਨ ਜੀ ਅਤੇ ਬਾਬਾ ਗੁਰਦਿੱਤਾ ਜੀ ਨੇ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਈ ਰੱਖਿਆ। ਗੁਰੂ ਤੇਗ਼ ਬਹਾਦਰ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਉਪਰੰਤ 1665 ਵਿੱਚ ਅਨੰਦਪੁਰ ਸਾਹਿਬ ਦੀ ਸਥਾਪਨਾ ਕੀਤੀ ਸੀ।

ਅਨੰਦਪੁਰ ਸਾਹਿਬ ਦੀ ਸਥਾਪਨਾ ਸਿੱਖੀ ਦੇ ਵੱਡੇ ਮਕਸਦਾਂ ਦੀ ਪੂਰਤੀ ਲਈ ਆਪਣੇ ਆਪ ਵਿੱਚ ਇੱਕ ਮੀਲ-ਪੱਥਰ ਸੀ। ਸਮਾਜ ਦੇ ਹਰ ਵਰਗ ਅਤੇ ਕਿੱਤੇ ਨਾਲ ਸਬੰਧਿਤ ਲੋਕਾਂ ਦਾ ਇੱਥੇ ਆ ਕੇ ਵੱਸਣਾ, ਘਰਾਂ ਦੀ ਉਸਾਰੀ, ਬਾਜ਼ਾਰ, ਗਲੀਆਂ, ਧਾਰਮਿਕ ਸਰਗਰਮੀਆਂ ਲਈ ਭੋਰਾ ਸਾਹਿਬ ਸਮੇਤ ਹੋਰ ਸਥਾਨਾਂ ਦੀ ਉਸਾਰੀ, ਸਿੱਖ ਸੰਗਤਾਂ ਦਾ ਅਨੰਦਪੁਰ ਸਾਹਿਬ ਗੁਰੂ ਦਰਸ਼ਨਾਂ ਲਈ ਆਉਣਾ, ਗੁਰੂ ਪਰਿਵਾਰ ਦੇ ਮਹਿਲਾਂ ਅਤੇ ਮਾਤਾ ਗੁਜਰੀ ਜੀ ਦਾ ਆਈ ਸੰਗਤ ਦੀ ਟਹਿਲ ਸੇਵਾ ਕਰਨਾ, ਧਰਮ ਪ੍ਰਚਾਰ ਲਈ ਗੁਰੂ ਸਾਹਿਬ

ਵੱਲੋਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਲੰਮੇ ਪ੍ਰਚਾਰ ਦੌਰਿਆਂ 'ਤੇ ਜਾਣਾ ਆਦਿ ਸਭ ਇੱਥੋਂ ਦੇ ਇਤਿਹਾਸ ਦੇ ਰੌਸ਼ਨ ਪਹਿਲੂ ਹਨ। ਇੱਥੋਂ ਹੀ ਗੁਰੂ ਤੇਗ਼ ਬਹਾਦਰ ਸਾਹਿਬ ਧਰਮ ਹੇਤ ਮਜ਼ਲੂਮਾਂ ਦੀ ਰਾਖੀ ਲਈ ਸ਼ਹਾਦਤ ਪ੍ਰਾਪਤ ਕਰਨ ਵਾਸਤੇ ਦਿੱਲੀ ਗਏ ਸਨ। ਸਿੱਖ ਲਹਿਰ ਨੂੰ ਵਿਸ਼ੇਸ਼ ਦਿਸ਼ਾ ਦੇਣ ਵਾਲਾ ਇਹ ਇਤਿਹਾਸਕ ਘਟਨਾਕ੍ਰਮ ਹੈ। ਉਹ ਕਿਹੋ ਜਿਹਾ ਮੰਜ਼ਰ ਹੋਵੇਗਾ ਜਦੋਂ ਮਾਤਾ ਗੁਜਰੀ ਜੀ, ਬਾਲਕ ਗੋਬਿੰਦ ਰਾਏ ਅਤੇ ਸਿੱਖ ਸੰਗਤ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਧਰਮ ਦੀ ਰਾਖੀ ਲਈ ਅਨੰਦਪੁਰ ਸਾਹਿਬ ਤੋਂ ਵਿਦਾ ਕੀਤਾ ਹੋਵੇਗਾ। ਉਨ੍ਹਾਂ ਦੇ ਸੀਸ ਦਾ ਸਸਕਾਰ ਅਨੰਦਪੁਰ ਸਾਹਿਬ ਵਿਖੇ ਹੀ ਹੋਇਆ ਸੀ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਸਾਹਿਬ ਵਿਖੇ 1666 ਵਿੱਚ ਹੋਇਆ ਸੀ। ਅਨੰਦਪੁਰ ਸਾਹਿਬ ਉਨ੍ਹਾਂ ਦੀ ਕਰਮ ਭੂਮੀ ਸੀ। ਆਪਣੀ ਰਚਨਾ 'ਬਚਿੱਤਰ ਨਾਟਕ' ਵਿੱਚ ਉਹ ਅਨੰਦਪੁਰ ਸਾਹਿਬ ਨੂੰ 'ਮਦ ਦੇਸ਼' ਦੇ ਰੂਪ ਵਿੱਚ ਬਿਆਨ ਕਰਦੇ ਹਨ। ਆਪਣੀ ਇਸ ਰਚਨਾ ਵਿੱਚ ਗੁਰੂ ਸਾਹਿਬ ਦਾ ਇਸ ਸਬੰਧੀ ਉਲੇਖ ਹੈ :

> ਤਹੀ ਪ੍ਰਕਾਸ਼ ਹਮਾਰਾ ਭਯੋ ॥ ਪਟਨਾ ਸ਼ਹਿਰ ਬਿਖੈ ਭਵ ਲਯੋ ॥
> ਮਦ੍ਰ ਦੇਸ਼ ਹਮ ਕੋ ਲੇ ਆਏ।। ਭਾਂਤਿ ਭਾਂਤਿ ਦਾਈਅਨਿ ਦੁਲਰਾਏ ॥
> ਕੀਨੀ ਅਨਿਕ ਭਾਂਤਿ ਤਨ ਰੱਛਾ ॥ ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥
> ਜਬ ਹਮ ਧਰਮ ਕਰਮ ਮੋ ਆਏ।। ਦੇਵ ਲੋਕ ਤਬ ਪਿਤਾ ਸਿਧਾਏ ॥

ਸਪੱਸ਼ਟ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੇ ਬਾਲਕ ਗੋਬਿੰਦ ਰਾਏ ਨੂੰ ਅਨੰਦਪੁਰ ਸਾਹਿਬ ਵਿਖੇ ਹਰ ਪ੍ਰਕਾਰ ਦੀ ਲੋੜੀਂਦੀ ਸਿੱਖਿਆ ਦੇਣ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਸੀ। ਫਿਰ ਜਦੋਂ 'ਧਰਮ ਕਰਮ' ਯਾਨੀ ਮਜ਼ਲੂਮਾਂ ਦੀ ਰਾਖੀ ਲਈ ਨੌਵੇਂ ਗੁਰੂ ਸਾਹਿਬ ਲਈ ਕੁਰਬਾਨੀ ਦੇਣ ਦਾ ਸਮਾਂ ਆਇਆ ਤਾਂ ਉਨ੍ਹਾਂ ਨੂੰ ਅਨੰਦਪੁਰ ਸਾਹਿਬ ਤੋਂ ਖ਼ੁਦ ਬਾਲਕ ਗੋਬਿੰਦ ਰਾਏ ਨੇ ਵਿਦਾ ਕੀਤਾ ਸੀ। ਭੋਰਾ ਸਾਹਿਬ ਦਾ ਸਥਾਨ ਅਤੇ ਅਨੰਦਪੁਰ ਸਾਹਿਬ ਦੀਆਂ ਜੂਹਾਂ ਅੱਜ ਵੀ ਇਸ ਮਹਾਨ ਘਟਨਾ ਦੀ ਗਵਾਹੀ ਭਰਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦਾ ਮਕਸਦ ਇਉਂ ਸਪੱਸ਼ਟ ਕੀਤਾ ਹੈ :

> 'ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
> ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥'

ਜਿਸ ਮਕਸਦ ਦੀ ਪੂਰਤੀ ਲਈ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਸਾਜਿਆ ਗਿਆ ਸੀ, ਉਸਦੀ ਪੂਰਨਤਾ

ਵਿੱਚ ਅਨੰਦਪੁਰ ਸਾਹਿਬ ਦੀ ਇਤਿਹਾਸਕ ਮਹੱਤਤਾ ਅਤੇ ਇਸ ਦੇ ਇਲਾਹੀ ਯੋਗਦਾਨ ਦੇ ਵੱਖ-ਵੱਖ ਪੱਧਰ ਅਤੇ ਨਕਸ਼ ਖ਼ਾਲਸਾ ਪੰਥ ਦੀ ਚੇਤਨਾ ਵਿੱਚ ਹਰ ਪਲ ਵੱਸੇ ਰਹਿੰਦੇ ਹਨ। ਇਸੇ ਲਈ ਅਨੰਦਪੁਰ ਸਾਹਿਬ ਨੂੰ ਸਿੱਖ ਬੌਧਿਕਤਾ, ਵਿਦਵਤਾ ਅਤੇ ਵਕਤ ਦੇ ਵਿਦਵਾਨਾਂ ਦਾ ਕੇਂਦਰ ਬਣਾਉਣਾ ਅਤੇ ਇਸ ਨਗਰ ਨੂੰ 'ਮਾਡਲ ਸਿਟੀ ਸਟੇਟ' ਵਾਂਗ ਵਿਕਸਤ ਕਰਨਾ ਇਸ ਸ਼ਹਿਰ ਦੀ ਰੱਖਿਆ ਲਈ ਅਪਣਾਏ ਗਏ ਯੁੱਧਨੀਤਕ ਪੈਂਤੜੇ, ਪੰਜ ਕਿਲ੍ਹਿਆਂ ਦੀ ਉਸਾਰੀ, ਅਨੰਦਪੁਰ ਸਾਹਿਬ ਨੂੰ ਇੱਕ ਸ਼ਕਤੀਸ਼ਾਲੀ ਵਪਾਰਕ-ਆਰਥਿਕ-ਸਭਿਆਚਾਰਕ-ਰਾਜਨੀਤਿਕ ਅਤੇ ਨਵੀਂ ਕ੍ਰਾਂਤੀ ਦੇ ਕੇਂਦਰ ਵਜੋਂ ਵਿਕਸਿਤ ਕਰਨਾ ਅਤੇ ਇਸ ਸਬੰਧੀ ਤਿਆਰੀ ਲਈ ਹੋਲੇ ਮੁਹੱਲੇ ਦੀ ਪਰੰਪਰਾ ਨੂੰ ਸ਼ੁਰੂ ਕਰਨਾ, ਸਿੱਖੀ ਧਰਮ ਪ੍ਰਚਾਰ ਕੇਂਦਰ ਵਜੋਂ ਸਿੱਖ ਚੇਤਨਾ ਨੂੰ ਤਿਆਰ ਕਰਨਾ, ਖੇੜੇ ਭਰਪੂਰ ਅਨੰਦਿਤ ਜੀਵਨ ਵਿਵਸਥਾ ਸਿਰਜਣ ਲਈ ਅਨੰਦਪੁਰ ਸਾਹਿਬ ਨੂੰ ਸੱਚਮੁੱਚ ਰੂਪ ਵਿੱਚ 'ਆਨੰਦਾਂ ਦੀ ਪੂਰੀ' ਬਣਾਉਣਾ ਅਤੇ ਖ਼ਾਲਸਾ ਪੰਥ ਦੀ ਚੇਤਨਾ ਵਿੱਚ ਅਨੰਦਪੁਰ ਸਾਹਿਬ ਨੂੰ ਨਵੀਂ ਵਿਸਮਾਦੀ ਵਿਸ਼ਵ ਕ੍ਰਾਂਤੀ ਦਾ ਇੱਕ ਆਧਾਰ ਤਿਆਰ ਕਰਨਾ ਆਦਿ ਅਜਿਹੇ ਕਰਮ ਅਤੇ ਜੀਵਨ ਦਿਸ਼ਾਵਾਂ ਹਨ, ਜਿਨ੍ਹਾਂ ਨੂੰ ਖ਼ਾਲਸਾ ਪੰਥ ਨੇ ਆਪਣੇ ਚੇਤੇ ਵਿੱਚ ਵਸਾਇਆ ਹੋਇਆ ਹੈ। ਅਪ੍ਰੈਲ 1999 ਵਿੱਚ ਖ਼ਾਲਸਾ ਪੰਥ ਦੀ ਸਾਜਨਾ ਦੇ 300ਵੇਂ ਵਰ੍ਹੇ ਨੂੰ ਪੰਥ ਨੇ ਪੂਰੇ ਖ਼ਾਲਸਾਈ ਜਲੌਅ ਵਿੱਚ ਮਨਾਇਆ ਸੀ। ਇਸ ਤੋਂ ਪੰਥ ਨੂੰ ਸਿੱਖੀ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਨਵੀਂ ਪ੍ਰੇਰਨਾ ਮਿਲੀ ਸੀ।

'ਅਨੰਦਪੁਰ ਸਾਹਿਬ ਦੇ ਫ਼ਲਸਫ਼ੇ' ਤੋਂ ਨਾ ਕੇਵਲ ਸਿੱਖ ਪੰਥ ਸਗੋਂ ਵਿਸ਼ਵ ਵੀ ਨਵੀਂ ਪ੍ਰੇਰਨਾ ਲੈਂਦਾ ਰਹੇਗਾ। ਇਸ ਨਗਰ ਨੂੰ ਸਥਾਪਤ ਹੋਇਆਂ 350 ਸਾਲਾਂ ਤੋਂ ਵੱਧ ਬੀਤ ਚੁੱਕੇ ਹਨ। ਭਵਿੱਖ ਵਿੱਚ ਹੋਰ ਸਦੀਆਂ ਵੀ ਬੀਤ ਜਾਣਗੀਆਂ, ਪਰ ਇਸ ਨਗਰ ਦਾ ਨਵੀਂ ਵਿਸ਼ਵ ਚੇਤਨਾ ਦਾ ਕੇਂਦਰ ਬਣਨਾ ਜ਼ਰੂਰੀ ਹੈ। ਗੁਰੂ ਸਾਹਿਬਾਨ ਦੇ ਅਨੰਦਪੁਰ ਸਾਹਿਬ ਨਾਲ ਜੁੜੇ ਬਹੁ-ਪਰਤੀ ਰਿਸ਼ਤਿਆਂ ਦਾ ਸੁਨੇਹਾ ਠੀਕ ਪ੍ਰਸੰਗ ਵਿੱਚ ਸਮਝ ਕੇ ਉਸੇ ਅਨੁਸਾਰ ਕਾਰਜ ਕਰਦਿਆਂ ਖ਼ਾਲਸਾ ਪੰਥ ਨੂੰ ਵੀ ਨਵੀਂ ਵਿਸਮਾਦੀ ਵਿਸ਼ਵ ਵਿਵਸਥਾ ਦੀ ਸਥਾਪਨਾ ਲਈ ਵਚਨਬੱਧ ਹੋਣਾ ਪਵੇਗਾ। 'ਆਨੰਦਾਂ ਦੀ ਪੁਰੀ' ਅਖਵਾਉਣ ਦਾ ਮਾਣ ਪੁਆਧ ਦੀ ਧਰਤੀ ਨੂੰ ਨਸੀਬ ਹੋਇਆ।

**ਮੋ. 98725-91713**

# ਅਨੰਦਪੁਰ ਸਾਹਿਬ ਦਾ ਇਤਿਹਾਸਕ ਪਿਛੋਕੜ

**• ਸੁਰਿੰਦਰ ਸਿੰਘ ਰਸੂਲਪੁਰ**

ਅਨੰਦਪੁਰ ਸਾਹਿਬ ਦੀ ਧਰਤੀ, ਜਿੱਥੋਂ ਗੁਰੂ ਸਾਹਿਬਾਨਾਂ ਅਤੇ ਉਨ੍ਹਾਂ ਦੇ ਪਰਿਵਾਰ ਦੀ ਮੁਹੱਬਤ ਭਰੀ ਖ਼ੁਸ਼ਬੂ ਆਉਂਦੀ ਹੈ, ਉੱਥੇ ਹੀ ਇਸ ਧਰਤੀ ਦੀ ਮਿੱਟੀ ਨੇ ਆਪਣੇ ਅੰਦਰ ਸੈਂਕੜੇ ਸ਼ਹੀਦਾਂ ਅਤੇ ਜੁਝਾਰੂਆਂ ਦੇ ਖ਼ੂਨ-ਪਸੀਨੇ ਦੇ ਤੁਪਕੇ ਆਪਣੇ ਵਿੱਚ ਸਮੋ ਰੱਖੇ ਹਨ। ਗੁਰੂ ਤੇਗ਼ ਬਹਾਦਰ ਜੀ ਨੇ 19 ਜੂਨ, 1665 ਈਸਵੀਂ ਸੋਮਵਾਰ ਵਾਲੇ ਦਿਨ ਕਹਿਲੂਰ (ਬਿਲਾਸਪੁਰ) ਰਿਆਸਤ ਦੀ ਮਹਾਰਾਣੀ ਚੰਪਾ ਕੋਲੋਂ ਜ਼ਮੀਨ ਖਰੀਦ ਕੇ ਮਾਖੋਵਾਲ ਦੇ ਥੇਹ ’ਤੇ ਨਵੇਂ ਸਿੱਖ ਨਗਰ ਦੀ ਮੋੜ੍ਹੀ ਬਾਬਾ ਗੁਰਦਿੱਤਾ ਜੀ ਰਾਹੀਂ ਗੱਡੀ। ਇਸ ਨਗਰ ਦਾ ਨਾਂਅ ਆਪਣੀ ਮਾਤਾ ਦੇ ਨਾਂਅ ‘ਚੱਕ ਨਾਨਕੀ’ ਰੱਖਿਆ, ਜਿੱਥੇ ਅੱਜ ਗੁਰਦੁਆਰਾ ਸਾਹਿਬ ‘ਗੁਰੂ ਕੇ ਮਹੱਲ’ ਸੁਸ਼ੋਭਿਤ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 30 ਮਾਰਚ, 1689 ਨੂੰ ਮਹਾਰਾਣੀ ਚੰਪਾ ਤੋਂ ਅਗੰਮਪੁਰ ਅਤੇ ਤਾਰਾਗੜ੍ਹ ਦੀ ਜ਼ਮੀਨ ਖਰੀਦ ਕੇ ਚੱਕ ਨਾਨਕੀ ਦੇ ਨੇੜੇ ਹੀ ਮੌਜੂਦਾ ਕਿਲ੍ਹਾ ਆਨੰਦਗੜ੍ਹ ਵਾਲੀ ਥਾਂ ’ਤੇ ਨਵਾਂ ਨਗਰ ਅਨੰਦਪੁਰ ਸਾਹਿਬ ਸਥਾਪਤ ਕੀਤਾ। ਗੁਰੂ ਸਾਹਿਬਾਨਾਂ ਵੱਲੋਂ ਵਸਾਏ ਗਏ ਦੋਵੇਂ ਨਗਰ ਅੱਜ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਜਾਣੇ ਜਾਂਦੇ ਹਨ। ਇਹ ਇਲਾਕਾ ਜਿੱਥੇ ਭਗਤੀ ਲਈ ਸ਼ਾਂਤ, ਪੁਰਅਮਨ, ਧਾਰਮਿਕ ਅਤੇ ਰੂਹਾਨੀ ਮਾਹੌਲ ਪੈਦਾ ਕਰਦਾ ਸੀ, ਉੱਥੇ ਹੀ ਰਿਆਸਤ ਬਿਲਾਸਪੁਰ ਦੇ ਵੱਡੇ ਪਹਾੜ, ਸਤਲੁਜ ਨਦੀ ਅਤੇ ਚਰਨ ਗੰਗਾ ਸਮੇਤ ਹੋਰ ਅਨੇਕਾਂ ਹੀ ਬਰਸਾਤੀ ਨਾਲੇ ਇਸ ਦੀ ਦੁਸ਼ਮਣ ਤੋਂ ਰੱਖਿਆ ਕਰਦੇ ਸਨ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਦੀਆਂ ਫ਼ੌਜਾਂ ਦਾ ਟਾਕਰਾ ਕਰਨ ਲਈ ਰਣਨੀਤੀ ਤੈਅ ਕੀਤੀ। ਦੂਰਅੰਦੇਸ਼ ਗੁਰੂ ਜੀ ਨੇ ਇਸ ਇਲਾਕੇ ਨੂੰ ਯੋਜਨਾਬੱਧ ਤਰੀਕੇ ਨਾਲ ਕਿਲ੍ਹਾਬੰਦੀ ਕਰਕੇ ਇਸ ਨੂੰ ਦੁਸ਼ਮਣ ਤੋਂ ਮਹਿਫੂਜ਼ ਕਰ ਲਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 42 ਸਾਲਾਂ ਵਿੱਚੋਂ 29 ਸਾਲ ਇਸ ਪਾਵਨ ਧਰਤੀ ’ਤੇ ਬਿਤਾਏ। ਭੰਗਾਣੀ ਦਾ ਯੁੱਧ ਜਿੱਤਣ ਤੋਂ ਬਾਅਦ ਗੁਰੂ ਜੀ ਨੇ 1689 ਈਸਵੀ ਨੂੰ ਚੱਕ ਨਾਨਕੀ ਅਨੰਦਪੁਰ ਸਾਹਿਬ ਦੇ ਦੁਆਲੇ ਆਨੰਦਗੜ੍ਹ, ਲੋਹਗੜ੍ਹ, ਅਗੰਮਗੜ੍ਹ, ਤਾਰਾਗੜ੍ਹ ਅਤੇ ਫ਼ਤਿਹਗੜ੍ਹ ਨਾਂ ਨਾਲ ਜਾਣੇ ਜਾਂਦੇ

ਕਿਲ੍ਹਿਆਂ ਦਾ ਨਿਰਮਾਣ ਕਰਵਾਇਆ। ਇਨ੍ਹਾਂ ਪੰਜਾਂ ਕਿਲ੍ਹਿਆਂ ਤੋਂ ਇਲਾਵਾ ਗੁਰੂ ਸਾਹਿਬ ਨੇ ਇੱਕ ਹੋਰ ਕਿਲ੍ਹਾ 1699 ਨੂੰ ਤਿਆਰ ਕਰਵਾਇਆ।

**ਕਿਲ੍ਹਾ ਅਨੰਦਗੜ੍ਹ** : ਇਹ ਕਿਲ੍ਹਾ ਸਭ ਤੋਂ ਪਹਿਲਾਂ ਤਿਆਰ ਕੀਤਾ ਗਿਆ। ਦੂਜੇ ਕਿਲ੍ਹਿਆਂ ਦਾ ਕੇਂਦਰ ਬਿੰਦੂ ਹੋਣ ਕਰਕੇ ਇੱਥੇ ਸ਼ਸਤਰ ਅਤੇ ਗੋਲੀ-ਸਿੱਕਾ ਹਰ ਸਮੇਂ ਮੌਜੂਦ ਰਹਿੰਦਾ ਸੀ। ਉੱਚੀ ਪਹਾੜੀ 'ਤੇ ਬਣਿਆ ਇਹ ਕਿਲ੍ਹਾ ਦੁਸ਼ਮਣ ਦੀਆਂ ਫ਼ੌਜਾਂ ਲਈ ਘਾਤਕ ਸਿੱਧ ਹੁੰਦਾ ਸੀ। ਇਸ ਦੇ ਇੱਕ ਪਾਸੇ ਸਤਲੁਜ ਨਦੀ ਅਤੇ ਦੂਜੇ ਪਾਸੇ ਵੱਡੇ ਪਹਾੜ ਹੋਣ ਕਰਕੇ ਇਹ ਸਭ ਤੋਂ ਸੁਰੱਖਿਅਤ ਕਿਲ੍ਹਾ ਸਮਝਿਆ ਜਾਂਦਾ ਸੀ। ਕਿਲ੍ਹੇ ਅੰਦਰ ਜੰਗੀ ਸਾਮਾਨ ਤੋਂ ਇਲਾਵਾ ਖਾਣ-ਪੀਣ ਦੀਆਂ ਸਭ ਸਹੂਲਤਾਂ ਉਪਲਬਧ ਸਨ। ਗੁਰੂ ਜੀ ਇਸੇ ਕਿਲ੍ਹੇ ਤੋਂ ਹੀ ਫ਼ੌਜ ਦੀ ਅਗਵਾਈ ਕਰਿਆ ਕਰਦੇ ਸਨ, ਜਦੋਂ 1705 ਈਸਵੀ ਨੂੰ ਗੁਰੂ ਜੀ ਨੇ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਛੱਡਿਆ ਤਾਂ ਉਹ ਇਸ ਕਿਲ੍ਹੇ ਤੋਂ ਹੀ ਕੀਰਤਪੁਰ ਸਾਹਿਬ ਨੂੰ ਰਵਾਨਾ ਹੋਏ ਸਨ। ਗੁਰੂ ਜੀ ਦੇ ਕਿਲ੍ਹਾ ਛੱਡਣ ਤੋਂ ਬਾਅਦ ਮੁਗਲ ਫ਼ੌਜਾਂ ਨੇ ਦੂਜੇ ਕਿਲ੍ਹਿਆਂ ਸਮੇਤ ਇਸ ਨੂੰ ਢਹਿ-ਢੇਰੀ ਕਰ ਦਿੱਤਾ ਸੀ, ਇਹ ਕਿਲ੍ਹਾ ਕੀਰਤਪੁਰ ਸਾਹਿਬ ਤੋਂ ਅਨੰਦਪੁਰ ਸਾਹਿਬ ਨੂੰ ਜਾਂਦਿਆਂ ਸੱਜੇ ਹੱਥ ਪਹਾੜੀ 'ਤੇ ਬਣਿਆ ਹੋਇਆ ਹੈ। ਇਸ ਪਹਾੜੀ ਨੂੰ ਬਰਸਾਤੀ ਪਾਣੀ ਦੇ ਖੁਰਨ ਤੋਂ ਬਚਾਉਣ ਲਈ ਸੀਮਿੰਟ ਅਤੇ ਲੋਹੇ ਦੀ ਮਜ਼ਬੂਤ ਕੰਧ ਬਣਾਈ ਗਈ ਹੈ। ਕਿਲ੍ਹੇ ਅੰਦਰ ਗੁਰੂ ਸਾਹਿਬ ਦੇ ਸਮੇਂ ਦਾ ਇੱਕ ਖੂਹ ਹੈ, ਜਿਸ ਦੀ ਬਾਉਲੀ ਦੀ ਸੇਵਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਕਰਵਾਈ ਸੀ। ਇਸ ਕਿਲ੍ਹੇ ਦੀ ਪਹਿਲੀ ਕਾਰ ਸੇਵਾ 1912 ਵਿੱਚ ਸ਼ੁਰੂ ਕੀਤੀ ਗਈ, ਜੋ 1960 ਤੱਕ ਚੱਲਦੀ ਰਹੀ। ਇਸ ਤੋਂ ਬਾਅਦ ਯਾਤਰੂਆਂ ਦੀ ਸਹੂਲਤ ਲਈ ਵੱਡੀ ਸਰਾਂ, ਲੰਗਰ ਹਾਲ ਅਤੇ ਕਮਰਿਆਂ ਦਾ ਪ੍ਰਬੰਧ ਕੀਤਾ ਗਿਆ। ਇਸ ਕਿਲ੍ਹੇ ਅੰਦਰ ਦਰਸ਼ਨੀ ਦਰਵਾਜ਼ੇ ਤੋਂ ਪੌੜੀਆਂ ਚੜ੍ਹ ਕੇ ਜਾਣਾ ਪੈਂਦਾ ਹੈ, ਪਰ ਕੇਸਗੜ੍ਹ ਸਾਹਿਬ ਵੱਲੋਂ ਆਉਂਦੀ ਪੱਕੀ ਸੜਕ ਰਾਹੀਂ ਵੀ ਇਸ ਕਿਲ੍ਹੇ ਤੱਕ ਪਹੁੰਚਿਆ ਜਾ ਸਕਦਾ ਹੈ। ਇੱਥੇ ਸੁੰਦਰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣ ਕੇ ਤਿਆਰ ਹੋ ਚੁੱਕੀ ਹੈ।

**ਕਿਲ੍ਹਾ ਲੋਹਗੜ੍ਹ ਸਾਹਿਬ** : ਮੁਗਲਾਂ ਦੀ ਫ਼ੌਜ ਦਾ ਟਾਕਰਾ ਕਰਨ ਲਈ ਗੁਰੂ ਜੀ ਨੇ ਇਸ ਥਾਂ 'ਤੇ ਹਥਿਆਰ ਬਣਾਉਣ ਦਾ ਕਾਰਖਾਨਾ ਲਗਾਇਆ ਹੋਇਆ ਸੀ, ਜਿਸ ਕਰਕੇ ਇਸ ਕਿਲ੍ਹੇ ਦੀ ਮਹੱਤਤਾ ਦੂਜੇ ਕਿਲ੍ਹਿਆਂ ਤੋਂ ਜ਼ਿਆਦਾ ਸੀ । ਭਾਈ ਰਾਮ ਸਿੰਘ ਸਿਗਲੀਗਰ ਇਸ ਕਾਰਖਾਨੇ ਦੇ ਇੰਚਾਰਜ

ਸਨ । ਇਸ ਕਿਲ੍ਹੇ ਦਾ ਦਰਵਾਜ਼ਾ ਸਭ ਤੋਂ ਤਕੜਾ ਹੋਣ ਕਰਕੇ ਦੁਸ਼ਮਣ ਦੀਆਂ ਫ਼ੌਜਾਂ ਇਸ 'ਤੇ ਹਮਲਾ ਕਰਨ ਤੋਂ ਝਿਜਕਦੀਆਂ ਸਨ। ਸੰਨ 1700 ਈਸਵੀ ਨੂੰ ਬਿਲਾਸਪੁਰ ਦੇ ਰਾਜਾ ਅਜਮੇਰ ਚੰਦ ਦੇ ਮਾਮੇ ਕੇਸਰੀ ਚੰਦ ਨੇ ਜਦੋਂ ਹਾਥੀ ਨੂੰ ਸ਼ਰਾਬ ਪਿਲਾ ਕੇ ਇਸ ਕਿਲ੍ਹੇ ਦੇ ਦਰਵਾਜ਼ੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਤਾਂ ਇਸ ਸਮੇਂ ਭਾਈ ਬਚਿੱਤਰ ਸਿੰਘ ਨੇ ਗੁਰੂ ਤੋਂ ਆਗਿਆ ਲੈ ਕੇ ਨਾਗਨੀ ਬਰਛੇ ਨਾਲ ਮਦਮਸਤ ਹਾਥੀ 'ਤੇ ਅਜਿਹਾ ਵਾਰ ਕੀਤਾ ਕਿ ਹਾਥੀ ਦਰਦ ਨਾਲ ਚਿੰਘਾਰਦਾ ਹੋਇਆ ਪਿਛਾਂਹ ਵੱਲ ਨੂੰ ਆਪਣੀ ਫ਼ੌਜ ਨੂੰ ਲਿਤਾੜਦਾ ਹੋਇਆ ਭੱਜ ਗਿਆ। ਓਧਰ ਭਾਈ ਬਚਿੱਤਰ ਸਿੰਘ ਦੇ ਭਰਾ ਉਦੈ ਸਿੰਘ ਨੇ ਗੁਰੂ ਜੀ ਤੋਂ ਆਗਿਆ ਮੰਗ ਕੇਸਰੀ ਚੰਦ ਦਾ ਸਿਰ ਕਿਰਪਾਨ ਬਰਛੇ ਨਾਲ ਅਲੱਗ ਕਰ ਦਿੱਤਾ। ਇਸ ਸਮੇਂ ਫ਼ੌਜ ਦੀ ਅਗਵਾਈ ਕਰਦੇ ਹੋਏ ਭਾਈ ਮਨੀ ਸਿੰਘ ਸਖ਼ਤ ਜ਼ਖ਼ਮੀ ਹੋ ਗਏ। ਲੜਾਈ ਵਿੱਚ ਭਾਈ ਮਨੀ ਸਿੰਘ ਦਾ ਚਾਚਾ ਭਾਈ ਆਲਮ ਸਿੰਘ, ਭਾਈ ਮੱਖਣ ਸ਼ਾਹ ਲੁਬਾਣੇ ਦਾ ਸਪੁੱਤਰ ਅਤੇ ਭਾਈ ਸੁੱਖਾ ਸਿੰਘ ਸ਼ਹੀਦ ਹੋ ਗਏ। ਇਸ ਸਥਾਨ 'ਤੇ ਹੁਣ ਗੁਰਦੁਆਰਾ ਲੋਹਗੜ੍ਹ ਸਾਹਿਬ ਸੁਸ਼ੋਭਿਤ ਹੈ, ਜਿਸ ਦੀ ਕਾਰਸੇਵਾ 1985 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਗੁਰਦੁਆਰਾ ਸਾਹਿਬ ਦੀ ਚਾਰਦੀਵਾਰੀ ਕਿਲ੍ਹਾਨੁਮਾ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ।

**ਕਿਲ੍ਹਾ ਤਾਰਾਗੜ੍ਹ ਸਾਹਿਬ** : ਇਹ ਕਿਲ੍ਹਾ ਅਨੰਦਪੁਰ ਸਾਹਿਬ ਤੋਂ ਕਰੀਬ ਪੰਜ ਕਿਲੋਮੀਟਰ ਦੂਰ ਦਸਮੇਸ਼ ਅਕੈਡਮੀ ਸੜਕ 'ਤੇ ਪਿੰਡ ਤਾਰਾਗੜ੍ਹ ਦੀ ਜੂਹ ਵਿੱਚ ਪੈਂਦਾ ਹੈ। ਇਸ ਕਿਲ੍ਹੇ ਦਾ ਮਕਸਦ ਪਹਾੜੀ ਰਜਵਾੜਿਆਂ ਦੇ ਹਮਲਿਆਂ ਨੂੰ ਰੋਕਣਾ ਸੀ। ਇਸ ਕਿਲ੍ਹੇ ਅੰਦਰ ਖ਼ਾਲਸਾ ਫ਼ੌਜ ਦਾ ਜਥਾ ਰਿਹਾ ਕਰਦਾ ਸੀ, ਜਿਸ ਦੀ ਅਗਵਾਈ ਸਾਹਿਬਜ਼ਾਦਾ ਅਜੀਤ ਸਿੰਘ ਕਰਦੇ ਸਨ। 29 ਅਗਸਤ, 1700 ਈਸਵੀ ਨੂੰ ਰਾਜਾ ਅਜਮੇਰ ਚੰਦ ਨੇ ਇੱਥੇ ਪਹਿਲਾ ਹਮਲਾ ਕੀਤਾ। ਸਿੰਘਾਂ ਨੇ ਪਹਾੜੀ ਰਾਜਿਆਂ ਦਾ ਡਟ ਕੇ ਮੁਕਾਬਲਾ ਕੀਤਾ। ਜਦੋਂ ਗੁਰੂ ਜੀ ਨੂੰ ਇਸ ਹਮਲੇ ਬਾਰੇ ਪਤਾ ਚੱਲਿਆ ਤਾਂ ਉਨ੍ਹਾਂ ਭਾਈ ਉਦੈ ਸਿੰਘ ਦੀ ਅਗਵਾਈ ਵਿੱਚ ਸੌ ਸਿੰਘਾਂ ਦਾ ਜਥਾ ਭੇਜਿਆ। ਇਸ ਲੜਾਈ ਵਿੱਚ ਪਹਾੜੀ ਰਾਜਿਆਂ ਦਾ ਆਗੂ ਘੁਮੰਡ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਸਿੱਖ ਫ਼ੌਜ ਵਿੱਚੋਂ ਭਾਈ ਕਲਿਆਣ ਸਿੰਘ, ਭਾਈ ਸੰਗਤ ਸਿੰਘ ਅਤੇ ਭਾਈ ਈਸ਼ਰ ਸਿੰਘ ਸ਼ਹੀਦ ਹੋ ਗਏ। ਇਸ ਲੜਾਈ ਤੋਂ ਬਗ਼ੈਰ ਪਹਾੜੀ ਰਾਜੇ ਸ਼ਿਕਾਰ ਖੇਡਣ ਦੇ ਬਹਾਨੇ ਛੋਟੀਆਂ-ਮੋਟੀਆਂ ਝੜਪਾਂ ਅਕਸਰ ਕਰਦੇ ਰਹਿੰਦੇ ਸਨ। ਇੱਥੇ ਉੱਚੇ

ਥੇਹ 'ਤੇ ਸੁੰਦਰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣ ਚੁੱਕੀ ਹੈ। ਇਸ ਗੁਰਦੁਆਰਾ ਸਾਹਿਬ ਦੇ ਨਾਂ 36 ਏਕੜ ਪੱਥਰਨੁਮਾ ਜ਼ਮੀਨ ਹੈ। ਇਸ ਜ਼ਮੀਨ ਵਿੱਚ ਨਿੰਮ, ਟਾਹਲੀ, ਖੈਰ, ਬਿੱਲ, ਕਿੱਕਰ ਅਤੇ ਹੋਰ ਜੰਗਲੀ ਜੜੀ-ਬੂਟੀਆਂ ਉੱਗੀਆਂ ਹੋਈਆਂ ਹਨ।

**ਕਿਲ੍ਹਾ ਕੇਸਗੜ੍ਹ ਸਾਹਿਬ** : ਇਹ ਸਥਾਨ ਸਿੱਖ ਪੰਥ ਦਾ ਤਖ਼ਤ ਹੋਣ ਦੇ ਨਾਲ-ਨਾਲ ਖ਼ਾਲਸਾ ਪੰਥ ਦੀ ਸਿਰਜਣਾ ਕਰਨ ਵਾਲਾ ਗੁਰੂ ਸਾਹਿਬ ਦਾ ਅਹਿਮ ਕਿਲ੍ਹਾ ਸੀ। ਕੇਸਗੜ੍ਹ ਸਾਹਿਬ ਕਿਲ੍ਹਾ 1699 ਵਿੱਚ ਤਿਆਰ ਹੋਇਆ। ਇੱਥੇ ਪਹਿਲਾਂ ਗੁਰੂ ਜੀ ਦੀਵਾਨ ਸਜਾਇਆ ਕਰਦੇ ਸਨ ਅਤੇ ਸੰਗਤਾਂ ਨੂੰ ਉਪਦੇਸ਼ ਦਿੰਦੇ ਸਨ। ਦੁਸ਼ਮਣ ਦੀਆਂ ਫ਼ੌਜਾਂ ਨੇ 1700 ਈਸਵੀ ਤੋਂ 1705 ਈਸਵੀ ਤੱਕ ਅਨੰਦਪੁਰ ਸਾਹਿਬ ਦੇ ਦੂਜੇ ਕਿਲ੍ਹਿਆਂ 'ਤੇ ਬਹੁਤ ਸਾਰੇ ਹਮਲੇ ਕੀਤੇ, ਪਰ ਕੇਸਗੜ੍ਹ ਸਾਹਿਬ ਅਜਿਹਾ ਸੁਰੱਖਿਅਤ ਕਿਲ੍ਹਾ ਸੀ, ਜਿਸ ਕੋਲ ਪਹੁੰਚਣ ਲਈ ਦੂਜੇ ਕਿਲ੍ਹਿਆਂ ਨੂੰ ਸਰ ਕਰਨਾ ਜ਼ਰੂਰੀ ਸੀ। ਅਨੰਦਪੁਰ ਸਾਹਿਬ ਛੱਡਣ ਤੋਂ ਪਹਿਲਾਂ ਗੁਰੂ ਜੀ ਨੇ ਇਸ ਦੀ ਜ਼ਿੰਮੇਵਾਰੀ ਗੁਰਬਖ਼ਸ਼ ਦਾਸ ਉਦਾਸੀ ਨੂੰ ਸੌਂਪ ਦਿੱਤੀ।

**ਕਿਲ੍ਹਾ ਹੋਲਗੜ੍ਹ ਸਾਹਿਬ** : ਇਹ ਕਿਲ੍ਹਾ ਅਨੰਦਪੁਰ ਸਾਹਿਬ ਤੋਂ ਇੱਕ ਕਿਲੋਮੀਟਰ ਪਿੰਡ ਅਗੰਮਪੁਰ ਵਿੱਚ ਸਥਿਤ ਹੈ, ਜਿਸ ਦਾ ਮਕਸਦ ਹੁਸ਼ਿਆਰਪੁਰ ਅਤੇ ਊਨਾ ਜ਼ਿਲ੍ਹਿਆਂ ਵੱਲੋਂ ਮੁਗਲ ਫ਼ੌਜਾਂ ਦੇ ਹਮਲਿਆਂ ਨੂੰ ਰੋਕਣਾ ਸੀ। ਇੱਕ ਤਵਾਰੀਖ ਅਨੁਸਾਰ ਇਸ ਕਿਲ੍ਹੇ ਨੂੰ ਹੋਲੇ ਮਹੱਲੇ ਨਾਲ ਵੀ ਜੋੜਿਆ ਜਾਂਦਾ ਹੈ। ਹੋਲੀ ਦੇ ਦਿਨਾਂ 'ਚ ਇੱਕ-ਦੂਜੇ 'ਤੇ ਰੰਗ ਸੁੱਟਣ ਨੂੰ ਫ਼ਜ਼ੂਲ ਕਰਾਰ ਦਿੰਦਿਆਂ ਗੁਰੂ ਜੀ ਨੇ 3 ਮਾਰਚ, 1702 ਨੂੰ ਹੋਲਾ ਮਹੱਲਾ ਸ਼ੁਰੂ ਕੀਤਾ। ਚਰਨ ਗੰਗਾ ਦੇ ਖੁੱਲ੍ਹੇ ਮੈਦਾਨ ਵਿੱਚ ਗੁਰੂ ਜੀ ਘੋੜ ਸਵਾਰੀ, ਨੇਜ਼ੇਬਾਜ਼ੀ, ਤਲਵਾਰਬਾਜ਼ੀ, ਗਤਕਾ ਤੇ ਕੁਸ਼ਤੀਆਂ ਦੇ ਮੁਕਾਬਲੇ ਕਰਵਾਉਂਦੇ ਸਨ। ਇਸ ਥਾਂ 'ਤੇ ਹੁਣ ਸੁੰਦਰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਈ ਹੋਈ ਹੈ।

**ਕਿਲ੍ਹਾ ਫਤਿਹਗੜ੍ਹ ਸਾਹਿਬ** : ਗੁਰੂ ਗੋਬਿੰਦ ਸਿੰਘ ਜੀ ਨੇ ਇਹ ਕਿਲ੍ਹਾ ਚੱਕ ਨਾਨਕੀ ਦੀ ਹਿਫਾਜ਼ਤ ਲਈ ਬਣਵਾਇਆ ਸੀ, ਜੋ ਕਿ ਗੰਗੂਵਾਲ-ਗੁਰੂ ਕਾ ਲਾਹੌਰ ਅਤੇ ਨੰਗਲ ਤੋਂ ਮੁਗਲ ਫ਼ੌਜਾਂ ਨੂੰ ਰੋਕਣ ਦਾ ਕੰਮ ਕਰਦਾ ਸੀ। ਇਸ ਕਿਲ੍ਹੇ ਦੇ ਇੰਚਾਰਜ ਭਾਈ ਮਨੀ ਸਿੰਘ ਦਾ ਪੁੱਤਰ ਭਾਈ ਭਗਵਾਨ ਸਿੰਘ ਸੀ। ਜਦੋਂ ਇਸ ਕਿਲ੍ਹੇ ਦੀ ਉਸਾਰੀ ਹੋ ਰਹੀ ਸੀ ਤਾਂ ਸਾਹਿਬਜ਼ਾਦਾ ਫ਼ਤਿਹ ਸਿੰਘ ਦਾ ਜਨਮ ਹੋਇਆ ਸੀ। ਇਸ ਕਰਕੇ ਇਸ ਕਿਲ੍ਹੇ ਦਾ ਨਾਂ ਫ਼ਤਿਹਗੜ੍ਹ

ਰੱਖਿਆ ਗਿਆ ਸੀ। ਦੂਜੇ ਕਿਲ੍ਹਿਆਂ ਦੀ ਤਰ੍ਹਾਂ ਅਜਮੇਰ ਚੰਦ ਨੇ ਇਸ ਕਿਲ੍ਹੇ 'ਤੇ ਵੀ ਹਮਲੇ ਕੀਤੇ। ਇੱਥੇ ਹੁਣ ਗੁਰਦੁਆਰਾ ਸਾਹਿਬ ਦੀ ਇਮਾਰਤ ਬਣ ਚੁੱਕੀ ਹੈ। ਗੁਰੂ ਸਾਹਿਬ ਦੇ ਸਮੇਂ ਦੀ ਗਵਾਹੀ ਭਰਦਾ ਇਤਿਹਾਸਕ ਖੂਹ ਅੱਜ ਵੀ ਗੁਰਦੁਆਰਾ ਸਾਹਿਬ ਲਈ ਪਾਣੀ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ।

ਅੱਜ ਦਾ ਅਨੰਦਪੁਰ ਸਾਹਿਬ ਗੁਰੂ ਸਾਹਿਬ ਸਮੇਂ ਦੇ ਅਨੰਦਪੁਰ ਸਾਹਿਬ ਤੋਂ ਕਾਫ਼ੀ ਭਿੰਨ ਹੈ। ਅਨੰਦਪੁਰ ਸਾਹਿਬ ਇੱਕ ਤਹਿਸੀਲ ਵਜੋਂ ਵਿਕਸਤ ਹੋ ਰਿਹਾ ਹੈ। ਗੁਰੂ ਗੋਬਿੰਦ ਸਿੰਘ ਵੱਲੋਂ ਖ਼ਾਲਸਾ ਸਿਰਜਣਾ ਦੇ 300 ਸਾਲ ਪੂਰੇ ਹੋਣ 'ਤੇ 14 ਅਪ੍ਰੈਲ, 1999 ਦਾ ਦਿਨ ਅਨੰਦਪੁਰ ਸਾਹਿਬ ਦੀ ਤਵਾਰੀਖ ਵਿੱਚ ਇੱਕ ਅਹਿਮ ਯਾਦਗਾਰੀ ਦਿਨ ਹੋ ਨਿਬੜਿਆ। ਇਸ ਸਾਲ ਜਿੱਥੇ ਪੰਜਾਬ ਸਰਕਾਰ ਨੇ ਇਸ ਨਗਰ ਨੂੰ ਅੱਠਵਾਂ ਅਜੂਬਾ ਅਤੇ ਇੱਕੀਵੀਂ ਸਦੀ ਦਾ ਸ਼ਹਿਰ ਬਣਾਉਣ ਦਾ ਐਲਾਨ ਕੀਤਾ, ਉੱਥੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਹੁਤ ਸਾਰੇ ਪ੍ਰੋਗਰਾਮ, ਪ੍ਰਾਜੈਕਟ ਅਤੇ ਸਮਾਗਮ ਕਰਵਾਉਣ ਦਾ ਐਲਾਨ ਕੀਤਾ ਹੈ। ਇੱਥੇ ਬਣਨ ਵਾਲੇ ਖ਼ਾਲਸਾਈ ਵਿਰਸਾ ਕੰਪਲੈਕਸ ਪ੍ਰਾਜੈਕਟ ਵਿਸ਼ਵ ਦਾ ਵਿਲੱਖਣ ਅਤੇ ਲਾਸਾਨੀ ਅਜਾਇਬ ਘਰ ਪ੍ਰਸਿੱਧ ਇਜ਼ਰਾਇਲੀ ਆਰਕੀਟੈਕਟ ਮੋਸੇਸਾਫ ਦੀ (ਬੋਸਟਨ ਅਮਰੀਕਾ) ਨੇ ਤਿਆਰ ਕੀਤਾ ਹੈ।

**ਮੋ. 94173-70699**

●

# ਕੁੰਮੇ ਮਾਸ਼ਕੀ ਦੀ ਝੁੱਗੀ ਦਾ ਇਤਿਹਾਸ

• ਦਲਜੀਤ ਕੌਰ ਦਾਊਂ

ਸਤਿਲੁਜ ਅਤੇ ਸਰਸਾ ਦੇ ਸਾਂਝੇ ਪੱਤਣ 'ਤੇ ਇੱਥੇ ਕੁੰਮੇ ਮਾਸ਼ਕੀ ਦੀ ਝੁੱਗੀ ਸੀ। 'ਭਾਈ ਦੂਨਾ ਸਿੰਘ ਹੰਡੂਰੀਆ' ਆਪਣੀ ਰਚਨਾ "ਸਾਖੀ ਗੁਰੁ ਕੇ ਸੁਤਨ ਕੀ" ਵਿਚ ਇਸ ਤਰ੍ਹਾਂ ਲਿਖਦੇ ਹਨ : "ਕਰਮਚੰਦ ਨਾਂ ਦੇ ਬੇੜੀ ਵਾਲੇ ਕਾਰਕ ਇਕ ਹਿੰਦੂ ਕੁੰਮੇ ਮਲਾਹ ਦੀ ਝੁੱਗੀ ਸੀ। ਇਸ ਨੇ ਤੁਰਕਾਂ ਦੇ ਜਬਰ ਨਾਲ ਆਪਣਾ ਧਰਮ ਬਦਲ ਲਿਆ ਸੀ। ਕੁੰਮੇ ਮਲਾਹ ਤੋਂ ਨਾਮ ਬਦਲ ਕੇ ਕੀਮਾ ਮਲਾਹ ਹੋ ਗਿਆ ਸੀ। ਇਸੇ ਝੁੱਗੀ ਵਿਚ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੇ ਮੁਸਾਫ਼ਰੀ ਦੀ ਪਹਿਲੀ ਰਾਤ ਕੱਟੀ।"

'ਇਕ ਸੱਕਾ ਹਿੰਦੂ ਤਹਿ ਆਹੀ,
ਤੁਰਕ ਜ਼ੋਰ ਤਿਹ ਜਨਮ ਵਟਾ ਹੀ।
ਕੁੰਮੇ ਤੋਂ ਕੀਮਾ ਤਹਿ ਕੀਨਾ,
ਤਿਸ ਹੀ ਕੇ ਗ੍ਰਿਹਿ ਵਾਸਾ ਲੀਨਾ।"

ਕਿਹਾ ਜਾਂਦਾ ਹੈ ਕਿ ਭਾਈ ਦੂਨਾ ਸਿੰਘ ਹੰਡੂਰੀਆ, ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ। ਉਨ੍ਹਾਂ ਨੇ ਲਿਖਿਆ ਹੈ :

ਨੇੜੇ ਹੀ ਕਿਸੇ ਪਿੰਡ ਵਿਚ ਲਛਮੀਂ ਨਾਂ ਦੀ ਬ੍ਰਾਹਣੀ ਰਹਿੰਦੀ ਸੀ। ਉਹ ਆਏ ਗਏ ਮੁਸਾਫ਼ਰਾਂ ਦੀ ਲੰਗਰ ਦੀ ਸੇਵਾ ਕਰਦੀ ਸੀ। ਕੀਮਾ ਰਾਤ ਨੂੰ ਜਾ ਕੇ ਮਾਤਾ ਲੱਛਮੀਂ ਪਾਸੋਂ ਪਰਸ਼ਾਦੇ ਲਿਆਇਆ, ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਛਕਾਏ। ਅਗਲੀ ਸਵੇਰ ਮਾਤਾ ਲੱਛਮੀਂ ਆਪ ਪਰਸ਼ਾਦਾ ਤਿਆਰ ਕਰਕੇ ਲੈ ਆਈ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੇ ਦਰਸ਼ਨ ਕਰਕੇ ਨਿਹਾਲ ਹੋ ਗਈ। ਬੇਨਤੀ ਕਰਕੇ ਮਾਤਾ ਜੀ ਨੂੰ ਆਪਣੇ ਗ੍ਰਿਹਿ ਵਿਖੇ ਵੀ ਲੈ ਗਈ। ਇਸ ਜਗ੍ਹਾ ਅੱਜਕਲ੍ਹ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ ਯਾਦ ਵਜੋਂ ਆਲੀਸ਼ਾਨ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਮਾਤਾ ਲਛਮੀ ਦੇ ਨਾਂ 'ਤੇ ਪਿੰਡ ਚੱਕ ਢੇਰਾ ਕੋਲ ਸੁੰਦਰ ਗੇਟ ਬਣਾਇਆ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਸੇਵਾ ਨਿਭਾਈ ਹੈ। ਕਵੀ ਕਿਸ਼ਨ ਸਿੰਘ ਦੇ ਸ਼ਬਦਾਂ ਵਿਚ :

"ਦੋਇ ਮੋਹਰ ਕੀ ਆਰਸੀ, ਪੰਚ ਚੂੜੀਆਂ ਸਾਥ,
ਤਿਸਹੀ ਬ੍ਰਾਹਮਨੀ ਕੋ ਦਈ, ਜੋ ਪ੍ਰਸਾਦ ਵਹ ਖਵਾਤ।

ਰੁਪਯਾ ਪਾਂਚ ਸੌ ਤਿਸ ਦਯੋ, ਕੀਮਾ ਨਾਮ ਜੋ ਆਹਿ,
ਤਿਨਹੂੰ ਜੋ ਮਸਤਕਿ ਟੇਕ ਕੈ, ਲੀਨਾ ਤਬੈ ਉਠਾਹਿ।"

ਮਾਤਾ ਜੀ ਨੇ ਦੋ ਮੋਹਰਾਂ ਦੀ ਮੁੰਦਰੀ ਤੇ ਪੰਜ ਸੋਨੇ ਦੀਆਂ ਚੂੜੀਆਂ ਬੀਬੀ ਲੱਛਮੀ ਨੂੰ ਅਤੇ ਪੰਜ ਸੌ ਰੁਪਯਾ ਕੀਮੇ ਮਲਾਹ ਨੂੰ ਇਨਾਮ ਵਜੋਂ ਦਿੱਤਾ। ਪਿੰਡ ਚੱਕ ਢੇਰਾ ਰੋਪੜ ਵਿਚ ਪੈਂਦਾ ਹੈ। ਜੋ ਪੁਆਧ ਖੇਤਰ ਵਿਚ ਹੈ।

'ਯਾਦਗਾਰ ਛੰਨ ਬਾਬਾ ਕੁੰਮਾਂ ਮਾਸ਼ਕੀ ਜੀ' ਪਿੰਡ ਚੱਕ ਢੇਰਾ ਵਾਲੇ ਪਵਿੱਤਰ ਅਸਥਾਨ ਦੀ ਖੋਜ ਬਾਬਾ ਸੁਰਿੰਦਰ ਸਿੰਘ ਖ਼ਾਲਸਾ 'ਪਿੰਡ ਖਜੂਰਲਾ' ਵਾਲਿਆਂ ਨੇ ਕੀਤੀ। ਇਸ ਕਾਰਜ ਲਈ ਪਿੰਡ-ਪਿੰਡ ਖੋਜ ਕਰਦਿਆਂ ਕਈ ਸਾਲ ਲੱਗੇ। ਪਿੰਡ-ਪਿੰਡ ਜਾ ਕੇ ਪੁਰਾਤਨ ਇਤਿਹਾਸ ਖੋਜਿਆ ਪਿੰਡਾਂ ਵਿਚ ਲੋਕ ਮੌਖਿਕ ਇਤਿਹਾਸ ਪਿਆ ਹੁੰਦਾ ਹੈ ਜਿਸਨੂੰ ਘੋਖਣਾ ਬਣਦਾ ਹੈ। 1996-97 ਵਿਚ ਖੋਜ ਚਲ ਰਹੀ ਸੀ। ਉਦੋਂ ਇਕ ਪੇਪਰ ਵਿਚ ਆਇਆ ਸੀ ਜੋ ਮੈਂ ਖੁਦ ਵੀ ਪੜ੍ਹਿਆ ਸੀ। ਖੋਜ ਭਰਪੂਰ ਕਿਤਾਬ 2004 ਵਿਚ ਛਪੀ। ਇਸ ਵਿਚ ਪੁਰਾਤਨ ਹਵਾਲਿਆਂ ਸਮੇਤ ਦੱਸਿਆ ਗਿਆ ਹੈ ਕਿ ਇਕ ਖੱਚਰ ਸਮੇਤ ਮਾਤਾ ਜੀ ਤੇ ਦੋਵੇਂ ਸਾਹਿਬਜ਼ਾਦੇ ਅਤੇ ਗੰਗੂ ਨੂੰ ਆਪਣੀ ਬੇੜੀ ਵਿਚ ਬਿਠਾ ਕੇ ਕੁਮਾ ਮਾਸ਼ਕੀ ਸਤਿਲੁਜ ਪਾਰ ਕਰਵਾਕੇ ਆਪਣੇ ਨਾਲ ਲੈ ਆਇਆ। ਮਾਤਾ ਜੀ ਇੱਥੇ ਗੰਗੂ ਨੂੰ ਦੇਖਕੇ ਬਹੁਤ ਖੁਸ਼ ਹੋਏ। ਕਿਉਂਕਿ ਉਹ ਉਨ੍ਹਾਂ ਦਾ 15-20 ਸਾਲਾਂ ਤੋਂ ਰਸੋਈਆ ਚਲਿਆ ਆ ਰਿਹਾ ਸੀ। ਗੰਗੂ ਮਾਤਾ ਜੀ ਨੂੰ ਲੱਭਦਾ-ਲੱਭਦਾ ਕੁੰਮੇ ਮਾਸ਼ਕੀ ਪਾਸ ਹੀ ਆ ਪੁੱਜਾ। ਇਤਿਹਾਸਕਾਰ ਇਹ ਵੀ ਕਹਿੰਦੇ ਹਨ ਕਿ ਗੰਗੂ ਨੂੰ ਮਾਤਾ ਜੀ ਪਾਸ ਇੰਨੇ ਧਨ ਦਾ ਪਹਿਲਾਂ ਹੀ ਪਤਾ ਸੀ। ਪਰ ਕਈ ਇਤਿਹਾਸਕਾਰ ਕਹਿੰਦੇ ਹਨ ਕਿ ਮਾਤਾ ਨੂੰ ਮਿਲਣ ਉਪਰੰਤ ਉਨ੍ਹਾਂ ਪਾਸ ਧਨ ਦੇਖ ਕੇ ਉਸਦੀ ਨੀਅਤ ਬਦਲ ਗਈ।

ਜਦੋਂ ਆਪਣੇ ਵਿਸ਼ਵਾਸਪਾਤਰ ਹੀ ਦੁਸ਼ਮਣ ਬਣ ਜਾਣ ਉਦੋਂ ਇਨਸਾਨ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਸਗੋਂ ਰਸੋਈਆ ਤਾਂ ਰੱਖਿਆ ਹੀ ਉਸ ਇਨਸਾਨ ਨੂੰ ਜਾਂਦਾ ਜੋ ਬਹੁਤ ਨਜ਼ਦੀਕੀ ਅਤੇ ਵਿਸ਼ਵਾਸ ਵਾਲਾ ਹੋਵੇ। ਮਾਤਾ ਜੀ ਨੇ ਗੰਗੂ ਨੂੰ ਕਿਹਾ ਰੋਪੜ ਵੱਲ ਚਲ ਤੇ ਸਾਨੂੰ ਗੁਰੂ ਸਾਹਿਬ ਦੇ ਕਾਫ਼ਲੇ ਨਾਲ ਮਿਲਾ ਦੇ। ਗੰਗੂ ਮਾਤਾ ਜੀ ਪਾਸ ਧੰਨ ਦੌਲਤ ਦੇਖ ਕੇ ਬੇਈਮਾਨ ਹੋ ਗਿਆ ਤੇ ਸੋਚਣ ਲੱਗਾ ਕਿ ਕਿਵੇਂ ਇਹ ਧਨ ਹਾਸਲ ਕੀਤਾ ਜਾਵੇ। ਸੋਚ-ਸੋਚਦਾ ਕਹਿਣ ਲੱਗਾ, "ਮਾਤਾ ਜੀ! ਮੇਰਾ ਪਿੰਡ ਇੱਥੇ ਨੇੜੇ ਹੀ ਹੈ। ਆਪਾਂ ਉੱਥੇ ਚਲਦੇ ਹਾਂ, ਫ਼ੌਜ ਦੇ ਇੱਥੋਂ ਹਟਣ ਤੋਂ ਬਾਅਦ ਮੈਂ ਤੁਹਾਨੂੰ ਗੁਰੂ ਜੀ ਕੋਲ

ਲੈ ਜਾਵਾਂਗਾ।" ਗੰਗੂ ਲੋਭੀ ਮਾਇਆਵਸ ਹੋ ਕੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਆਪਣੇ ਨਾਲ ਲੈ ਕੇ ਚਲ ਪਿਆ।

ਰੋਪੜ ਨੇੜੇ ਆ ਕੇ ਮਾਤਾ ਜੀ ਨੂੰ ਕਹਿਣ ਲੱਗਾ ਰੋਪੜ ਤਾਂ ਮੁਗ਼ਲ ਫ਼ੌਜ ਉੱਤਰੀ ਹੋਈ ਹੈ। ਏਧਰ ਜਾਣਾ ਠੀਕ ਨਹੀਂ ਰਹੇਗਾ। ਜੇਕਰ ਤੁਸੀਂ ਅੱਗੇ ਗਏ ਤਾਂ ਫ਼ੌਜੀ ਸਿਪਾਹੀ ਤੁਹਾਨੂੰ ਫੜ ਲੈਣਗੇ। ਹੁਣ ਤੁਸੀਂ ਹੀ ਦੱਸੋ ਕੀ ਕਰੀਏ ? ਗੰਗੂ ਨਹੀਂ ਸੀ ਚਾਹੁੰਦਾ ਕਿ ਮਾਤਾ ਜੀ ਕੋਟਲਾ ਨਿਹੰਗ ਖਾਂ ਵੱਲ ਕਿਸੇ ਸਿੱਖ ਪਰਿਵਾਰ ਕੋਲ ਜਾਣ ਕਿਉਂਕਿ ਧਨ ਚਰਾਉਣ ਵਿਚ ਫਿਰ ਉਸਦਾ ਦਾਅ ਨਹੀਂ ਸੀ ਲੱਗਣਾ। ਮਾਤਾ ਜੀ ਨੇ ਹਰਖ ਵਿਚ ਆ ਕੇ ਕਿਹਾ :

'ਤਬ ਮਾਤਾ ਬਿਲਖੀ ਭਈ ਜਿਉਂ ਜਾਨਹੁ ਤਿਉ ਕੀਨ,
ਤਬ ਦੁਸ਼ਟਾਤਮ ਯਹ ਕਹੀ, ਮਮ ਗ੍ਰਿਹਿ ਚਲਉ ਪ੍ਰਬੀਨ।

*(ਦੂਨਾ ਸਿੰਘ ਹੰਡੂਰੀਆ)*

ਗੰਗੂ ਮਾਤਾ ਜੀ ਦੇ ਅੱਗੇ-ਅੱਗੇ ਤੁਰਿਆ ਜਾਂਦਾ ਇਸ ਤਾਕ ਵਿਚ ਸੀ ਕਿ ਕਦੋਂ ਮੌਕਾ ਮਿਲੇ ਤੇ ਮੈਂ ਮੁਹਰਾਂ ਤੇ ਧਨ ਦੌਲਤ ਖਿਸਕਾ ਕੇ ਮਾਤਾ ਜੀ ਨੂੰ ਤੇ ਸਾਹਿਬਜ਼ਾਦਿਆਂ ਨੂੰ ਕਿਸੇ ਪਾਸੇ ਛੱਡ ਦੌੜਦਾ ਬਣਾ। ਇਸ ਤਰ੍ਹਾਂ ਚਲਦੇ-ਚਲਦੇ ਸ਼ਾਮ ਪੈ ਗਈ। ਦੋਵੇਂ ਲਾਲ ਮਾਤਾ ਜੀ ਨੂੰ ਪੁੱਛਦੇ, 'ਮਾਂ! ਵੱਡੇ ਵੀਰਾਂ ਪਾਸ ਕਦੋਂ ਪਹੁੰਚਾਂਗੇ। ਉਹ ਸਾਨੂੰ ਛੱਡਕੇ ਕਿੰਨੀ ਦੂਰ ਚਲੇ ਗਏ।' ਮਾਤਾ ਜੀ ਦਿਲਾਸਾ ਦਿੰਦੇ 'ਬੱਸ ਹੁਣ ਪੁੱਜ ਜਾਵਾਂਗੇ ਜਲਦੀ ਹੀ।' ਰੋਪੜ ਮੋਰਿੰਡਾ ਰਾਹ 'ਤੇ ਤੁਰਦੇ-ਤੁਰਦੇ ਬੂਰ ਮਾਜਰਾ ਲੰਘ ਕੇ ਕਾਈਨੌਰ ਪਿੰਡ ਪੁੱਜ ਗਏ। ਕਾਈਨੌਰ ਦੇ ਚੜ੍ਹਦੇ ਪਾਸੇ ਹੀ ਇਕ ਟੋਭਾ, (ਛੱਪੜ) ਸੀ। ਉਸਦੇ ਨਾਲ ਹੀ ਕਿਨਾਰੇ 'ਤੇ ਝਿੜੀ ਸੀ (ਛੋਟਾ ਜੰਗਲ) ਗੰਗੂ ਮਾਤਾ ਜੀ ਨੂੰ ਉੱਥੇ ਬਿਠਾ ਕੇ ਕਹਿਣ ਲੱਗਾ, "ਮੇਰਾ ਪਿੰਡ ਇੱਥੇ ਕੋਲ ਹੀ ਹੈ। ਮੈਂ ਜਾ ਕੇ ਆਸੇ ਪਾਸੇ ਦੇਖਦਾ ਹਾਂ ਕਿ ਕਿਤੇ ਮੁਗ਼ਲ ਫ਼ੌਜਾਂ ਨਾ ਹੋਣ। ਮੁਸਾਫ਼ਰੀ ਦੀ ਦੂਜੀ ਠੰਢੀ ਪੋਹ ਦੀ ਰਾਤ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੇ ਇੱਥੇ ਬਿਨਾਂ ਕਿਸੇ ਟਿਕਾਣੇ, ਮੰਜੇ ਬਿਸਤਰੇ ਤੋਂ ਦਰਖ਼ਤਾਂ ਹੇਠ ਕੱਟੀ। ਇਸਦਾ ਹਵਾਲਾ ਭਾਈ ਬੀਰ ਸਿੰਘ ਬੱਲ ਆਪਣੀ ਪੁਸਤਕ 'ਸਿੰਘ ਸਾਗਰ' ਵਿਚ ਦਿੰਦੇ ਹਨ।

'ਜ਼ੋਰਾਵਰ ਸਿੰਘ ਫਤਿਹ ਸਿੰਘ ਗੁਜਰੀ ਮਾਤਾ ਸਾਥ,
ਕਾਈਨੌਰ ਕੇ ਤੱਲ ਕੇ ਵਸੇ ਏਕ ਪੁਰ ਰਾਤ।

ਕਾਈਨੌਰ ਪਿੰਡ ਵਿਚ ਇਸ ਜਗ੍ਹਾ 'ਤੇ ਹੁਣ ਗੁਰਦੁਆਰਾ ਸੁਸ਼ੋਭਿਤ ਹੈ। ਅਗਲੇ ਦਿਨ ਗੰਗੂ ਮਾਤਾ ਜੀ ਨੂੰ ਆਪਣੇ ਪਿੰਡ ਦੇ ਪੂਰਵ ਵੱਲ ਇਕ ਝਿੜੀ

ਵਿਚ ਲੈ ਗਿਆ। ਇੱਥੇ ਇਕ ਸਾਧੂ ਫ਼ਕੀਰ ਰਹਿੰਦਾ ਸੀ। ਉਸਨੇ ਮਾਤਾ ਜੀ ਦੇ ਦਰਸ਼ਨ ਕੀਤੇ ਤੇ ਪੁੱਛਿਆ, "ਤੁਸੀਂ ਇੱਥੇ ਕਿਵੇਂ ਆਏ ਹੋ।" ਮਾਤਾ ਜੀ ਨੇ ਕਿਹਾ, "ਐਮੇਂ ਹੀ ਆਏ ਹਾਂ।" ਸੋ ਇਸ ਜਗ੍ਹਾ ਗੁਰਦੁਆਰਾ ਐਮੇਂ ਸਾਹਿਬ ਸੁਸ਼ੋਭਿਤ ਹੈ। ਗੰਗੂ ਮਾਤਾ ਜੀ ਨੂੰ ਉੱਥੇ ਬਿਠਾ ਕੇ ਆਪਣੇ ਪਿੰਡ ਸਹੇੜੀ ਚਲਾ ਗਿਆ।

**ਮੋ. 99155-60280**

●

# ਭਲਾਂ ਕਿਸ ਤਰ੍ਹਾਂ ਦਾ ਸੀ ਯੁੱਧ ਚਮਕੌਰ ਦਾ ?

**• ਕਰਮਜੀਤ ਸਿੰਘ**

ਸੰਸਾਰ ਦੀਆਂ ਬੇਜੋੜ, ਬੇਮਿਸਾਲ ਅਤੇ ਅਣਗੌਲੀਆਂ ਜੰਗਾਂ ਵਿੱਚੋਂ ਇੱਕ ਅਤੀ ਮਹੱਤਵਪੂਰਨ ਮਨੁੱਖੀ ਰੂਹਾਂ ਨੂੰ ਗਰਮਾਉਣ ਵਾਲੀ ਅਤੇ ਸੁੱਤੀਆਂ ਕੌਮਾਂ ਨੂੰ ਜਗਾਉਣ ਵਾਲੀ ਜੰਗ ਹੈ– 'ਚਮਕੌਰ ਦੀ ਜੰਗ'। ਇਸ ਜੰਗ ਬਾਰੇ ਮਿਲਣ ਵਾਲੀ ਜਾਣਕਾਰੀ ਦਾ ਅਫ਼ਸੋਸਨਾਕ ਪਹਿਲੂ ਇਹ ਹੈ ਕਿ ਚਮਕੌਰ ਦੀ ਗੜ੍ਹੀ ਦੇ ਬਰਬਾਦ ਹੋ ਚੁੱਕੇ ਖੰਡਰਾਂ ਦਾ ਕੋਈ ਵੀ ਹਿੱਸਾ ਜਾਂ ਕੋਈ ਵੀ ਯਾਦਗਾਰ ਅਸਾਂ ਸਾਂਭ ਕੇ ਨਹੀਂ ਰੱਖੀ ਜਿਸ ਤੋਂ ਪੁਰਾਤਤਵ ਵਿਗਿਆਨੀ, ਪੁਰਾਤਨ ਜੰਗੀ ਵਿੱਦਿਆ ਦੇ ਮਾਹਿਰ ਫ਼ੌਜੀ ਅਫ਼ਸਰ ਅਤੇ ਵਰਤਮਾਨ ਇਤਿਹਾਸਕਾਰ ਆਪਣੀ ਬਲਵਾਨ ਕਲਪਨਾ ਰਾਹੀਂ 300 ਤੋਂ ਵੱਧ ਸਾਲ ਪਹਿਲਾਂ ਹੋਈ ਜੰਗ ਦਾ ਦ੍ਰਿਸ਼ ਤੇ ਆਲੇ–ਦੁਆਲੇ ਦਾ ਮਾਹੌਲ ਸਿਰਜ ਸਕਣ। ਚਮਕੌਰ ਦੀ ਜੰਗ ਇਸ ਗੱਲ ਦਾ ਪ੍ਰਮਾਣ ਹੈ ਕਿ ਖ਼ਾਲਸੇ ਨੇ ਇਤਿਹਾਸ ਸਿਰਜਿਆ ਤਾਂ ਹੈ ਪਰ ਸਾਂਭਿਆ ਨਹੀਂ। ਉਸ ਨੇ ਇਤਿਹਾਸ ਨੂੰ ਹੱਡੀਂ ਹੰਢਾਇਆ ਤਾਂ ਹੈ ਪਰ ਲਿਖਿਆ ਨਹੀਂ।

ਚਮਕੌਰ ਸਾਹਿਬ ਵਿਚ ਜੰਗ ਨਾਲ ਸਬੰਧਿਤ ਸਾਰੀਆਂ ਥਾਵਾਂ (ਜਿੱਥੇ ਹੁਣ ਗੁਰਦੁਆਰੇ ਬਣ ਗਏ ਹਨ) ਦੀ ਭੂਗੋਲਿਕ ਪੁਜ਼ੀਸ਼ਨ, ਮੌਜੂਦਾ ਵਸੋਂ ਅਤੇ ਉਨ੍ਹਾਂ ਦੇ ਸੁਭਾਅ, ਇਲਾਕੇ ਦੀ ਉੱਚੀ ਨੀਵੀਂ ਜ਼ਮੀਨ ਦੀ ਬਣਤਰ ਅਤੇ ਖ਼ਾਸ ਕਰਕੇ ਚਮਕੌਰ ਦੀ ਗੜ੍ਹੀ ਦੇ ਇਰਦ–ਗਿਰਦ ਇਕ ਕਿਲੋਮੀਟਰ ਦੇ ਘੇਰੇ ਦੀ ਜ਼ਮੀਨ ਤੇ ਰੁੱਖਾਂ ਦੇ ਇੱਕ ਭਰਵੇਂ ਵਿਸ਼ਲੇਸ਼ਣ ਤੇ ਸਰਵੇਖਣ ਤੋਂ ਕੁਝ ਅਹਿਮ ਤੱਥ ਹਾਸਲ ਹੁੰਦੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਸਿੱਖ ਯੁੱਧਾਂ ਦੀ ਤਕਨੀਕ ਤੇ ਤਰਕੀਬ ਦੇ ਮਾਹਿਰ ਅਤੇ ਇਤਿਹਾਸਕਾਰ ਜੇ ਚਾਹੁਣ ਤਾਂ ਇਤਿਹਾਸਕ ਪਹਿਲੂ ਤੋਂ ਜੰਗ ਦੇ ਯਾਦਗਾਰੀ ਦ੍ਰਿਸ਼ ਅਜੇ ਵੀ ਸਿਰਜੇ ਜਾ ਸਕਦੇ ਹਨ।

ਚਮਕੌਰ ਦੀ ਗੜ੍ਹੀ ਦੀ ਪੁਜ਼ੀਸ਼ਨ ਨੂੰ ਜੇਕਰ ਧਿਆਨ ਨਾਲ ਵੇਖਿਆ ਜਾਏ ਤਾਂ ਜ਼ਾਹਿਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦਾ ਕਿਲ੍ਹਾ ਛੱਡਣ ਸਮੇਂ ਹੀ ਅਗਲਾ ਉਤਾਰਾ ਚਮਕੌਰ ਵਿਚ ਕਰਨ ਦਾ ਫ਼ੈਸਲਾ ਕਰ ਲਿਆ ਸੀ। ਇਸ ਦੇ ਤਿੰਨ ਵੱਡੇ ਕਾਰਨ ਹੋ ਸਕਦੇ ਹਨ। ਇਕ, ਗੜ੍ਹੀ ਦੀ ਮਜ਼ਬੂਤ ਹਾਲਤ

ਬਾਰੇ ਪਹਿਲਾਂ ਹੀ ਪਤਾ ਹੋਣਾ। ਦੂਜਾ, ਅਨੰਦਪੁਰ ਸਾਹਿਬ ਦੇ ਨੇੜੇ-ਤੇੜੇ ਅਗਲੇ ਮੁਕਾਬਲੇ ਲਈ ਕੋਈ ਹੋਰ ਢੁਕਵੀਂ ਤੇ ਬਦਲਵੀਂ ਥਾਂ ਦਾ ਨਾ ਹੋਣਾ ਅਤੇ ਤੀਜਾ ਸਭ ਤੋਂ ਵੱਡਾ ਕਾਰਨ ਗੜ੍ਹੀ ਦੇ ਮਾਲਕ ਚੌਧਰੀ ਰੂਪ ਚੰਦ ਦਾ ਗੁਰੂ ਸਾਹਿਬ ਦਾ ਸ਼ਰਧਾਲੂ ਹੋਣਾ। ਚੌਧਰੀ ਰੂਪ ਚੰਦ ਦੇ ਵੱਡ ਵਡੇਰੇ ਮਹਿਮੂਦ ਗਜ਼ਨਵੀ ਦੇ ਸਮੇਂ ਰਾਜਸਥਾਨ ਤੋਂ ਇਥੇ ਆਏ ਸਨ। ਰੂਪ ਚੰਦ ਦੀ 8ਵੀਂ, ਨੌਵੀਂ ਪੀੜ੍ਹੀ ਵਿੱਚੋਂ ਹੋਣ ਦਾ ਦਾਅਵਾ ਕਰਨ ਵਾਲੇ ਚੌਧਰੀ ਮਹਿੰਦਰ ਮੁਤਾਬਕ ਰੂਪ ਚੰਦ ਨੈਣਾ ਦੇਵੀ ਦੇ ਦਰਸ਼ਨਾਂ ਨੂੰ ਜਾਂਦਾ ਹੋਇਆ ਅਨੰਦਗੜ੍ਹ ਦੇ ਕਿਲ੍ਹੇ ਵਿਚ ਗੁਰੂ ਸਾਹਿਬ ਕੋਲ ਠਹਿਰਦਾ ਹੀ ਨਹੀਂ ਸੀ, ਸਗੋਂ ਉਨ੍ਹਾਂ ਦੇ ਪਰਿਵਾਰ ਨਾਲ ਵੀ ਗੂੜ੍ਹੇ ਸਬੰਧ ਸਨ। ਹਾਲਾਂਕਿ ਸਿਧਾਂਤ ਰੂਪ ਵਿਚ ਗੁਰੂ ਸਾਹਿਬ ਨੈਣਾ ਦੇਵੀ ਨੂੰ ਮਾਨਤਾ ਨਹੀਂ ਸਨ ਦਿੰਦੇ ਪਰ ਫਿਰ ਵੀ ਉਹ ਕਿਸੇ ਦੀ ਸ਼ਰਧਾ ਵਿਚ ਰੁਕਾਵਟ ਵੀ ਨਹੀਂ ਸਨ ਬਣਦੇ। ਉਹ ਜਾਣਦੇ ਸਨ ਕਿ ਸਦੀਆਂ ਦੇ ਸੰਸਕਾਰ ਛੇਤੀ-ਛੇਤੀ ਨਹੀਂ ਮਿਟਿਆ ਕਰਦੇ। ਇਨ੍ਹਾਂ ਮੁਲਾਕਾਤਾਂ ਵਿਚ ਹੀ ਰੂਪ ਚੰਦ ਗੁਰੂ ਸਾਹਿਬ ਨੂੰ ਚਮਕੌਰ ਵਿਚ ਆਉਣ ਲਈ ਬੇਨਤੀਆਂ ਕਰਦਾ ਰਹਿੰਦਾ ਹੋਏਗਾ। ਇਹ ਵੱਡੀ ਹਕੀਕਤ ਹੈ ਕਿ ਗੁਰੂ ਸਾਹਿਬ ਦੀ ਮੁਸਲਮਾਨ ਹਕੂਮਤ ਵਿਰੁੱਧ ਜਦੋ-ਜਹਿਦ ਲਈ ਚੌਧਰੀ ਰੂਪ ਚੰਦ ਵਰਗਿਆਂ ਦੀ ਹਿੰਦੂ-ਮਾਨਸਿਕਤਾ ਵਿਚ ਇਕ ਸਤਿਕਾਰ ਤੇ ਹਮਦਰਦੀ ਪਈ ਹੋਈ ਸੀ। ਇਸ ਤੋਂ ਇਲਾਵਾ ਚਮਕੌਰ ਵਿਚ ਰਣਜੀਤਗੜ੍ਹ ਗੁਰਦੁਆਰੇ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਕਿਸੇ ਸਮੇਂ ਸਿੰਘਾਂ ਦੀ ਮੁਗਲਾਂ ਦੇ ਦਸਤੇ ਨਾਲ ਇੱਥੇ ਝੜਪ ਹੋਈ ਸੀ। ਇਨ੍ਹਾਂ ਸਿੰਘਾਂ ਨੇ ਗੁਰੂ ਸਾਹਿਬ ਨੂੰ ਚਮਕੌਰ ਦੀ ਗੜ੍ਹੀ ਦੀ ਹਾਲਤ ਬਾਰੇ ਜ਼ਰੂਰ ਦੱਸਿਆ ਹੋਏਗਾ। ਚੌਧਰੀ ਰੂਪ ਚੰਦ ਇਕ ਤਕੜਾ ਜ਼ਿਮੀਦਾਰ ਸੀ ਅਤੇ ਸ਼ਾਇਦ 60-65 ਪਿੰਡਾਂ ਦੀ ਉਸ ਕੋਲ ਜਗੀਰ ਵੀ ਸੀ।

'ਸਹਿਜੇ ਰਚਿਓ ਖ਼ਾਲਸਾ' ਦੇ ਲੇਖਕ ਹਰਿੰਦਰ ਸਿੰਘ ਮਹਿਬੂਬ, ਜਿਨ੍ਹਾਂ ਨੇ ਚਮਕੌਰ ਦੀ ਧਰਤੀ ਦੇ ਇਰਦ-ਗਿਰਦ ਇਲਾਕੇ ਦਾ ਚੱਪਾ-ਚੱਪਾ ਛਾਣ ਮਾਰਿਆ ਹੈ ਅਤੇ ਜਿਨ੍ਹਾਂ ਨੇ ਆਪਣੀ ਛਪੀ ਪੁਸਤਕ 'ਇਲਾਹੀ ਨਦਰ ਦੇ ਪੈਂਡੇ' ਵਿਚ ਇਸ ਜੰਗ ਦਾ ਵਿਸਥਾਰ ਸਹਿਤ ਜ਼ਿਕਰ ਵੀ ਕੀਤਾ ਹੈ, ਉਨ੍ਹਾਂ ਮੁਤਾਬਕ 1960-62 ਤੱਕ ਇਸ ਗੜ੍ਹੀ ਦਾ ਇਕ ਹਿੱਸਾ ਚੁਬਾਰੇ ਦੀ ਸ਼ਕਲ ਵਿੱਚ ਬਚਿਆ ਹੋਇਆ ਸੀ ਜਿਸ ਨੂੰ ਵਿੰਗੀਆਂ ਟੇਢੀਆਂ ਪੌੜੀਆਂ ਚੜ੍ਹਦੀਆਂ ਸਨ। ਉਨ੍ਹਾਂ ਦਾ ਸਹੁਰਾ ਪਿੰਡ ਨੇੜੇ ਹੋਣ ਕਾਰਨ ਉਹ ਕਈ ਵਾਰ ਇਸ ਗੜ੍ਹੀ ਦੇ ਚੁਬਾਰੇ ਵਿਚ ਘੰਟਿਆਂ-ਬੱਧੀ ਬੈਠੇ ਰਹਿੰਦੇ ਸਨ। ਉਨ੍ਹਾਂ ਨੂੰ ਇਉਂ ਲੱਗਦਾ ਹੈ

ਜਿਵੇਂ ਗੁਰੂ ਸਾਹਿਬ ਇਸੇ ਹੀ ਥਾਂ ਤੋਂ ਜੰਗ ਦੀ ਅਗਵਾਈ ਕਰ ਰਹੇ ਹੋਣਗੇ। ਮਹਿਬੂਬ ਸਾਹਿਬ ਇਹ ਵੀ ਦੱਸਦੇ ਹਨ ਕਿ ਗੜ੍ਹੀ ਦੇ ਅੰਦਰ ਘੋੜਿਆਂ ਦੇ ਤਬੇਲੇ ਦਾ ਹੋਣਾ ਵੀ ਜਾਪਦਾ ਸੀ। ਚੌਧਰੀ ਰੂਪ ਚੰਦ ਦੀ ਹੀ ਬਰਾਦਰੀ ਦੇ ਇਕ ਹੋਰ ਬਜ਼ੁਰਗ ਨਸੀਬ ਚੰਦ (ਉਮਰ ਕਰੀਬ 70 ਸਾਲ) ਨੇ ਉਹ ਥਾਂ ਦਿਖਾਈ ਹੈ ਜਿੱਥੇ ਉਨ੍ਹਾਂ ਨੇ 50-55 ਸਾਲ ਪਹਿਲਾਂ ਗੜ੍ਹੀ ਦੇ ਖੰਡਰ ਦੀ ਬਚੀ ਖੁਚੀ ਬਾਹਰਲੀ ਦੀਵਾਰ ਦਾ ਇੱਕ ਹਿੱਸਾ ਦੇਖਿਆ ਸੀ ਜੋ ਉਨ੍ਹਾਂ ਮੁਤਾਬਿਕ 15 ਫੁੱਟ ਲੰਮਾ ਸੀ, ਪੰਜ ਫੁੱਟ ਚੌੜਾ ਤੇ 16 ਫੁੱਟ ਉੱਚਾ ਸੀ। ਉਸ ਸਮੇਂ ਤੱਕ ਦੀਵਾਰ ਦਾ ਇਹੋ ਹਿੱਸਾ ਹੀ ਬਚਿਆ ਰਹਿ ਗਿਆ ਸੀ। ਕਾਰ ਸੇਵਾ ਵਾਲੇ ਬਾਬਿਆਂ ਨਾਲ ਸੰਪਰਕ ਨਹੀਂ ਹੋ ਸਕਿਆ, ਕਿਉਂਕਿ ਉਹ ਵੀ ਇਹ ਅਹਿਮ ਜਾਣਕਾਰੀ ਦੇ ਸਕਦੇ ਹਨ ਕਿ ਗੁਰਦੁਆਰੇ ਦੀ ਉਸਾਰੀ ਸਮੇਂ ਗੜ੍ਹੀ ਦਾ ਕੋਈ ਹਿੱਸਾ ਜੇ ਮੌਜੂਦ ਸੀ ਤਾਂ ਉਸ ਦੀ ਹਾਲਤ ਅਤੇ ਬਣਤਰ ਕਿਸ ਤਰ੍ਹਾਂ ਦੀ ਸੀ। ਸ਼੍ਰੋਮਣੀ ਕਮੇਟੀ ਇਸ ਇਤਿਹਾਸਕ ਕਾਰਜ ਨੂੰ ਆਪਣੇ ਹੱਥ ਵਿਚ ਲੈ ਸਕਦੀ ਹੈ।

ਸਿੱਖ ਰਵਾਇਤਾਂ ਵਿਚ ਬੈਠੀ ਇਹ ਧਾਰਨਾ ਹਕੀਕਤਾਂ ਨਾਲ ਮੇਲ ਨਹੀਂ ਖਾਂਦੀ ਜਾਪਦੀ ਕਿ ਰੂਪ ਚੰਦ ਦੇ ਦੂਜੇ ਭਰਾ (ਜੋ ਗਰੀਬੂ ਜਾਂ ਹੋਰ ਕੋਈ ਹੈ) ਨੇ ਗੁਰੂ ਸਾਹਿਬ ਨੂੰ ਗੜ੍ਹੀ ਦਾ ਕਬਜ਼ਾ ਦੇਣ ਤੋਂ ਪਹਿਲਾਂ ਨਾਂਹ ਕੀਤੀ ਤੇ ਫਿਰ 40 ਮੋਹਰਾਂ ਲੈ ਕੇ ਕਬਜ਼ਾ ਦਿੱਤਾ। ਏਨੀ ਵੱਡੀ ਮਲਕੀਅਤ ਦੇ ਮਾਲਕ ਨੇ 40 ਮੋਹਰਾਂ ਲੈ ਕੇ ਕਬਜ਼ਾ ਦਿੱਤਾ ਹੋਏਗਾ, ਹਾਸੋਹੀਣੀ ਗੱਲ ਜਾਪਦੀ ਹੈ। ਪਰ ਇਹ ਹੋ ਸਕਦਾ ਹੈ ਕਿ ਇਸ ਭਰਾ ਨੇ ਮੁਗਲ ਫ਼ੌਜਾਂ ਦੇ ਜ਼ੁਲਮ ਦੇ ਡਰੋਂ ਗੜ੍ਹੀ ਗੁਰੂ ਸਾਹਿਬ ਦੇ ਹਵਾਲੇ ਕਰਨ ਤੋਂ ਝਿਜਕ ਦਿਖਾਈ ਹੋਏਗੀ।

ਜਿਸ ਥਾਂ 'ਤੇ ਇਸ ਸਮੇਂ ਗੁਰਦੁਆਰਾ ਗੜ੍ਹੀ ਸਾਹਿਬ ਮੌਜੂਦ ਹੈ, ਉਹ ਥਾਂ ਦੀ ਪਹਿਲੀ ਚਾਰਦੀਵਾਰੀ ਅਸਲ ਵਿਚ ਚੌਧਰੀ ਰੂਪ ਚੰਦ ਦੀ ਰਿਹਾਇਸ਼ ਹੋਏਗੀ ਅਤੇ ਜਿੱਥੇ ਇਸ ਗੁਰਦੁਆਰੇ ਦੀ ਦੂਜੀ ਚਾਰਦੀਵਾਰੀ ਇਸ ਸਮੇਂ ਬਣੀ ਹੋਈ ਹੈ, ਉਸ ਥਾਂ ਤੋਂ ਹੋਰ 10-15 ਫੁੱਟ ਬਾਹਰਵਾਰ ਉਸ ਸਮੇਂ ਗੜ੍ਹੀ ਦੀ ਚਾਰਦੀਵਾਰੀ ਸੀ। ਇਹ ਜਾਣਕਾਰੀ ਪਿੰਡ ਦੇ ਪੁਰਾਣੇ ਬਜ਼ੁਰਗਾਂ ਮੁਤਾਬਿਕ ਹੈ। ਇਹ ਥਾਂ ਕਰੀਬ-ਕਰੀਬ ਦੋ ਏਕੜ ਬਣਦੀ ਹੈ। ਫ਼ੌਜੀ ਸੂਤਰਾਂ ਮੁਤਾਬਿਕ ਜੇ ਉਹ ਮਜ਼ਬੂਤ ਹਵੇਲੀ ਹੈ ਤਾਂ ਇਸ ਹਵੇਲੀ ਦਾ ਏਨਾ ਰਕਬਾ ਜ਼ਰੂਰ ਹੋਣਾ ਚਾਹੀਦਾ ਹੈ। ਇਨ੍ਹਾਂ ਸੂਤਰਾਂ ਮੁਤਾਬਿਕ ਇਹ ਦੋ-ਮੰਜ਼ਿਲਾ ਇਮਾਰਤ ਸੀ ਅਤੇ ਦੂਜੀ ਮੰਜ਼ਿਲ 'ਤੇ ਅਜਿਹੀ ਕੋਈ ਸੁਰੱਖਿਅਤ ਥਾਂ ਜ਼ਰੂਰ ਹੋਏਗੀ ਜਿਹੜੀ

ਗੜ੍ਹੀ ਦੇ ਮਾਲਕ ਨੇ ਆਲੇ-ਦੁਆਲੇ ਦੀ ਸਥਿਤੀ 'ਤੇ ਪੂਰੀ ਨਿਗਾਹ ਰੱਖਣ ਲਈ ਨਿਸ਼ਚਿਤ ਕੀਤੀ ਹੋਏਗੀ। ਹੁਣ ਇਹ ਸਪਸ਼ਟ ਹੈ ਕਿ ਇਸੇ ਹੀ ਥਾਂ 'ਤੇ ਗੁਰੂ ਗੋਬਿੰਦ ਸਿੰਘ ਮੁਗਲ ਫ਼ੌਜਾਂ ਦੀ ਪਲ-ਪਲ ਦੀ ਹਾਲਤ ਉੱਤੇ ਨਿਗ੍ਹਾ ਰੱਖ ਰਹੇ ਹੋਣਗੇ ਅਤੇ ਇੱਥੋਂ ਹੀ ਉਹ ਤੀਰਾਂ ਦੀ ਬਾਰਿਸ਼ ਕਰ ਰਹੇ ਹੋਣਗੇ।

ਇਸ ਥਾਂ ਦਾ ਸਰਵੇਖਣ ਕਰਨ ਵਾਲੇ ਆਰਕੀਟੈਕਟ ਸ੍ਰੀ ਅਮਰਜੀਤ ਸਿੰਘ ਮੁਤਾਬਿਕ ਇਸ ਗੜ੍ਹੀ ਦੀ ਦੂਜੀ ਮੰਜ਼ਿਲ ਜ਼ਮੀਨ ਤੋਂ ਕਰੀਬ 80 ਫੁੱਟ ਦੀ ਉਚਾਈ 'ਤੇ ਹੈ। ਦੂਜੇ ਪਾਸੇ ਫ਼ੌਜੀ ਮਾਮਲਿਆਂ ਦੇ ਉੱਘੇ ਪੱਤਰਕਾਰ ਕਰਨਲ ਪ੍ਰੀਤਮ ਸਿੰਘ ਭੁੱਲਰ ਨੇ ਦੱਸਿਆ ਕਿ ਗੜ੍ਹੀ ਏਨੀ ਉਚਾਈ ਉੱਤੇ ਹੋਣ ਦਾ ਮਤਲਬ ਹੈ ਕਿ ਫ਼ੌਜ ਘੱਟੋ-ਘੱਟ ਗੜ੍ਹੀ ਤੋਂ ਤਿੰਨ ਫਰਲਾਂਗ ਪਰ੍ਹੇ ਤਾਇਨਾਤ ਹੋਏਗੀ। ਜੇ ਜ਼ਮੀਨ ਰੇਤਲੇ ਟਿੱਬਿਆਂ ਵਾਲੀ ਹੈ ਤਾਂ ਮੁਗਲ ਫ਼ੌਜ ਨੇ ਟਿੱਬਿਆਂ ਦੀ ਓਟ ਲੈ ਕੇ ਮੋਰਚੇ ਬਣਾਏ ਹੋਣਗੇ। ਹੁਣ ਵੀ ਜੇਕਰ ਤੁਸੀਂ ਗੁਰਦੁਆਰੇ ਦੇ ਗੁੰਬਦ ਦੇ ਹੇਠਾਂ ਬੁਰਜੀਆਂ 'ਤੇ ਖੜ੍ਹੋ ਕੇ ਨਜ਼ਰ ਮਾਰੋ ਤਾਂ ਤੁਹਾਨੂੰ ਚਮਕੌਰ ਦੇ ਚਾਰੇ ਪਾਸੇ ਨਜ਼ਰ ਆਉਣਗੇ। ਪਰ ਜਾਪਦਾ ਹੈ ਜਿਸ ਪੱਛਮੀ ਬਾਹੀ ਵੱਲ ਗੁਰਦੁਆਰਾ ਤਾੜੀ ਸਾਹਿਬ ਹੈ, ਉਸ ਥਾਂ 'ਤੇ ਝਾੜੀਆਂ ਤੇ ਰੁੱਖਾਂ ਦੇ ਝੁੰਡ ਸਨ ਤੇ ਮੁਗਲ ਜਰਨੈਲ ਖਵਾਜਾ ਮਰਦੂਦ ਨੇ ਉਸੇ ਹੀ ਥਾਂ 'ਤੇ ਫ਼ੌਜ ਦਾ ਇਕ ਹਿੱਸਾ ਤਾਇਨਾਤ ਕੀਤਾ ਸੀ। ਹਰਿੰਦਰ ਸਿੰਘ ਮਹਿਬੂਬ ਦਾ ਦਾਅਵਾ ਹੈ ਕਿ 1960-62 ਵਿਚ ਜੋ ਚਮਕੌਰ ਦੇ ਆਲੇ ਦੁਆਲੇ ਦੀ ਹਾਲਤ ਸੀ, ਉਹੋ ਹਾਲਤ 22 ਦਸੰਬਰ 1704 ਈ. ਨੂੰ ਸੀ।

ਕਰਨਲ ਪ੍ਰੀਤਮ ਸਿੰਘ ਭੁੱਲਰ ਦਾ ਕਹਿਣਾ ਹੈ ਕਿ ਉਸ ਸਮੇਂ ਤੋੜੇਦਾਰ ਬੰਦੂਕਾਂ ਸਨ ਜਿਨ੍ਹਾਂ ਦੀ ਮਾਰ 100 ਗਜ਼ ਤੋਂ ਪਰ੍ਹੇ ਨਹੀਂ ਸੀ ਹੁੰਦੀ। ਇਸ ਲੜਾਈ ਵਿਚ ਤੋਪ ਦੀ ਵਰਤੋਂ ਨਹੀਂ ਹੋਈ, ਕਿਉਂਕਿ ਇਕ ਤਾਂ ਮੁਗਲ ਫ਼ੌਜ ਗੁਰੂ ਗੋਬਿੰਦ ਸਿੰਘ ਨੂੰ ਜਿਉਂਦਿਆਂ ਹੀ ਫੜਨਾ ਚਾਹੁੰਦੀ ਸੀ ਅਤੇ ਦੂਜਾ, ਸਰਸਾ ਨਦੀ ਤੋਂ ਪਿੱਛੋਂ ਗੁਰੂ ਸਾਹਿਬ ਦੀ ਮੌਜੂਦਗੀ ਬਾਰੇ ਸਹੀ-ਸਹੀ ਜਾਣਕਾਰੀ ਨਾ ਮਿਲਣ ਕਾਰਨ ਮੁਗਲ ਫ਼ੌਜ ਦੀ ਤੋਪ ਚਮਕੌਰ ਵਿਚ ਏਨੀ ਛੇਤੀ ਨਹੀਂ ਪਹੁੰਚ ਸਕਦੀ। ਤੀਜਾ, ਸਮਾਂ ਬਹੁਤ ਹੀ ਥੋੜ੍ਹਾ ਸੀ ਅਤੇ ਫ਼ੌਜ ਬਹੁਤ ਹੌਲੀ ਹੌਲੀ ਕੂਚ ਕਰ ਰਹੀ ਸੀ, ਕਿਉਂਕਿ ਰਾਹ ਵਿਚ ਸਿੰਘਾਂ ਵੱਲੋਂ ਅਚਨਚੇਤ ਘਾਤ ਲਾ ਕੇ ਹਮਲਾ ਕਰਨ ਦਾ ਡਰ ਹਰ ਪਾਸਿਓਂ ਸੀ। ਇਸ ਲਈ ਕੁਲ ਮਿਲਾਕੇ ਮੁਗਲ ਫ਼ੌਜ ਨੂੰ ਬਹੁਤੀ ਕਾਹਲ ਨਹੀਂ ਸੀ, ਇਸ ਲਈ ਉਹ ਲੜਾਈ ਲਮਕਾਉਣ ਦੀ ਵੀ ਰਣਨੀਤੀ ਅਖਤਿਆਰ ਕਰ ਰਹੇ ਹੋਣਗੇ।

ਸਾਫ਼ ਜ਼ਾਹਿਰ ਹੈ ਕਿ ਗੜ੍ਹੀ ਦੇ ਅੰਦਰ ਹਥਿਆਰਾਂ ਦੀ ਕਮੀ ਸੀ ਤੇ ਗਿਣਤੀ ਵਿਚ ਵੀ 40 ਕੁ ਸਿੰਘ ਹੀ ਸਨ। ਇਸ ਲਈ ਲੜਾਈ ਬਹੁਤਾ ਲਮਕ ਵੀ ਨਹੀਂ ਸੀ ਸਕਦੀ। ਲਮਕ ਜਾਣ ਵਿਚ ਖ਼ਤਰੇ ਬਹੁਤੇ ਸਨ। ਸੋ 30 ਤੋਂ ਉਪਰ ਸਿੰਘਾਂ ਦੀ ਸ਼ਹੀਦੀ ਪਿੱਛੋਂ ਖ਼ਾਲਸੇ ਨੇ ਗੁਰਮਤਾ ਸੋਧ ਕੇ ਗੁਰੂ ਸਾਹਿਬ ਨੂੰ ਗੜ੍ਹੀ ਛੱਡ ਜਾਣ ਦੀ ਬੇਨਤੀ ਕੀਤੀ ਅਤੇ ਬੇਨਤੀ ਨਾ ਮੰਨਣ 'ਤੇ ਖ਼ਾਲਸੇ ਨੇ ਹੁਕਮਨਾਮਾ ਜਾਰੀ ਕਰ ਦਿੱਤਾ। ਇਹ ਤਰਕ ਮੰਨਣ ਦੇ ਆਧਾਰ ਮੌਜੂਦ ਹਨ ਕਿ ਗੁਰੂ ਸਾਹਿਬ ਭੇਸ ਬਦਲ ਕੇ ਗੜ੍ਹੀ ਵਿੱਚੋਂ ਨਿਕਲੇ। ਉਨ੍ਹਾਂ ਨੇ ਭੇਸ ਬਦਲ ਕੇ ਮੁਗਲ ਫ਼ੌਜੀਆਂ ਦੀ ਵਰਦੀ ਪਾ ਲਈ ਅਤੇ ਭਾਈ ਦਇਆ ਸਿੰਘ ਤੇ ਮਾਨ ਸਿੰਘ ਨੇ ਵੀ ਇੰਜ ਹੀ ਕੀਤਾ ਤਾਂ ਜੋ ਮੁਗਲ ਫ਼ੌਜਾਂ ਨੂੰ ਕਿਸੇ ਕਿਸਮ ਦਾ ਸ਼ੱਕ ਨਾ ਪੈਦਾ ਹੋਏ। ਇਹ ਵਰਦੀਆਂ ਖ਼ਾਲਸੇ ਕੋਲ ਪਹਿਲਾਂ ਵੀ ਮੌਜੂਦ ਹੋ ਸਕਦੀਆਂ ਹਨ ਅਤੇ ਮ੍ਰਿਤਕ ਮੁਗਲ ਸਿਪਾਹੀਆਂ ਦੀਆਂ ਵੀ ਲਾਹੀਆਂ ਜਾ ਸਕਦੀਆਂ ਹਨ। ਇਤਿਹਾਸ ਇਸ ਬਾਰੇ ਸਪਸ਼ਟ ਨਹੀਂ। ਇਕ ਮਿਥੀ ਯੋਜਨਾ ਅਨੁਸਾਰ ਗੁਰੂ ਸਾਹਿਬ ਅੱਧੀ ਰਾਤ ਤੋਂ ਪਿੱਛੋਂ ਗੜ੍ਹੀ ਵਿੱਚੋਂ ਨਿਕਲੇ ਜਦੋਂ ਅਸਮਾਨ ਵਿਚ ਚੰਨ ਪੂਰੀ ਤਰ੍ਹਾਂ ਛੁਪ ਚੁੱਕਾ ਸੀ। ਹੁਣ ਵੀ ਤੁਸੀਂ ਦੇਖੋਗੇ ਕਿ ਚੰਨ ਅੱਧੀ ਰਾਤ ਤੋਂ ਪਿੱਛੋਂ ਛਿਪ ਜਾਂਦਾ ਹੈ। ਘੁੱਪ ਹਨ੍ਹੇਰੇ ਵਿਚ ਗੁਰੂ ਸਾਹਿਬ ਪੱਛਮੀ ਬਾਹੀ ਵਾਲੇ ਪਾਸੇ ਜਾਂਦੇ ਹਨ ਅਤੇ ਉਨ੍ਹਾਂ ਤੋਂ ਥੋੜ੍ਹੇ ਫ਼ਾਸਲੇ 'ਤੇ ਹੀ ਭਾਈ ਦਇਆ ਸਿੰਘ ਤੇ ਭਾਈ ਮਾਨ ਸਿੰਘ ਉਨ੍ਹਾਂ ਦੇ ਪਿੱਛੇ-ਪਿੱਛੇ ਆ ਰਹੇ ਹਨ ਤਾਂ ਜੋ ਜੇ ਸ਼ੱਕ ਦੀ ਸੂਰਤ ਵਿੱਚ ਮੁਗਲ ਫ਼ੌਜ ਗੁਰੂ ਸਾਹਿਬ ਦੀ ਸ਼ਨਾਖ਼ਤ ਬਾਰੇ ਪੁੱਛਗਿੱਛ ਕਰਦੀ ਹੈ ਤਾਂ ਇਹ ਸਿੰਘ ਉਸ ਹਾਲਤ ਵਿਚ ਸਥਿਤੀ ਮੁਤਾਬਿਕ ਕੋਈ ਵੀ ਐਕਸ਼ਨ ਕਰਨਗੇ। ਜਿਥੇ ਅੱਜਕੱਲ੍ਹ ਤਾੜੀ ਸਾਹਿਬ ਗੁਰਦੁਆਰਾ ਹੈ, ਉੱਥੇ ਗੁਰੂ ਜੀ 'ਖ਼ਾਲਸੇ ਦਾ ਗੁਰੂ ਜਾ ਰਿਹਾ ਹੈ' ਜਾਂ ਕੁਝ ਲਿਖਤਾਂ ਵਿਚ 'ਹਿੰਦ ਦਾ ਪੀਰ ਜਾ ਰਿਹਾ ਹੈ' ਉੱਚੀ ਆਵਾਜ਼ ਵਿਚ ਕਹਿ ਕੇ ਦੂਰ ਨਿਕਲ ਜਾਂਦੇ ਹਨ।

ਕੀ ਏਨੇ ਵੱਡੇ ਘੇਰੇ ਵਿੱਚੋਂ ਨਿਕਲ ਸਕਣ ਦੀ ਗੁੰਜਾਇਸ਼ ਹੈ? ਇਸ ਸਵਾਲ ਦਾ ਜਵਾਬ ਕਰਨਲ ਪ੍ਰੀਤਮ ਸਿੰਘ ਭੁੱਲਰ ਦਿੰਦੇ ਹਨ ਕਿ ਹਾਂ, ਬਿਲਕੁਲ ਗੁੰਜਾਇਸ਼ ਹੈ। ਨਿਕਲ ਸਕਣ ਦੀ ਸੰਭਾਵਨਾ ਹਰ ਸਮੇਂ ਬਣੀ ਰਹਿੰਦੀ ਹੈ ਅਤੇ ਇਹ ਅੱਜ ਵੀ ਜਦੋਂ ਨਿਗਰਾਨੀ ਏਨੀ ਤਕੜੀ ਹੋਣ ਦੇ ਸਾਧਨ ਮੌਜੂਦ ਹਨ, ਨਿਕਲਣ ਵਾਲੇ ਬਚ ਕੇ ਨਿਕਲ ਜਾਂਦੇ ਹਨ। ਸਪਸ਼ਟ ਹੈ ਕਿ ਤਾੜੀ ਮਾਰਨ 'ਤੇ ਰੌਲਾ ਪੈ ਗਿਆ ਅਤੇ ਦਇਆ ਸਿੰਘ ਤੇ ਮਾਨ ਸਿੰਘ ਨੂੰ ਵੀ ਨਹੀਂ ਪਤਾ ਕਿ ਉਸ ਭੱਗਦੜ ਵਿਚ ਗੁਰੂ ਸਾਹਿਬ ਕਿਹੜੇ ਪਾਸੇ ਵੱਲ ਗਏ ਹੋਣਗੇ। ਸ੍ਰੀ

ਹਰਿੰਦਰ ਸਿੰਘ ਮਹਿਬੂਬ ਮੁਤਾਬਿਕ ਗੁਰੂ ਸਾਹਿਬ ਤੀਜੇ ਦਿਨ ਭਾਈ ਦਇਆ ਸਿੰਘ ਤੇ ਭਾਈ ਮਾਨ ਸਿੰਘ ਨੂੰ ਮਾਛੀਵਾੜੇ ਦੇ ਜੰਗਲ ਵਿਚ ਮਿਲਦੇ ਹਨ।

ਜੰਗ ਦਾ ਦਿਨ 22 ਦਸੰਬਰ ਦਾ ਹੈ। ਗੁਰੂ ਸਾਹਿਬ 21 ਦਸੰਬਰ ਦੀ ਸਵੇਰ ਨੂੰ ਚਮਕੌਰ ਵਿਚ ਅੰਬਾਂ ਦੇ ਦਰੱਖਤਾਂ ਹੇਠ ਉਤਾਰਾ ਕਰਦੇ ਹਨ ਜਿਥੇ ਅੱਜ ਕੱਲ੍ਹ ਗੁਰਦੁਆਰਾ ਦਮਦਮਾ ਸਾਹਿਬ ਹੈ। ਇਸ ਧਾਰਨਾ ਵਿਚ ਕੋਈ ਸੱਚਾਈ ਨਹੀਂ ਕਿ ਸਰਸਾ ਨਦੀ ਪਾਰ ਕਰਨ ਪਿੱਛੋਂ ਗੁਰੂ ਸਾਹਿਬ ਦੇ ਪਿੱਛੇ ਮੁਗਲ ਫ਼ੌਜਾਂ ਵਾਹੋ-ਦਾਹੀ ਭੱਜੀਆਂ ਆ ਰਹੀਆਂ ਸਨ। ਅਸਲ ਵਿੱਚ ਗੁਰੂ ਸਾਹਿਬ ਦੇ ਚਮਕੌਰ ਵਿਚ ਪੁੱਜ ਜਾਣ ਦੀ ਖ਼ਬਰ ਸੂਹੀਆਂ ਨੂੰ 6-7 ਘੰਟੇ ਦੇਰ ਨਾਲ ਮਿਲੀ। ਇਸੇ ਲਈ ਗੁਰੂ ਸਾਹਿਬ ਦੇ ਗੜ੍ਹੀ ਵਿਚ ਦਾਖਲ ਹੋਣ ਪਿੱਛੋਂ ਹੀ 21 ਦਸੰਬਰ ਦੀ ਸ਼ਾਮ ਨੂੰ ਫ਼ੌਜ ਚਮਕੌਰ ਵਿਚ ਪਹੁੰਚ ਸਕਦੀ ਹੈ ਅਤੇ 21 ਦਸੰਬਰ ਦੀ ਰਾਤ ਨੂੰ ਕੋਈ ਲੜਾਈ ਨਹੀਂ ਹੋਈ। ਲੜਾਈ ਵੈਸੇ ਵੀ ਰਾਤ ਨੂੰ ਬੰਦ ਹੋ ਜਾਂਦੀ ਹੈ ਅਤੇ ਦੋਵੇਂ ਧਿਰਾਂ ਨੇ ਰਾਤ ਨੂੰ ਸਾਰੀ ਸਥਿਤੀ ਦਾ ਪੂਰਾ ਜਾਇਜ਼ਾ ਲੈਣ ਮਗਰੋਂ ਮੋਰਚੇ ਸੰਭਾਲੇ ਹੋਣਗੇ।

ਲੜਾਈ ਕਿਵੇਂ ਹੋਈ ? ਇਹ ਲੜਾਈ ਤਲਵਾਰਾਂ ਨਾਲ ਹੀ ਹੋਈ। ਮੁਗਲ ਫ਼ੌਜ ਲਈ ਨੀਵੀਂ ਥਾਂ 'ਤੇ ਹੋਣ ਕਾਰਨ ਗੜ੍ਹੀ ਦੇ ਅੰਦਰ ਦਾਖਲ ਹੋਣਾ ਏਨਾ ਆਸਾਨ ਨਹੀਂ ਸੀ। ਇਸ ਲਈ ਲੜਾਈ ਦਾ ਮੈਦਾਨ ਉਹ ਥਾਂ ਹੀ ਬਣਦੀ ਹੈ ਜਿੱਥੇ ਗੁਰਦੁਆਰਾ ਕਤਲਗੜ੍ਹ ਸਾਹਿਬ ਹੈ। ਜਿੱਥੋਂ ਤੱਕ ਵਸੋਂ ਦਾ ਸਬੰਧ ਹੈ, ਘਰਾਂ ਦੀ ਗਿਣਤੀ 50-60 ਤੋਂ ਉੱਪਰ ਨਹੀਂ ਜਾਪਦੀ। ਜਿਹੜੀ ਵਸੋਂ ਅੱਜ ਕੱਲ੍ਹ ਗੜ੍ਹੀ ਸਾਹਿਬ ਦੇ ਐਨ ਨੇੜੇ ਵਸਦੀ ਹੈ, ਉਨ੍ਹਾਂ ਦੇ ਘਰ 70-80 ਸਾਲ ਹੀ ਪੁਰਾਣੇ ਲੱਗਦੇ ਹਨ। ਇਸ ਦਾ ਮਤਲਬ ਹੈ ਕਿ ਗੁਰੂ ਸਾਹਿਬ ਦੇ ਚਲੇ ਜਾਣ ਪਿੱਛੋਂ ਮੁਗਲ ਫ਼ੌਜਾਂ ਨੇ ਸਭ ਕੁਝ ਨਸ਼ਟ ਕਰ ਦਿੱਤਾ ਹੋਏਗਾ। ਗੜ੍ਹੀ ਦਾ ਵੱਡਾ ਹਿੱਸਾ ਵੀ ਖੰਡਰ ਬਣ ਗਿਆ ਹੋਏਗਾ। ਗੜ੍ਹੀ ਦੇਣ ਦੇ ਬਦਲੇ ਰੂਪ ਚੰਦ ਦੇ ਪਰਿਵਾਰ ਨਾਲ ਕੀ ਬੀਤੀ, ਇਤਿਹਾਸ ਇਸ ਬਾਰੇ ਵੀ ਚੁੱਪ ਹੈ।

ਮੁਗਲ ਫ਼ੌਜਾਂ ਦਾ ਬਹੁਤਾ ਨੁਕਸਾਨ ਹੋਣ ਦਾ ਵੱਡਾ ਕਾਰਨ ਇਹ ਹੋ ਸਕਦਾ ਸੀ ਕਿ ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਦੇ ਨਾਲ ਸਿੰਘ ਉੱਚੀ ਥਾਂ 'ਤੇ ਹੋਣ ਕਾਰਨ ਇਕ ਪਾਸੇ ਤਾਂ ਲੜ ਰਹੇ ਸਿੰਘਾਂ ਨੂੰ ਕਵਰ ਕਰਦੇ ਸਨ ਅਤੇ ਦੂਜੇ ਪਾਸੇ ਮੁਗਲ ਸਿਪਾਹੀਆਂ ਨੂੰ ਤੀਰਾਂ ਨਾਲ ਫੁੰਡਦੇ ਸਨ। ਇਸ ਦਾ ਇਕ ਪ੍ਰਭਾਵ ਜ਼ਫ਼ਰਨਾਮੇ ਤੋਂ ਵੀ ਮਿਲਦਾ ਹੈ। ਚਮਕੌਰ ਦਾ ਯੁੱਧ ਜੰਗੀ ਰਣਨੀਤੀ ਦਾ ਵੀ ਕਮਾਲ ਹੈ, ਦ੍ਰਿੜ੍ਹਤਾ ਤੇ ਬਹਾਦਰੀ ਨਾਲ ਲੜ ਮਰਨ ਦੀ ਵੀ ਇਤਿਹਾਸ ਵਿਚ

ਇਹੋ ਜਿਹੀ ਘੱਟ ਹੀ ਮਿਸਾਲ ਮਿਲਦੀ ਹੈ। ਜੇ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਸ਼ਰਧਾ ਦੇ ਘੇਰੇ ਵਿੱਚੋਂ ਅਤੇ ਉਨ੍ਹਾਂ ਦੁਆਲੇ ਸਿਰਜੀਆਂ ਕਰਾਮਾਤਾਂ ਤੋਂ ਬਾਹਰ ਕੱਢ ਲਿਆ ਜਾਏ ਤਾਂ ਇਸ ਲੜਾਈ ਵਿੱਚ ਉਹ ਇਕ ਮਹਾਨ ਜਰਨੈਲ ਦੇ ਰੂਪ ਵਿਚ ਵੀ ਉਭਰ ਕੇ ਸਾਹਮਣੇ ਆਉਂਦੇ ਹਨ ਅਤੇ ਆਪਣੀ ਹੀ ਕਿਸਮ ਦੇ ਇਕ ਮਹਾਨ ਨੀਤੀਵਾਨ ਵੀ ਜ਼ਾਹਿਰ ਹੁੰਦੇ ਹਨ ਜਿਨ੍ਹਾਂ ਨੇ ਖ਼ਾਲਸੇ ਦੀ ਪ੍ਰਭੂਸੱਤਾ ਨੂੰ ਆਪਣੇ ਤੋਂ ਵੀ ਉਪਰ ਸਮਝਿਆ ਤੇ ਅਜਿਹਾ ਕਰਕੇ ਵੀ ਦਿਖਾਇਆ। ਕਰਨਲ ਪ੍ਰੀਤਮ ਸਿੰਘ ਭੁੱਲਰ ਮੁਤਾਬਿਕ ਗੁਰੂ ਗੋਬਿੰਦ ਸਿੰਘ ਖਾਲਸੇ ਰਾਹੀਂ ਜਦੋ-ਜਹਿਦ ਜਾਰੀ ਰੱਖਣਾ ਚਾਹੁੰਦੇ ਸਨ ਅਤੇ ਉੱਘੇ ਇਤਿਹਾਸਕਾਰ ਡਾਕਟਰ ਹਰੀ ਰਾਮ ਗੁਪਤਾ ਵੀ ਇਹੋ ਫ਼ੈਸਲਾ ਦਿੰਦੇ ਹਨ। ਇਸ ਜਦੋ-ਜਹਿਦ ਦਾ ਇਕ ਰੂਪ ਛੇਤੀ ਹੀ ਸਰਹਿੰਦ ਦੀ ਫ਼ਤਹਿ ਤੇ ਬੰਦਾ ਬਹਾਦਰ ਦੇ ਰਾਜ ਦੇ ਰੂਪ ਵਿਚ ਸਾਹਮਣੇ ਆਇਆ।

**ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਏ ਸੂਰਬੀਰਾਂ ਦੀ ਸੂਚੀ**

ਸ੍ਰੀ ਚਮਕੌਰ ਸਾਹਿਬ ਦੀ ਗੜ੍ਹੀ ਦੇ ਯੁੱਧ ਵਿਚ ਜਿਨ੍ਹਾਂ ਸਿੰਘਾਂ ਨੇ ਸ਼ਹੀਦੀ ਪਾਈ ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ :

ਭਾਈ ਜਵਾਹਰ ਸਿੰਘ ਅੰਮ੍ਰਿਤਸਰ, ਭਾਈ ਰਤਨ ਸਿੰਘ ਮਾਣਕਪੁਰਾ, ਭਾਈ ਮਾਣਕ ਸਿੰਘ ਜੀ ਮਾਣਕੋ ਦੁਆਬਾ, ਭਾਈ ਕਿਰਪਾਲ ਸਿੰਘ, ਕਰਤਾਰਪੁਰ (ਰਾਣੀਵਾਲਾ), ਭਾਈ ਦਿਆਲ ਸਿੰਘ ਰਾਮਦਾਸ, ਭਾਈ ਗੁਰਦਾਸ ਸਿੰਘ ਅੰਮ੍ਰਿਤਸਰ, ਭਾਈ ਠਾਕਰ ਸਿੰਘ ਛਾਰਾ, ਭਾਈ ਪਰੇਮ ਸਿੰਘ ਮਨੀਮਾਜਰਾ, ਭਾਈ ਹਰਦਾਸ ਸਿੰਘ ਗਵਾਲੀਅਰ, ਭਾਈ ਸੰਗੋ ਸਿੰਘ ਮਾਛੀਵਾੜਾ, ਭਾਈ ਨਿਹਾਲ ਸਿੰਘ ਮਾਛੀਵਾੜਾ, ਭਾਈ ਗੁਲਾਬ ਸਿੰਘ ਮਾਛੀਵਾੜਾ, ਭਾਈ ਮਹਿਤਾਬ ਸਿੰਘ ਰੂਪਨਗਰ, ਭਾਈ ਖੜਕ ਸਿੰਘ ਰੂਪਨਗਰ, ਭਾਈ ਟੇਕ ਸਿੰਘ ਰੂਪਨਗਰ, ਭਾਈ ਤੁਲਸਾ ਸਿੰਘ ਰੂਪਨਗਰ, ਭਾਈ ਸਹਿਜ ਸਿੰਘ ਰੂਪਨਗਰ, ਭਾਈ ਚੜ੍ਹਤ ਸਿੰਘ ਰੂਪਨਗਰ, ਭਾਈ ਝੰਡਾ ਸਿੰਘ ਰੂਪਨਗਰ, ਭਾਈ ਸੁਜਾਨ ਸਿੰਘ ਰੂਪਨਗਰ, ਭਾਈ ਗੰਡਾ ਸਿੰਘ ਪੇਸ਼ਾਵਰ (ਸਕੇ ਭਰਾ), ਭਾਈ ਕਿਸ਼ਨ ਸਿੰਘ, ਭਾਈ ਬਿਸ਼ਨ ਸਿੰਘ, ਭਾਈ ਗੁਰਦਿੱਤ ਸਿੰਘ, ਭਾਈ ਕਰਮ ਸਿੰਘ ਭਰਤਪੁਰ (ਸਕੇ ਭਰਾ), ਭਾਈ ਰਣਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਜੈਮਲ ਸਿੰਘ, ਭਾਈ ਗੰਗਾ ਸਿੰਘ ਜਵਾਲਾਮੁਖੀ, ਭਾਈ ਸ਼ੇਰ ਸਿੰਘ ਆਲਮਗੀਰ, ਭਾਈ ਸਰਦੂਲ ਸਿੰਘ, ਭਾਈ ਸੁੱਖਾ ਸਿੰਘ, ਭਾਈ ਪੰਜਾਬ ਸਿੰਘ ਖੰਡੂ, ਭਾਈ ਦਮੋਦਰ ਸਿੰਘ, ਭਾਈ ਭਗਵਾਨ ਸਿੰਘ, ਭਾਈ ਸਰੂਪ ਸਿੰਘ

ਕਾਬਲ, ਭਾਈ ਜਵਾਲਾ ਸਿੰਘ, ਭਾਈ ਸੰਤ ਸਿੰਘ ਪੋਠੋਹਾਰ, ਭਾਈ ਆਲਮ ਸਿੰਘ, ਭਾਈ ਸੰਗਤ ਸਿੰਘ, ਭਾਈ ਕੋਠਾ ਸਿੰਘ ਅਤੇ ਭਾਈ ਮਦਨ ਸਿੰਘ ਜੀ। ਇਨ੍ਹਾਂ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਪੰਜਾਂ ਪਿਆਰਿਆਂ ਵਿੱਚੋਂ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਨੇ ਵੀ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਹ ਸੂਚੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੀ ਗਈ ਹੈ।

*ਇਹ ਲੇਖ 'ਪੁਆਧ ਦਰਪਣ' ਪੁਸਤਕ (2006) 'ਚੋਂ ਲਿਆ ਗਿਆ ਜੋ ਕਰਮਜੀਤ ਸਿੰਘ ਨੇ ਖੋਜ ਕਰਕੇ ਲਿਖਿਆ ਸੀ।*

*– ਸੰਪਾਦਕ*

●

# ਗੁਰੂ ਜੀ ਵੱਲੋਂ ਗੜ੍ਹੀ ਦੀ ਵਿਊਂਤਬੰਦੀ

**• ਦਲਜੀਤ ਕੌਰ ਦਾਊਂ**

ਗੁਰੂ ਗੋਬਿੰਦ ਸਿੰਘ ਜੀ ਨੇ ਸੱਤ ਪੋਹ ਦੀ ਰਾਤ ਨੂੰ ਗੜ੍ਹੀ ਦੀਆਂ ਚਾਰ ਬਾਹੀਆਂ 'ਤੇ 8-8 ਸਿੰਘ ਬਿਠਾ ਦਿੱਤੇ। ਗੁਰੂ ਜੀ ਆਪ ਉਪਰ ਅਟਾਰੀ 'ਤੇ ਬੈਠ ਕੇ ਦੇਖਦੇ ਰਹੇ। ਅਟਾਰੀ 'ਤੇ ਉਨ੍ਹਾਂ ਦੇ ਨਾਲ ਸਨ ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ, ਭਾਈ ਸੰਤ ਸਿੰਘ, ਭਾਈ ਕੋਠਾ ਸਿੰਘ। ਭਾਈ ਮਦਨ ਸਿੰਘ ਦੀ ਡਿਊਟੀ ਦਰਵਾਜ਼ੇ 'ਤੇ ਲਾਈ ਹੋਈ ਸੀ। ਭਾਈ ਸੰਤ ਸਿੰਘ ਦੀ ਡਿਊਟੀ ਸਭ ਨੂੰ ਗੋਲੀ ਸਿੱਕਾ ਤੇ ਤੀਰ ਵੰਡ ਕੇ ਸਭ ਨੂੰ ਸੰਕੋਚ ਨਾਲ ਵਰਤਣ ਦਾ ਹੁਕਮ ਦੇਣਾ ਸੀ। ਭਾਈ ਮਾਨ ਸਿੰਘ ਦੀ ਡਿਊਟੀ ਸਭ ਦੀ ਖ਼ਬਰ ਗੀਰੀ ਰੱਖਣੀ ਤੇ ਸਹਿਯੋਗ ਦੇਣਾ ਸੀ। 8 ਪੋਹ ਨੂੰ ਜੰਗ ਸ਼ੁਰੂ ਕਰਨ ਤੋਂ ਪਹਿਲਾਂ ਸਾਰਿਆਂ ਨੇ ਇਕੱਠੇ ਅਰਦਾਸ ਕੀਤੀ। 'ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥ ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪਨੀ ਜੀਤ ਕਰੋਂ ॥ ਅਰੁ ਸਿਖ ਹੌ ਅਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ ॥ ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ ॥' ਇਹ ਸਾਰਾ ਸ਼ਬਦ ਪੜ੍ਹ ਕੇ ਬੀਰ ਰਸ ਲੈ ਕੇ ਭੁੱਖਿਆਂ ਸ਼ੇਰਾਂ ਵਾਂਗ ਦੁਸ਼ਮਣ 'ਤੇ ਟੁੱਟਣ ਲਈ ਤਿਆਰ ਹੋ ਗਏ। ਪਹਾੜੀ ਰਾਜੇ ਭੀਮ ਚੰਦ ਨੇ ਗੁਰੂ ਸਾਹਿਬ ਬਾਰੇ ਕਿਹਾ, ''ਦੇਖੋ ਆਨੰਦਪੁਰ 7 ਮਹੀਨੇ ਘੇਰੇ 'ਚ ਰਿਹਾ, ਇਹ ਫਿਰ ਉਵੇਂ ਘਿਰ ਗਿਆ। ਥੱਕੇ ਟੁੱਟੇ ਭੁੱਖੇ ਭਾਣੇ ਜ਼ਖ਼ਮੀ ਹੋਏ, ਬਿਨਾ ਸਾਜ਼ੋ-ਸਮਾਨ ਤੋਂ ਚਾਲੀ ਕੁ ਸਿੰਘ ਨੇ।'' ਜਦੋਂ ਜੰਗ ਹੋਣ ਲੱਗਾ ਚਾਰੇ ਬਾਹੀਆਂ ਤੋਂ ਲੋਥਾਂ ਦੇ ਅੰਬਾਰ ਲੱਗ ਗਏ। ਫ਼ੌਜ ਨੇ ਕਈ ਵਾਰ ਗੜ੍ਹੀ ਵਿਚ ਵੜਨ ਦੀ ਕੋਸ਼ਿਸ਼ ਕੀਤੀ। ਪਰ ਅੰਦਰੋਂ ਤੀਰਾਂ ਦੀ ਬੁਛਾੜ ਕਾਰਨ ਕਾਮਯਾਬ ਨਾ ਹੋ ਸਕੇ। ਧਰਤੀ ਰੱਤ ਨਾਲ ਰੱਤੀ ਗਈ।

ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਗੁਰੂ ਸਾਹਿਬ ਦੀ ਆਗਿਆ ਨਾਲ ਬਾਹਰ ਆਏ, ਕਰਤੱਵ ਦਿਖਾ ਕੇ ਸ਼ਹੀਦ ਹੋ ਗਏ। ਕੇਸਰ ਸਿੰਘ, ਕੀਰਤ ਸਿੰਘ ਤੇ ਭਾਈ ਨੰਦ ਸਿੰਘ ਨੇ ਅਨੇਕਾਂ ਨੂੰ ਮਾਰ ਕੇ ਸ਼ਹੀਦੀ ਪਾਈ। ਸਿੰਘ ਪੰਜ-ਪੰਜ ਦਾ ਜੱਥਾ ਗਰੁੱਪ ਬਣਾਕੇ ਜੰਗ ਦੇ ਮੈਦਾਨ ਵਿਚ ਆਉਂਦੇ ਸਨ। ਵੀਹ-ਵੀਹ ਦਾ ਮੁਕਾਬਲਾ ਇਕ ਸਿੰਘ ਕਰਦਾ ਸੀ। ਗੁਰੂ ਜੀ ਨੇ ਨਾਹਰ ਖਾਂ ਨੂੰ

ਇਕੋ ਤੀਰ ਨਾਲ ਮਾਰ ਦਿੱਤਾ। ਖਵਾਜਾ ਮਰਦੂਦ ਘਾਬਰ ਕੇ ਦੀਵਾਰ ਹੇਠਾਂ ਹੋ ਕੇ ਛੁਪ ਗਿਆ। ਉਸ ਨੂੰ ਪਤਾ ਸੀ ਕਿ ਗੁਰੂ ਗੋਬਿੰਦ ਸਿੰਘ ਦੇ ਇਕ ਤੀਰ 'ਚੋਂ 5-5 ਤੀਰ ਨਿਕਲਦੇ ਹਨ। ਉਹ ਸ਼ਾਹ ਜ਼ੋਰ ਇੰਨੇ ਹਨ ਕਿ ਇਕ ਤੀਰ 5, 7 'ਚ ਨੂੰ ਨਿਕਲਦਾ ਹੈ। ਉਹ ਪੰਜ-ਸੱਤ ਨੂੰ ਜ਼ਖ਼ਮੀ ਕਰ ਜਾਂਦੇ ਹਨ ਜਾਂ ਮਾਰ ਦਿੰਦੇ ਹਨ। ਤੁਰਕਾਨੀ ਫ਼ੌਜਾਂ ਨੂੰ ਜਿੰਨੀ ਆਸ ਸੀ, ਓਨੀ ਹੀ ਮਾਯੂਸੀ ਹੋਈ। ਸੱਯਦ ਬੇਗ ਪਹਿਲਾਂ ਹੀ ਗੁਰੂ ਜੀ ਦੀ ਨਿਰਭੈਤਾ ਅਤੇ ਉਦਾਰਚਿਤਪੁਣੇ ਤੋਂ ਜਾਣੂ ਸੀ। ਸ਼ਾਹ ਜ਼ੋਰ ਇੰਨੇ ਹਨ ਕਿ ਇਕ ਇਕ ਤੀਰ 5, 7 'ਚ ਨੂੰ ਨਿਕਲਦਾ ਹੈ ਅਤੇ ਅੱਗੇ ਹੋ ਕੇ ਆਪ ਲੜਦੇ ਹਨ।

**ਬਾਬਾ ਅਜੀਤ ਸਿੰਘ :** ਸਿੰਘਾਂ ਨੂੰ ਮੈਦਾਨੇ ਜੰਗ ਵਿਚ ਜੂਝਦੇ ਦੇਖ ਕੇ ਸਾਹਿਬਜ਼ਾਦਾ ਅਜੀਤ ਸਿੰਘ ਦਾ ਬੀਰ ਰਸ ਜਾਗਿਆ ਅਤੇ ਡੌਲੇ ਫਰਕੇ। ਬੜੇ ਹੌਂਸਲੇ ਨਾਲ ਪਿਤਾ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਹੁਣ ਮੇਰੇ ਲਈ ਵੀ ਸਮਾਂ ਆ ਗਿਆ ਰਣ ਤੱਤੇ ਧਰਮ ਯੁੱਧ ਵਿਚ ਸ਼ਾਮਲ ਹੋਣ ਦਾ, ਮਰ ਜੀਵੜੇ ਸਿੰਘਾਂ ਵਾਂਗ ਰਣ ਭੂਮੀ ਵਿਚ ਕੁੱਦਣ ਅਤੇ ਜੂਝਣ ਦਾ। "ਮੈਨੂੰ ਆਗਿਆ ਅਤੇ ਅਸੀਸ ਦੇ ਕੇ ਨਿਵਾਜੋ ਤਾਂ ਜੋ ਮੈਂ ਵੀ ਆਪਣਾ ਧਰਮ ਨਿਭਾ ਸਕਾਂ, ਮੇਰਾ ਤਾਂ ਨਾ ਹੀ ਆਪ ਜੀ ਨੇ ਅਜੀਤ ਰੱਖਿਆ ਹੈ। 'ਨਿਸ਼ਚੈ ਕਰ ਆਪਣੀ ਜੀਤ ਕਰੋਂ' ਲੜਾਂਗਾ ਅਬਲ ਤੇ ਮੈਨੂੰ ਕੋਈ ਜੀਤ ਨਹੀਂ ਸਕੇਗਾ ਪਰ ਜੇ ਮੇਰੇ ਉੱਤੇ ਕੋਈ ਭਾਰੂ ਹੋ ਗਿਆ ਤਾਂ ਹਾਰਿਆ ਹੋਇਆ ਮੂੰਹ ਲੈਕੇ ਰਣ ਭੂਮੀ 'ਚੋਂ ਜਿਉਂਦਾ ਨਹੀਂ ਮੁੜਾਂਗਾ।" ਮੁਹੰਮਦ ਅਬਦੁਲ ਦੇ ਲਫ਼ਜ਼ਾਂ ਵਿਚ :

'ਨਾਮ ਕਾ ਅਜੀਤ ਹੂੰ ਜੀਤਾ ਨਹੀਂ ਜਾਊਂਗਾ।
ਜੀਤਾ ਗਿਆ ਤੋਂ ਹਾਰ ਕੇ, ਜੀਤਾ ਨਾ ਆਊਂਗਾ।'

ਪਿਤਾ ਜੀ ਦੀ ਆਗਿਆ ਲੈ ਕੇ ਬਾਬਾ ਅਜੀਤ ਸਿੰਘ ਜੀ ਪੰਜ ਸਿੰਘਾਂ ਨੂੰ ਨਾਲ ਲੈ ਕੇ ਵੈਰੀ ਉੱਤੇ ਟੁੱਟ ਪਏ। ਕਵੀ ਸੈਨਾਪਤਿ ਦੇ ਸ਼ਬਦਾਂ ਵਿਚ :

ਦੌਰਿਓ ਦਲ ਮੈਂ ਧਾਇ ਕੈ ਲੈ ਕਰ ਸਾਂਗ ਬਨਾਇ।
ਮਾਰਤ ਜਿਹ ਅਸਵਾਰ ਕੇ ਛਿਨ ਮੈਂ ਦੇਤ ਗਿਰਾਇ।
ਲੇਤਨ ਪਰੋਇ ਪਠਾਨ ਕੋ ਸਬਰਨ ਸਾਂਗ ਦਿਖਾਇਆ।
ਦੇਖਤ ਹੀ ਸਭ ਕਰਤ ਹੈਂ ਅਰੇ ਖੁਦਾਇ ਖੁਦਾਇ।

ਭਾਵ ਸਾਹਿਬਜ਼ਾਦਾ ਅਜੀਤ ਸਿੰਘ ਨੇ ਨੇਜੇ ਨਾਲ ਪਰੋ-ਪਰੋ ਕੇ ਵੈਰੀਆਂ ਨੂੰ ਸੁੱਟਿਆ, ਦੁਸ਼ਮਣ ਵਿਚ ਭਾਜੜ ਪੈ ਗਈ। ਹਾਏ ਖੁਦਾਇ, ਹਾਇ ਖੁਦਾਇ

ਦੀਆਂ ਆਵਾਜ਼ਾਂ ਆਉਣ ਲੱਗੀਆਂ। ਇਸ ਸੰਗਰਾਮ ਦਾ ਵਰਨਣ ਜੋਗੀ ਅਲ੍ਹਾ ਯਾਰ ਖਾਂ ਜੀ ਇਉਂ ਕਰਦੇ ਹਨ :

"ਸ਼ਹਿਜਾਦੇ ਜੀ ਜਾਹ ਨੈਂ ਭਾਗੜ ਥੀ ਮਚਾਦੀ।
ਯਹ ਫੌਜ ਭਗਾਦੀ ਕਬੀ ਵਹੁ ਫੌਜ ਭਗਾਦੀ।
ਬੜ੍ਹ ਚੜ੍ਹ ਕੇ ਤਵੱਕੋ ਸੇ ਸ਼ੁਜਾਦਿਤ ਜੋ ਦਿਖਾਈ।
ਸਤਿਗੁਰ ਨੇ ਵਹੀਂ ਕਿਲਾ ਸੇ ਬੇਟੇ ਕੋ ਨਦਾ ਦੀ।
ਸ਼ਾਬਾਸ਼ ਪਿਸਰ! ਖ਼ੂਬ ਦਲੇਰੀ ਸੇ ਲੜੇ ਹੋ।
ਹਾਂ, ਕਿਉਂ ਨਾ ਹੋ ਗੋਬਿੰਦ ਕੇ ਫਰਜ਼ੰਦ ਬੜੇ ਹੋ।"

ਜੋਗੀ ਜੀ ਅਨੁਸਾਰ ਸਾਹਿਬ ਅਜੀਤ ਸਿੰਘ ਜੀ ਨੇ ਦੁਸ਼ਮਣਾਂ ਦੀਆਂ ਭਾਜੜਾਂ ਪੁਆ ਦਿੱਤੀਆਂ। ਮਾਰੋ ਮਾਰ ਕਰਦੇ ਕਦੀ ਇਕ ਪਾਸੇ, ਕਦੀ ਦੂਜੇ ਪਾਸੇ ਦੇ ਦੁਸ਼ਮਣਾਂ ਨੂੰ ਵੱਢਦੇ ਟੁੱਕਦੇ ਚਲੇ ਗਏ। ਕਈਆਂ ਨੇ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਹੀ ਸਮਝ ਲਿਆ ਤੇ ਉਸ ਉੱਤੇ ਟੁੱਟ ਪਏ। ਉਹ ਨੇਜਾ, ਬਰਛੀ ਤੇ ਤਲਵਾਰ ਦੇ ਧਨੀ ਸਨ। ਬਹਾਦਰੀ ਨਾਲ ਦੁਸ਼ਮਣਾਂ ਦੇ ਆਹੂ ਲਾਹੁੰਦਿਆਂ ਨੂੰ ਦੇਖ ਕੇ ਗੁਰੂ ਸਾਹਿਬ ਨੇ ਅਟਾਰੀ ਉੱਤੋਂ ਹੀ ਸ਼ਾਬਾਸ਼ ਦਿੱਤੀ। ਬੇਟਾ ਬੜੀ ਦਲੇਰੀ ਨਾਲ ਜੰਗ ਕੀਤਾ ਹੈ। ਕਰਦੇ ਵੀ ਕਿਉਂ ਨਾ ਆਪ ਜੀ ਮੇਰੇ ਸਭ ਤੋਂ ਵੱਡੇ ਪੁੱਤਰ ਜੋ ਹੋ। ਦੂਰ-ਦੂਰ ਤੱਕ ਜੰਗ 'ਚ ਮਚੀ ਹਾਹਾਕਾਰ ਸੁਣਾਈ ਦਿੰਦੀ ਸੀ। ਤਲਵਾਰਾਂ ਦਾ ਟਕਾ-ਟੱਕ ਖੜਕਾ ਵੀ ਸੁਣਕੇ ਦੰਗ ਹੋਣ ਵਾਲਾ ਸੀ। ਪਰ ਲੱਖਾਂ ਫ਼ੌਜਾਂ ਸਾਹਮਣੇ ਕਿੰਨੀ ਕੁ ਦੇਰ ਤੱਕ ਲੜ ਹੋਣਾ ਸੀ।

ਆਖ਼ਰ ਉਨ੍ਹਾਂ ਦੇ ਪਿੱਠ ਵਿਚ ਕਿਸੇ ਕਾਇਰ ਨੇ ਬਰਛੇ ਨਾਲ ਵਾਰ ਕੀਤਾ ਤੇ ਉਹ ਜ਼ਮੀਨ 'ਤੇ ਡਿੱਗ ਪਏ ਤੇ ਸ਼ਹੀਦੀ ਜਾਮ ਪੀ ਗਏ। ਇਕ ਪਾਸੇ 5 ਸਿੰਘਾਂ ਦਾ ਗਰੁੱਪ ਬਾਹਰ ਆਉਂਦਾ ਤਾਂ ਅੱਗੋਂ ਹਜ਼ਾਰਾਂ ਵੈਰੀ ਟੁੱਟ ਕੇ ਪੈ ਜਾਂਦੇ। ਇੰਨੀ ਅਣਸੁਖਾਵੀਂ ਵਾਰ ਦਾ ਜ਼ਿਕਰ ਦੁਨੀਆਂ ਵਿਚ ਕਿਤੇ ਨਹੀਂ ਮਿਲਦਾ।

**ਬਾਬਾ ਜੁਝਾਰ ਸਿੰਘ :** ਮੈਦਾਨੇ ਜੰਗ ਵਿਚ ਸਿੰਘਾਂ ਨੂੰ ਜੂਝਦਿਆਂ ਦੇਖ ਕੇ ਛੋਟੇ ਸਾਹਿਬਜ਼ਾਦੇ ਜੁਝਾਰ ਸਿੰਘ ਦੇ ਵੀ ਡੌਲੇ ਫਰਕੇ। ਬਾਬਾ ਜੁਝਾਰ ਸਿੰਘ ਨੇ ਅਟਾਰੀ ਉੱਤੇ ਬੈਠ ਕੇ ਸਿੰਘਾਂ ਸੂਰਮਿਆਂ ਅਤੇ ਬਾਬਾ ਅਜੀਤ ਸਿੰਘ ਜੀ ਦਾ ਜੰਗ ਦੇਖਿਆ। ਜਦੋਂ ਬਾਬਾ ਅਜੀਤ ਸਿੰਘ ਸ਼ਹੀਦ ਹੋ ਗਏ ਤਾਂ ਬਾਬਾ ਜੁਝਾਰ ਸਿੰਘ ਦਾ ਖ਼ੂਨ ਖੌਲਿਆ ਤੇ ਜੰਗ ਕਰਨ ਦੀ ਲਾਲਸਾ ਪ੍ਰਬਲ ਹੋ ਉੱਠੀ। ਉਨ੍ਹਾਂ ਨੇ ਗੁਰੂ ਪਿਤਾ ਪਾਸੋਂ ਆਗਿਆ ਮੰਗੀ। ਉਸ ਵਕਤ ਉਨ੍ਹਾਂ ਦੀ ਉਮਰ ਸਿਰਫ਼ 14 ਸਾਲ ਸੀ। ਅੱਲਾ ਯਾਰ ਖਾਂ ਇਸ ਤਰ੍ਹਾਂ ਬਿਆਨ ਕਰਦੇ ਹਨ :

"ਬੇਟੇ ਕੋ ਸ਼ਹਾਦਤ ਮਿਲੀ ਦੇਖਾ ਜੋ ਪਿਦਰ ਨੇ।
ਇਸ ਵਕਤ ਕਹਾ ਨੰਨ੍ਹੇ ਸੇ ਮਾਸੂਮ ਪਿਸਰ ਨੇ।
ਰੁਖ਼ਸਤ ਹਮੇਂ ਦਿਲਵਾਉਂ ਪਿਤਾ ਜਾਏਂਗੇ ਮਰਨੇ।

ਵੱਡਾ ਬੇਟਾ ਸ਼ਹੀਦ ਹੋ ਗਿਆ ਤਾਂ ਛੋਟੇ ਨੇ ਵੀ ਰਣ ਤੱਤੇ ਵਿਚ ਜਾਣ ਦੀ ਆਗਿਆ ਮੰਗੀ। ਉਨ੍ਹਾਂ ਨੇ ਕਿਹਾ, 'ਪੁੱਤ ਦੇ ਹੁੰਦੇ ਪਿਤਾ ਦਾ ਰਣ ਤੱਤੇ ਵਿਚ ਜੂਝਣ ਦਾ ਕੋਈ ਫਰਜ਼ ਨਹੀਂ। ਇਸ 'ਤੇ ਗੁਰੂ ਸਾਹਿਬ ਨੇ ਉਸਦੇ ਸ਼ਸਤਰ ਸਜਾਏ ਤੇ ਕਲਗੀ ਲਾਈ ਨਾਲ ਪੰਜ ਸਿੰਘ ਭੇਜ ਦਿੱਤੇ।

ਮੈਥਲੀ ਸ਼ਰਣ ਗੁਪਤ ਨੇ ਬਾਬਾ ਜੁਝਾਰ ਸਿੰਘ ਵੱਲੋਂ ਆਗਿਆ ਮੰਗਣ ਦਾ ਪ੍ਰਸੰਗ ਇਸ ਤਰ੍ਹਾਂ ਲਿਖਿਆ ਹੈ :

"ਉਸ ਕਾ ਅਨੁਜ ਜੁਝਾਰ ਸਿੰਘ ਥਾ
ਜਿਸਕਾ ਵਯ ਥਾ ਚੌਦਹ ਸਾਲ।
ਚਾਰ ਬਰਸ ਛੋਟਾ ਅਗ੍ਰਜ ਸੇ ਬੋਲਾ,

ਗੁਰੂ ਸੇ ਵਹ ਗੁਰੂ ਬਾਲ।
ਆਗਯਾ ਹੋ ਨਿਰ-ਭਯ ਅਗ੍ਰਜ ਕਾ
ਕਰੂੰ ਅਨੁਸਰਣ ਮੈਂ ਭੀ ਆਜ।
ਰਹੂੰ ਯਥਾਰਥ ਤਨੁਜ ਆਪ ਕਾ
ਰਖੂੰ ਅਨੁਜ ਨਾਮ ਕੀ ਲਾਜ।

**ਭਾਵ :** ਬਾਬਾ ਜੁਝਾਰ ਸਿੰਘ, ਬਾਬਾ ਅਜੀਤ ਸਿੰਘ ਤੋਂ 4 ਸਾਲ ਛੋਟੇ 14 ਸਾਲ ਦੇ ਸਨ। ਪਿਤਾ ਗੁਰੂ ਤੋਂ ਆਗਿਆ ਮੰਗਦੇ ਕਿ ਮੈਂ ਵੀ ਵੱਡੇ ਭਰਾ ਦੇ ਪਗ ਚਿੰਨ੍ਹਾਂ 'ਤੇ ਚਲਦਾ ਹੋਇਆ ਤੁਹਾਡਾ ਛੋਟਾ ਪੁੱਤਰ ਅਖਵਾਉਂਦਾ ਹੋਇਆ ਆਪਣੇ ਨਾਂ ਦੀ ਲਾਜ ਰੱਖਾਂ।

ਪਿਤਾ ਗੁਰੂ ਜੀ ਨੇ ਆਗਿਆ ਦਿੱਤੀ, ਸ਼ਸਤਰ ਸਜਾਏ ਅਤੇ ਪੰਜ ਸਿੰਘ ਨਾਲ ਤੋਰ ਦਿੱਤੇ।

'ਜਬ ਦੇਖਿਓ ਜੁਝਾਰ ਸਿੰਘ ਸਮਾਂ ਪਹੁੰਚਿਓ ਆਨ।
ਦੌਰਿਓ ਦਲ ਮੈਂ ਧਾਇ ਕੈ ਕਰ ਮਹਿ ਗਹੀ ਕਮਾਨ।

ਬਾਬਾ ਜੁਝਾਰ ਸਿੰਘ ਨੂੰ ਰਣ ਵਿਚ ਜੂਝਣ ਦਾ ਇੰਨਾ ਚਾਓ ਸੀ। ਭਾਈ ਰਤਨ ਸਿੰਘ ਭੰਗੂ ਅਨੁਸਾਰ :

ਐਸੇ ਰੌਰੇ ਜਬ ਉਹਾ ਭਇਓ।
ਸਾਹਿਬ ਜੁਝਾਰ ਸਿੰਘ ਮਨ ਮਹਿ ਠਯੋ।

ਅਬ ਜੀਵਨ ਕੋ ਕੁਛ ਧ੍ਰਮ ਨਹੀਂ
ਪੁਤ੍ਰ ਜੀਵੈ ਲੜ ਪਿਤਾ ਮਰਾਹੀ।

ਭਾਈ ਰਤਨ ਸਿੰਘ ਭੰਗੂ ਅਨੁਸਾਰ ਜਦੋਂ ਬਾਬਾ ਅਜੀਤ ਸਿੰਘ ਜੀ ਰਣ ਭੂਮੀ ਵਿਚ ਜੂਝ ਕੇ ਸ਼ਹੀਦ ਹੋ ਗਏ ਤਾਂ ਰਣ ਭੂਮੀ ਵਿਚ ਬੜਾ ਰੌਲਾ ਪਿਆ। ਉਸ ਵਕਤ ਬਾਬਾ ਜੁਝਾਰ ਸਿੰਘ ਜੀ ਨੂੰ ਰਣ ਵਿਚ ਕੁੱਦਣ ਦਾ ਚਾਓ ਚੜ੍ਹਿਆ।

ਜਦੋਂ ਬਾਬਾ ਜੁਝਾਰ ਸਿੰਘ ਰਣ ਤੱਤੇ ਵਿਚ ਗਰਜੇ ਤਾਂ ਵੈਰੀ ਦਲਾਂ ਵਿਚ ਸਹਿਮ ਛਾ ਗਿਆ। ਦੁਸ਼ਮਣ ਅੱਗੇ-ਅੱਗੇ ਭੱਜਣ ਲੱਗੇ ਡਰ ਦੇ ਮਾਰੇ ਕੋਈ ਨੇੜੇ ਨਹੀਂ ਢੁੱਕਦਾ ਸੀ। ਇੰਨੀ ਛੋਟੀ ਉਮਰ ਵਿਚ ਨੇਜੇ ਬਾਜ਼ੀ ਦੀ ਏਨੀ ਮੁਹਾਰਤ ਦੋਨੋਂ ਪਾਸੇ ਬਾਬਾ ਜੁਝਾਰ ਸਿੰਘ ਜੀ ਦੁਸ਼ਮਣਾਂ ਨੂੰ ਢੇਰੀ ਕਰਦੇ ਚਲੇ ਗਏ। ਰਣ ਵਿਚ ਲੋਥਾਂ ਦੇ ਢੇਰ ਵਿੱਛ ਗਏ। ਮੁਗ਼ਲ ਫ਼ੌਜਾਂ ਦੇਖਕੇ ਹੈਰਾਨ ਰਹਿ ਗਈਆਂ ਕਿ ਇੰਨੀ ਛੋਟੀ ਉਮਰ ਵਿਚ ਨੇਜੇਬਾਜ਼ੀ ਦੀ ਇੰਨੀ ਮੁਹਾਰਤ ਅਤੇ ਨਿਰਭੈਤਾ। ਸਾਹਿਬਜ਼ਾਦਾ ਜੁਝਾਰ ਸਿੰਘ ਨੇ ਜੰਗ ਵਿਚ ਘਮਸਾਨ ਮਚਾ ਦਿੱਤਾ। ਘੋੜੇ ਹਿਣਕਦੇ ਇੱਧਰ-ਉੱਧਰ ਭੱਜ ਰਹੇ ਸਨ। ਹਾਥੀ ਚੀਕਾਂ ਮਾਰਦੇ ਇਕ-ਦੂਜੇ ਨਾਲ ਟਕਰਾ ਰਹੇ ਸਨ। ਅਕਾਸ਼ 'ਤੇ ਗਰਦੋ ਗੁਬਾਰ ਤੇ ਮੈਦਾਨੇ-ਜੰਗ ਵਿਚ ਖੜਦੰਬ ਮਚ ਗਿਆ। ਇਕੋ ਹਮਲੇ ਵਿਚ 21 ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਰਾਖਸ਼ਾਂ ਵਰਗੇ ਦੈਂਤ ਪਠਾਣਾਂ ਨੂੰ ਪਰੋ ਦਿੱਤਾ। ਸਾਰੇ ਰੌਲਾ ਮਚ ਗਿਆ ਕਿ ਕਲਗੀਧਰ ਦੇ ਬੀਰ ਸਪੂਤ ਤੋਂ ਬਚ ਕੇ ਲੜੋ, ਇਹਨਾਂ ਕੋਲ ਪਿਤਾ ਗੁਰੂ ਦਾ ਬਖ਼ਸ਼ਿਆ ਹੋਇਆ ਖੰਡਾ ਹੈ।

ਪਰ ਪੰਜ ਭੁੱਖੇ ਭਾਣੇ ਸਿੰਘ ਲੱਖਾਂ ਦਾ ਮੁਕਾਬਲਾ ਕਿੰਨੀ ਕੁ ਦੇਰ ਕਰ ਸਕਦੇ ਸਨ। ਸਾਹਿਬਜ਼ਾਦੇ ਨੂੰ ਲੜਦਿਆਂ-ਲੜਦਿਆਂ ਸ਼ਾਮ ਪੈ ਗਈ। ਉਸ ਸਮੇਂ ਇਕ ਤੀਰ ਆਣ ਕੇ ਸਾਹਿਬਜ਼ਾਦੇ ਦੇ ਦਿਲ ਵਿਚ ਲੱਗਾ। ਮਨੋ ਇਹ ਤੀਰ ਕਲੇਜੇ ਵਿਚ ਨਹੀਂ ਜਿਵੇਂ ਫੁੱਲ ਵਿਚ ਕੰਡਾ ਵੱਜਾ ਹੋਵੇ। ਸਾਰੇ ਪਾਸੇ ਹਨੇਰਾ ਛਾ ਗਿਆ। ਹਾ-ਹਾਕਾਰ ਮਚ ਗਈ ਦਸ਼ਮੇਸ਼ ਪਿਤਾ ਦਾ ਲਾਡਲਾ ਸਪੂਤ ਭੁੰਆਂਟਣੀ ਖਾ ਕੇ ਜ਼ਮੀਨ ਪਰ ਡਿੱਗ ਗਿਆ। ਜੋਗੀ ਅੱਲ੍ਹਾ ਯਾਰ ਖਾਂ ਨੇ ਬਾਬਾ ਜੁਝਾਰ ਸਿੰਘ ਦੀ ਬਹਾਦਰੀ ਬਾਰੇ ਇੰਜ ਲਿਖਿਆ ਹੈ ;

'ਦਸ ਬੀਸ ਕੋ ਜ਼ਖ਼ਮੀ ਕਿਯਾ ਦਸ ਬੀਸ ਕੋ ਮਾਰਾ।
ਇਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ।
ਖ਼ੱਨਾਸ ਕੋ ਮਾਰਾ ਕਭੀ ਇਬਲੀਸ ਕੋ ਮਾਰਾ।
ਗੁਲ ਮਚ ਗਿਆ ਇਕ ਤਿਫਲ ਨੇ ਚਾਲੀਸ ਕੋ ਮਾਰਾ।

ਬਚ-ਬਚ ਜੋ ਲੜੋ ਕਲਗ਼ਿਯਾਂ ਵਾਲੇ ਕੇ ਪਿਸਰ ਸੇ
ਯਿਹ ਨੀਮਚਾ ਲਾਏ ਹੈਂ ਗੁਰੂ ਜੀ ਕੀ ਕਮਰ ਸੇ।"

ਇਸ ਤਰ੍ਹਾਂ ਬਾਬਾ ਜੁਝਾਰ ਸਿੰਘ ਜੀ ਆਪਣੇ ਵੱਡੇ ਭਰਾ ਬਾਬਾ ਅਜੀਤ ਸਿੰਘ ਨਾਲ ਰਲਕੇ ਦਾਦਾ ਗੁਰੂ ਤੇਗ਼ ਬਹਾਦਰ ਜੀ ਦੀ ਗੋਦ ਵਿਚ ਜਾ ਬੈਠੇ। ਸੂਰਜ ਵੀ ਅਸਤ ਹੋ ਗਿਆ। ਮਾਨੋਂ ਮੁਗ਼ਲ ਰਾਜ ਦਾ ਸੂਰਜ ਵੀ ਡੁੱਬ ਗਿਆ। ਇਹ 22 ਦਸੰਬਰ, 1704 ਦਾ ਦਿਨ ਸੀ। ਗੋਲੀ ਸਿੱਕਾ ਤਾਂ ਦੁਪਹਿਰ ਤੱਕ ਹੀ ਖ਼ਤਮ ਹੋ ਗਿਆ ਸੀ ਪਰ ਫੇਰ ਵੀ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਅਤੇ ਸਿੰਘਾਂ ਨੇ ਆਪਣੇ ਆਖ਼ਰੀ ਦਮ ਨਾਲ ਸ਼ਾਮ ਤੱਕ ਜੰਗ ਵਿਚ ਬਹਾਦਰੀ ਨਾਲ ਜੂਝਦੇ ਰਹੇ। ਜੋਗੀ ਅੱਲਾ ਯਾਰ ਖਾਂ ਜੀ ਨੇ ਬਹੁਤੀ ਹੀ ਸੁੰਦਰ ਸ਼ਬਦਾਂ ਵਿਚ ਇਸ ਸ਼ਹਾਦਤ ਅਤੇ ਜੰਗ ਦਾ ਜ਼ਿਕਰ ਪੁਸਤਕ ਗੰਜਿ ਸ਼ਹੀਦਾਂ ਵਿਚ ਇਸ ਤਰ੍ਹਾਂ ਕੀਤਾ ਹੈ।

"ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲਿਏ।
ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲਿਏ।
ਚਮਕ ਹੈ ਮਿਹਰ ਕੀ ਚਮਕੌਰ ਤੇਰੇ ਜ਼ਰਰੋ ਮੇਂ।
ਯਹੀ ਸੇ ਬਨ ਕੇ ਸਤਾਰੇ ਗਏ ਸਮ੍ਹਾਂ ਕੇ ਲੀਏ।
ਗੁਰੂ ਗੋਬਿੰਦ ਕੇ ਲਖ਼ਤਿ ਜਿਗਰ ਅਜੀਤੋ ਜੁਝਾਰ।
ਫਲਕ ਪਿ ਇਕ ਯਹਾਂ ਦੋ ਚਾਂਦ ਹੈ ਜਿਯਾ ਕੇ ਲੀਏ।

ਜੋਗੀ ਜੀ ਕਿੰਨਾ ਸੁਹਣਾ ਜ਼ਿਕਰ ਕਰਦੇ ਹਨ। ਹਿੰਦੋਸਤਾਨ ਵਿਚ ਇਕੋ ਤੀਰਥ ਹੈ ਯਾਤਰਾ ਲਈ ਕੇਵਲ ਇਕੋ ਚਮਕੌਰ ਸਾਹਿਬ ਜਿੱਥੇ ਗੁਰੂ ਜੀ ਨੇ ਆਪਣੇ ਬੇਟੇ ਧਰਮ ਤੋਂ ਕੁਰਬਾਨ ਕੀਤੇ। ਚਮਕੌਰ ਸਾਹਿਬ ਦੇ ਕਿਣਕੇ-ਕਿਣਕੇ ਵਿਚ ਕੁਰਬਾਨੀ ਰੂਪੀ ਸੂਰਜ ਦੀ ਚਮਕ ਹੈ। ਇੱਥੋਂ ਹੀ ਸ਼ਹੀਦੀ ਪਰਵਾਨੇ ਉੱਠੇ ਅਤੇ ਅਕਾਸ਼ ਵਿਚ ਰੌਸ਼ਨੀ ਕਰ ਗਏ। ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਮਾਨੋਂ ਦੋ ਚੰਦ ਨੇ ਅਸਮਾਨ ਵਿਚ ਜੋ ਇੱਥੇ ਰੋਸ਼ਨੀ ਕਰ ਰਹੇ ਹਨ। ਇੱਥੇ ਹੁਣ ਗੁਰਦੁਆਰਾ ਕਤਲਗੜ੍ਹ (ਸ਼ਹੀਦ ਗੰਜ) ਗੜ੍ਹੀ ਸਾਹਿਬ ਸੁਸ਼ੋਭਿਤ ਹੈ। ਕਤਲਗੜ੍ਹ ਸਾਹਿਬ ਦੇ ਦਰਵਾਜ਼ੇ ਉੱਤੇ ਉਰਦੂ ਅਤੇ ਪੰਜਾਬੀ ਵਿਚ ਇਹ ਦੋ ਲਾਈਨਾਂ ਜੋਗੀ ਜੀ ਦੀਆਂ ਉਕਰੀਆਂ ਹੋਈਆਂ ਹਨ :

ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ
ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ।

**ਮੋ. 99155-60280**

# ਸਰਹਿੰਦ ਦਾ ਪਿਛੋਕੜ ਤੇ ਸਾਕਾ ਸਰਹਿੰਦ

**• ਡਾ. ਹਰਚੰਦ ਸਿੰਘ ਸਰਹਿੰਦੀ**

ਸਰਹਿੰਦ ਦਾ ਨਾਂ ਸੁਣਦਿਆਂ ਹੀ ਪੰਜਾਬ ਦੇ ਇਤਿਹਾਸ ਦਾ ਇਕ ਲਹੂ-ਭਿੱਜਿਆ ਕਾਂਡ ਸਾਡੇ ਜ਼ਿਹਨ ਵਿਚ ਉੱਭਰ ਆਉਂਦਾ ਹੈ- ਸਰਹਿੰਦ ਦੀ 'ਖ਼ੂਨੀ ਦੀਵਾਰ' ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ। ਫਿਰ ਇਸ ਦੁਖਾਂਤ ਤੋਂ ਉਪਜਿਆ ਦਰਦ, ਜੋ ਹਰ ਪੰਜਾਬੀ ਨੂੰ ਪੀੜ੍ਹੀ-ਦਰ-ਪੀੜ੍ਹੀ ਵਿਰਾਸਤ ਵਿਚ ਮਿਲਦਾ ਹੈ, ਇਕ ਲੰਮਾ ਹਉਕਾ ਬਣਕੇ ਹਿੱਕ ਨੂੰ ਚੀਰਦਾ ਹੋਇਆ ਬਾਹਰ ਨਿਕਲ ਜਾਂਦਾ ਹੈ। ਇਸ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਪੂਰੀ ਜੰਗੀ ਤਿਆਰੀ ਨਾਲ ਸਾਡੀ ਚੇਤਨਾ ਦੇ ਮੈਦਾਨ ਵਿਚ ਆ ਉਤਰਦਾ ਹੈ ਅਤੇ ਮੈਦਾਨ-ਏ-ਜੰਗ ਵਿਚ ਵਜ਼ੀਰ ਖ਼ਾਂ ਨੂੰ ਮੌਤ ਦੇ ਘਾਟ ਉਤਾਰ ਕੇ ਸਰਹਿੰਦ ਦੀ 'ਇੱਟ ਨਾਲ ਇੱਟ ਖੜਕਾ' ਦਿੰਦਾ ਹੈ। ਬੱਸ, ਇਕ ਆਮ ਵਿਅਕਤੀ ਲਈ ਏਨਾ ਕੁ ਹੀ ਹੈ ਸਰਹਿੰਦ ਦਾ ਮਹੱਤਵ, ਯਾਨੀ ਸਰਹਿੰਦ ਬਾਰੇ ਸਾਡਾ ਗਿਆਨ ਕੇਵਲ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਤੱਕ ਹੀ ਸੀਮਤ ਹੈ, ਜਦੋਂ ਕਿ 'ਹਿੰਦੁਸਤਾਨ ਦਾ ਸਿਰ' ਅਖਵਾਉਣ ਵਾਲੇ ਇਸ ਸ਼ਹਿਰ ਦੇ ਇਤਿਹਾਸਕ, ਧਾਰਮਿਕ ਤੇ ਸਭਿਆਚਾਰਕ ਪਿਛੋਕੜ ਬਾਰੇ ਜਾਣਕਾਰੀ ਹਾਸਲ ਕਰਨੀ ਵੀ ਉਨੀਉਂ ਜ਼ਰੂਰੀ ਹੈ।

ਸਰਹਿੰਦ, ਜਰਨੈਲੀ ਸੜਕ ਉੱਤੇ ਅੰਬਾਲਾ ਅਤੇ ਲੁਧਿਆਣਾ ਵਿਚਕਾਰ ਸਥਿਤ ਇਕ ਪੁਰਾਤਨ ਸ਼ਹਿਰ ਹੈ, ਜਿਸ ਨੇ ਆਪਣੀ ਬੁੱਕਲ ਵਿਚ ਪੰਜਾਬ ਦਾ ਸਦੀਆਂ ਪੁਰਾਣਾ ਇਤਿਹਾਸ ਲੁਕਾ ਰੱਖਿਆ ਹੈ। ਇਤਫ਼ਾਕ ਵੱਸ, ਇੱਥੇ ਇਹ ਗੱਲ ਸਪੱਸ਼ਟ ਕਰ ਦੇਣੀ ਜ਼ਰੂਰੀ ਬਣਦੀ ਹੈ ਕਿ ਬੰਦਾ ਬਹਾਦਰ ਨੇ ਸਰਹਿੰਦ ਦੀ ਇਤਿਹਾਸਕ ਜਿੱਤ ਤੋਂ ਬਾਅਦ ਸਰਹਿੰਦ ਵਿਖੇ ਜਿਸ ਅਸਥਾਨ 'ਤੇ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ, ਉਸਨੂੰ ਫ਼ਤਿਹਗੜ੍ਹ ਸਾਹਿਬ ਦਾ ਨਾਂ ਦਿੱਤਾ। ਸੋ, ਫ਼ਤਿਹਗੜ੍ਹ ਸਾਹਿਬ ਨੂੰ ਸਰਹਿੰਦ ਤੋਂ ਜੁਦਾ ਕਰਕੇ ਨਹੀਂ ਵੇਖਿਆ ਜਾ ਸਕਦਾ, ਭਾਵ ਫ਼ਤਿਹਗੜ੍ਹ ਸਾਹਿਬ, ਸਰਹਿੰਦ ਦਾ ਹੀ ਇਕ ਹਿੱਸਾ ਹੈ।

ਮੁਗ਼ਲ ਕਾਲ ਵਿਚ, ਖ਼ਾਸਕਰ ਸੋਲ੍ਹਵੀਂ ਤੇ ਸਤਾਰਵੀਂ ਸਦੀ ਦੌਰਾਨ, ਸਰਹਿੰਦ ਆਪਣੀ ਪ੍ਰਸਿੱਧੀ ਤੇ ਸ਼ਾਨ ਦੀ ਸਿਖ਼ਰ 'ਤੇ ਸੀ। ਉਦੋਂ ਇਹ

ਸਭਿਆਚਾਰਕ ਸਰਗਰਮੀਆਂ ਦਾ ਵੀ ਮੁੱਖ ਕੇਂਦਰ ਸੀ। ਫਿਰ ਸੰਨ 1710 ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਹਮਲੇ ਨਾਲ ਇਸ ਘੁੱਗ ਵਸਦੇ ਸ਼ਹਿਰ 'ਤੇ ਕਹਿਰ ਟੁੱਟ ਪਿਆ। ਅਫ਼ਗਾਨਾਂ ਦੇ ਹਮਲਿਆਂ ਨੇ ਵੀ ਇਸ ਨੂੰ ਨੁਕਸਾਨ ਪਹੁੰਚਾਇਆ। ਅੰਤ, 1764 ਵਿਚ ਸਿੱਖਾਂ ਨੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਕੀਤੇ ਹਮਲੇ ਵਿਚ ਇਸ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ।

ਸਰਹਿੰਦ ਦੀਆਂ ਸਾਰੀਆਂ ਮੌਜੂਦਾ ਯਾਦਗਾਰੀ ਨਿਸ਼ਾਨੀਆਂ ਬਾਦਸ਼ਾਹ ਅਕਬਰ ਅਤੇ ਔਰੰਗਜ਼ੇਬ ਦੇ ਵਿਚਕਾਰਲੇ ਸਮੇਂ ਦੌਰਾਨ ਹੋਂਦ ਵਿਚ ਆਈਆਂ। ਬੇਸ਼ੱਕ ਅੱਜ ਬਹੁਤੀਆਂ ਯਾਦਗਾਰਾਂ ਖੰਡਰਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ, ਫਿਰ ਵੀ ਇਨ੍ਹਾਂ ਤੋਂ ਬੀਤੇ ਸਮੇਂ ਬਾਰੇ ਕਈ ਤਰ੍ਹਾਂ ਦੀ ਇਤਿਹਾਸਕ ਤੇ ਸਭਿਆਚਾਰਕ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਮੁਗ਼ਲ ਕਾਲ ਦੀਆਂ ਇਤਿਹਾਸਕ ਯਾਦਗਾਰਾਂ ਬਾਰੇ ਡੂੰਘੀ ਜਾਣਕਾਰੀ ਰੱਖਣ ਵਾਲਾ ਵਿਦਵਾਨ ਤੇ ਖੋਜੀ, ਡਾ. ਸੁਭਾਸ਼ ਪਰਿਹਾਰ ਆਪਣੀ ਪੁਸਤਕ Sirhind and Its Architectural Remains ਵਿਚ ਲਿਖਦਾ ਹੈ ਕਿ "ਸਰਹਿੰਦ ਵਿਖੇ ਇਸਦੀ ਚੜ੍ਹਤ ਦੇ ਦਿਨਾਂ ਵਿਚ 360 ਮਸਜਿਦਾਂ, ਬਾਗ਼, ਸਰਾਵਾਂ, ਮਕਬਰੇ ਅਤੇ ਖੂਹ ਸਨ।" ਸਮੇਂ ਦੇ ਝੱਖੜ-ਝੋਲਿਆਂ ਅਤੇ ਤੂਫ਼ਾਨਾਂ ਵਿੱਚੋਂ ਗੁਜ਼ਰਦਿਆਂ ਜਿਹੜੀਆਂ ਯਾਦਗਾਰਾਂ, ਖੁਸ਼ਕਿਸਮਤੀ ਨਾਲ ਸਾਡੇ ਲਈ ਬਚ ਗਈਆਂ ਹਨ, ਉਨ੍ਹਾਂ ਦੀ ਗਿਣਤੀ ਇਸ ਸਮੇਂ ਲਗਭਗ ਤਿੰਨ ਦਰਜਨ ਹੈ। ਇਨ੍ਹਾਂ ਵਿੱਚੋਂ ਰੋਜ਼ਾ ਸ਼ਰੀਫ਼, ਆਮ-ਖ਼ਾਸ ਬਾਗ਼, ਉਸਤਾਦ-ਸ਼ਗਿਰਦ ਦਾ ਮਕਬਰਾ, ਡੇਰਾ ਮੀਰ ਮੀਰਾਂ ਦਾ ਮਕਬਰਾ, ਲਾਲ ਮਸਜਿਦ, ਚੋਅ ਦਾ ਪੁਲ ਅਤੇ ਸਦਨੇ ਕਸਾਈ ਦੀ ਮਸਜਿਦ ਮਹੱਤਵਪੂਰਨ ਹਨ। ਖ਼ੁਸ਼ੀ ਦੀ ਗੱਲ ਹੈ ਕਿ ਪੁਰਾਤਤਵ ਵਿਭਾਗ, ਪੰਜਾਬ ਨੇ ਸਰਹਿੰਦ ਦੀਆਂ ਪੰਜ ਯਾਦਗਾਰਾਂ ਦੀ ਸਾਂਭ-ਸੰਭਾਲ ਲਈ ਕਦਮ ਪੁੱਟੇ ਹਨ।

ਇਨ੍ਹਾਂ ਯਾਦਗਾਰਾਂ ਦੇ ਅਧਿਐਨ ਤੋਂ ਇਹ ਪਤਾ ਲੱਗਦਾ ਹੈ ਕਿ ਸਰਹਿੰਦ ਦਾ ਸਭਿਆਚਾਰਕ ਵਿਰਸਾ ਬਹੁਤ ਅਮੀਰ ਹੈ। ਇਨ੍ਹਾਂ ਯਾਦਗਾਰਾਂ ਵਿਚ ਉੱਚਕੋਟੀ ਦੀ ਕਲਾ, ਖ਼ਾਸਕਰ ਮੁਗ਼ਲ ਕਾਲ ਦੀ ਇਮਾਰਤਸਾਜ਼ੀ ਅਤੇ ਚਿੱਤਰਕਲਾ ਦੇ ਸਦੀਆਂ ਪੁਰਾਣੇ ਨਮੂਨੇ ਸੁਰੱਖਿਅਤ ਹਨ। ਸਾਡੀਆਂ ਆਉਣ ਵਾਲੀਆਂ ਨਸਲਾਂ ਇਨ੍ਹਾਂ ਦੁਰੱਲਭ ਸੋਮਿਆਂ ਤੋਂ ਬੀਤੇ ਸਮੇਂ ਬਾਰੇ ਭਰਪੂਰ ਜਾਣਕਾਰੀ ਹਾਸਲ ਕਰ ਸਕਣਗੀਆਂ। ਸਰਹਿੰਦ ਦੀਆਂ ਕੁਝ ਇਕ ਪੁਰਾਤਨ ਇਮਾਰਤਾਂ ਦੇ ਲੱਕੜੀ ਦੇ ਦਰਵਾਜ਼ਿਆਂ ਅਤੇ ਚੁਗਾਠਾਂ 'ਤੇ ਪੁਰਾਤਨ ਨਿਕਾਸੀਕਾਰੀ ਦਾ ਕੰਮ ਵੇਖਿਆ

ਜਾ ਸਕਦਾ ਹੈ। ਸੋ, ਇਨ੍ਹਾਂ ਯਾਦਗਾਰਾਂ ਦੀ ਸਰਹਿੰਦ ਦੀ ਵਿਰਾਸਤ ਵਜੋਂ ਸੰਭਾਲ ਕਰਨੀ ਅਤਿ ਜ਼ਰੂਰੀ ਹੈ।

ਇੱਥੇ ਰੋਜ਼ਾ ਸ਼ਰੀਫ਼ ਅਤੇ ਆਮ-ਖ਼ਾਸ ਬਾਗ਼ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ।

**ਰੋਜ਼ਾ ਸ਼ਰੀਫ਼** : ਗੁਰਦੁਆਰਾ ਸਾਹਿਬ ਦੇ ਉੱਤਰ ਵੱਲ ਥੋੜ੍ਹੇ ਫ਼ਾਸਲੇ ’ਤੇ ਹਜ਼ਰਤ ਮੁਜੱਦਿਦ-ਅਲਫ਼-ਸਾਨੀ-ਸ਼ੇਖ਼ ਅਹਿਮਦ ਫਾਰੂਕੀ ਦਾ ਸ਼ਾਨਦਾਰ ਰੋਜ਼ਾ ਸਥਿਤ ਹੈ। ਹਰ ਸਾਲ ਪਾਕਿਸਤਾਨ, ਅਫ਼ਗਾਨਿਸਤਾਨ, ਇੰਡੋਨੇਸ਼ੀਆ ਅਤੇ ਭਾਰਤ ਦੇ ਵੱਖ-ਵੱਖ ਭਾਗਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਨਕਸ਼ਬੰਦੀ ਮੁਸਲਮਾਨ ਇਸ ਦੀ ਜ਼ਿਆਰਤ ਕਰਦੇ ਹਨ। ਦੁਨੀਆਂ ਭਰ ਦੇ ਸੁੰਨੀ ਮੁਸਲਮਾਨਾਂ ਲਈ ਇਹ ਅਸਥਾਨ ਦੂਜੇ ਮੱਕੇ ਦੀ ਹੈਸੀਅਤ ਰੱਖਦਾ ਹੈ। ਰੋਜ਼ਾ ਸ਼ਰੀਫ਼ ਦੇ ਘੇਰੇ ਅੰਦਰ ਕਈ ਮਕਬਰੇ ਹਨ, ਜਿਨ੍ਹਾਂ ਵਿੱਚੋਂ ਇਕ ਅਫ਼ਗਾਨਿਸਤਾਨ ਦੇ ਸ਼ਾਹ ਜ਼ਮਾਨ ਦਾ ਹੈ।

**ਆਮ-ਖ਼ਾਸ ਬਾਗ਼** : ਇਹ ਮੁਗਲਾਂ ਦੀ ਸ਼ਾਨੋ-ਸ਼ੌਕਤ ਦੀ ਇਕ ਸ਼ਾਨਦਾਰ ਮਿਸਾਲ ਪੇਸ਼ ਕਰਦਾ ਹੈ। ਇਹ ਆਮ ਤੇ ਖ਼ਾਸ ਲੋਕਾਂ ਲਈ ਉਸਾਰੀ ਗਈ ਇਕ ਸਰ੍ਹਾਂ ਸੀ। ਇਸ ਨੂੰ ਸਭ ਤੋਂ ਪਹਿਲਾਂ ਬਾਬਰ ਨੇ ਤਾਮੀਰ ਕਰਵਾਇਆ ਅਤੇ ਫਿਰ ਬਾਦਸ਼ਾਹ ਸ਼ਾਹਜਹਾਂ ਨੇ ਇਸ ਵਿੱਚ ਵਾਧਾ ਕੀਤਾ।

ਸਰਹਿੰਦ ਦੇ ਘੇਰੇ ਅੰਦਰ ਸਾਕਾ ਸਰਹਿੰਦ ਨਾਲ ਸਬੰਧਤ ਗੁਰਦੁਆਰਿਆਂ ਤੋਂ ਇਲਾਵਾ ਕਈ ਪੁਰਾਤਨ ਮੰਦਿਰ ਵੀ ਸਥਿਤ ਹਨ, ਜਿਨ੍ਹਾਂ ਵਿਚ ਪੁਰਾਣਾ ਦਸ਼ਨਾਮੀ ਅਖਾੜਾ, ਦਿਆਲਪੁਰੀ ਮੰਦਿਰ ਅਤੇ ਮਾਤਾ ਚਕਰੇਸ਼ਵਰੀ ਦੇਵੀ ਦਾ ਮੰਦਿਰ ਮੁੱਖ ਤੌਰ ’ਤੇ ਸ਼ਾਮਲ ਹਨ। ਮਾਤਾ ਚਕਰੇਸ਼ਵਰੀ ਦਾ ਮੰਦਿਰ, ਜੈਨ ਧਰਮ ਦੇ ਪੈਰੋਕਾਰਾਂ ਲਈ ਇਕ ਵੱਡਾ ਤੀਰਥ ਅਸਥਾਨ ਹੈ।

ਆਓ ! ਹੁਣ ਸਰਹਿੰਦ ਵਿਖੇ ਵਾਪਰੀ ਸ਼ਹਾਦਤ ਦੀ ਉਸ ਬੇਨਜ਼ੀਰ ਘਟਨਾ ਦਾ ਜ਼ਿਕਰ ਕਰੀਏ ਜਿਸ ਨੇ ਸਿੱਖ ਮਨਾਂ ’ਤੇ ਡੂੰਘਾ ਪੱਛ ਮਾਰਿਆ।... ਪਰ ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸਾਕਾ ਸਰਹਿੰਦ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਲਾਮਬੰਦ ਹੋਣ ਲਈ ਠੋਸ ਆਧਾਰ ਮੁਹੱਈਆ ਕੀਤਾ। ਤਾਹੀਉਂ, ਇਸ ਘਟਨਾ ਤੋਂ ਥੋੜ੍ਹੇ ਅਰਸੇ ਬਾਅਦ ਹੀ ਸਿੱਖਾਂ ਨੇ ਬੰਦਾ ਬਹਾਦਰ ਦੀ ਕਮਾਨ ਹੇਠ ਸਰਹਿੰਦ ਨੂੰ ਇੱਟਾਂ ਦੇ ਢੇਰ ਵਿਚ ਬਦਲ ਕੇ ਰੱਖ ਦਿੱਤਾ ਸੀ। ਫਿਰ ਜਦੋਂ ਸਿੱਖ ਹੱਥਾਂ ਵਿਚ ਸ਼ਮਸ਼ੀਰ ਲੈ ਕੇ ਮੈਦਾਨ ਵਿਚ ਨਿੱਤਰੇ ਤਾਂ, ਤੁਸੀਂ ਵੇਖੋਗੇ, ਤਖ਼ਤਾਂ ਤੇ ਤਾਜਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ।

ਸਾਕਾ ਸਰਹਿੰਦ ਦੀ ਲੜੀ, ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਨਾਲ ਸ਼ੁਰੂ ਹੁੰਦੀ ਹੈ। ਗੁਰੂ ਸਾਹਿਬ ਨੇ 21 ਦਸੰਬਰ, 1704 ਈ. ਨੂੰ ਆਪਣੇ ਪਰਿਵਾਰ ਅਤੇ ਲਗਭਗ 1500 ਸਿੱਖਾਂ ਸਮੇਤ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਕੇ ਰੋਪੜ ਵੱਲ ਕੂਚ ਕੀਤਾ। ਸਰਸਾ ਨਦੀ ਦੇ ਕੰਢੇ 'ਤੇ ਮੁਗ਼ਲ ਫ਼ੌਜਾਂ ਨਾਲ ਘਸਮਾਨ ਦਾ ਯੁੱਧ ਹੋਇਆ। ਇਸ ਮੌਕੇ ਮਾਤਾ ਗੁਜਰੀ ਅਤੇ ਗੁਰੂ ਸਾਹਿਬ ਦੇ ਦੋ ਛੋਟੇ ਸਾਹਿਬਜ਼ਾਦੇ, ਬਾਬਾ ਜ਼ੋਰਾਵਰ ਸਿੰਘ (9 ਸਾਲ) ਤੇ ਬਾਬਾ ਫ਼ਤਹਿ ਸਿੰਘ (7 ਸਾਲ) ਵਹੀਰ ਨਾਲੋਂ ਨਿਖੜ ਜਾਂਦੇ ਹਨ। ਗੁਰੂ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਉਨ੍ਹਾਂ ਨੂੰ ਆਪਣੇ ਪਿੰਡ ਸਹੇੜੀ (ਨੇੜੇ ਮੋਰਿੰਡਾ) ਵਿਖੇ ਆਪਣੇ ਘਰ ਲੈ ਜਾਂਦਾ ਹੈ। ਇੱਥੋਂ ਮੋਰਿੰਡੇ ਦਾ ਕੋਤਵਾਲ, ਮਾਤਾ ਗੁਜਰੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਕੇ 23 ਦਸੰਬਰ, 1704 ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੰਦਾ ਹੈ। ਇਨ੍ਹਾਂ ਤਿੰਨਾਂ ਸ਼ਾਹੀ ਕੈਦੀਆਂ ਨੂੰ ਅਗਲੀ ਕਾਰਵਾਈ ਤੱਕ ਠੰਢੇ ਬੁਰਜ ਵਿਚ ਨਜ਼ਰਬੰਦ ਕਰ ਦਿੱਤਾ ਗਿਆ।

24 ਦਸੰਬਰ ਨੂੰ ਸਾਹਿਬਜ਼ਾਦਿਆਂ ਨੂੰ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਅਤੇ ਸ਼ਾਹੀ ਠਾਠ-ਬਾਠ ਦੀ ਜ਼ਿੰਦਗੀ ਬਤੀਤ ਕਰਨ ਦੀ ਪੇਸ਼ਕਸ਼ ਕੀਤੀ ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ।

25 ਦਸੰਬਰ ਨੂੰ ਸਾਹਿਬਜ਼ਾਦਿਆਂ ਨੂੰ ਮੁੜ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਫਿਰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ ਪਰ ਸਾਹਿਬਜ਼ਾਦਿਆਂ ਨੇ ਸਪੱਸ਼ਟ ਸ਼ਬਦਾਂ ਵਿਚ ਆਪਣਾ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਉਹ ਆਪਣੇ ਧਰਮ ਨੂੰ ਆਪਣੀ ਜਾਨ ਦੀ ਨਕਦੀ ਨਾਲ ਨਹੀਂ ਵੇਚਣਾ ਚਾਹੁੰਦੇ। ਕੋਈ ਵਾਹ ਨਾ ਚਲਦੀ ਵੇਖ ਕੇ ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰਨ ਦਾ ਮੰਦਭਾਗੀ ਫ਼ੈਸਲਾ ਆਖ਼ਿਰ ਦੇ ਹੀ ਦਿੱਤਾ। ਇਹ ਫ਼ੈਸਲਾ ਸਿੱਖਾਂ ਦੇ ਕਾਲਜੇ ਸੱਲ੍ਹ ਗਿਆ, ਸਿੱਖ ਜਗਤ ਹੁਬਕੀਂ ਰੋਇਆ ਅਤੇ ਹਰ ਪੰਜਾਬੀ ਦੀ ਅੱਖ ਸਿੱਲ੍ਹੀ ਹੋਈ। ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖ਼ਾਂ ਨੇ ਇਸ ਫ਼ੈਸਲੇ 'ਤੇ ਅਸਹਿਮਤੀ ਪ੍ਰਗਟ ਕਰਦਿਆਂ 'ਹਾਅ ਦਾ ਨਾਅਰਾ' ਮਾਰਿਆ।

ਅੰਤ, ਉਹ ਕੁਲਹਿਣੀ ਘੜੀ ਆਣ ਪਹੁੰਚੀ ਜਿਸ ਬਾਰੇ ਕਿਹਾ ਜਾ ਸਕਦਾ ਹੈ ਕਿ "ਲਮਹੋਂ ਨੇ ਖ਼ਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।" ਮਾਸੂਮ

ਜਿੰਦਾਂ ਨੂੰ ਕੰਧ ਵਿਚ ਚਿਣਵਾਇਆ ਜਾਣ ਲੱਗਾ। ਜਦੋਂ ਕੰਧ ਛਾਤੀ ਤੱਕ ਅੱਪੜ ਗਈ ਤਾਂ ਆਰਜ਼ੀ ਢਾਂਚਾ ਧੜੱਮ ਡਿੱਗ ਪਿਆ ਅਤੇ ਸਾਹਿਬਜ਼ਾਦਿਆਂ ਨੂੰ ਇੱਟਾਂ ਵਿੱਚੋਂ ਬੇਹੋਸ਼ੀ ਦੀ ਹਾਲਤ ਵਿਚ ਬਾਹਰ ਕੱਢਿਆ ਗਿਆ। ਪ੍ਰੋ. ਹਰਬੰਸ ਸਿੰਘ ਆਪਣੀ ਪ੍ਰਸਿੱਧ ਪੁਸਤਕ "ਗੁਰੂ ਗੋਬਿੰਦ ਸਿੰਘ' ਦੇ ਪੰਨਾ 121 ਉੱਤੇ ਲਿਖਦਾ ਹੈ : "The Temporary Structure Tumbled down and they (Sahibzadas) were taken out of the Bricks unconscious." ਕੁਝ ਸਮੇਂ ਬਾਅਦ ਸਾਹਿਬਜ਼ਾਦੇ ਹੋਸ਼ ਵਿਚ ਆ ਗਏ। 26 ਦਸੰਬਰ ਨੂੰ ਚੁੱਪ ਵਰਤੀ ਰਹੀ।

ਤੀਸਰੀ ਪੇਸ਼ੀ (27 ਦਸੰਬਰ) ਵੇਲੇ ਵੀ ਇਸਲਾਮ ਕਬੂਲ ਕਰਨ ਦੀ ਉਹੋ ਰਟ ਦੁਹਰਾਈ ਗਈ, ਪਰ ਸਾਹਿਬਜ਼ਾਦੇ ਸ਼ਾਂਤ ਤੇ ਅਡੋਲ ਰਹੇ। ਅੰਤ, ਸੂਬੇਦਾਰ ਨੇ ਆਪਣੀ 'ਹਾਰ ਕਬੂਲ ਕਰਦਿਆਂ' ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰਨ ਦਾ ਹੁਕਮ ਦਿੱਤਾ ਅਤੇ ਨਾਲ ਹੀ ਆਪਣੀ ਮੌਤ ਦੇ ਵਰੰਟਾਂ 'ਤੇ ਵੀ ਹਸਤਾਖ਼ਰ ਕਰ ਦਿੱਤੇ। ਜੱਲਾਦ ਨੇ ਵਾਰੀ-ਵਾਰੀ ਸਾਹਿਬਜ਼ਾਦਿਆਂ ਦੇ ਸਿਰ ਧੜ ਨਾਲੋਂ ਵੱਖ ਕਰ ਦਿੱਤੇ (ਅਤੇ ਨਾਲ ਹੀ ਮੁਗ਼ਲ ਹਕੂਮਤ ਦੀਆਂ ਜੜ੍ਹਾਂ 'ਤੇ ਵੀ ਦੋ ਡੂੰਘੇ ਟੱਕ ਮਾਰ ਦਿੱਤੇ)। ਪ੍ਰੋ. ਹਰਬੰਸ ਸਿੰਘ ਅਨੁਸਾਰ : They were Slain in the order of their ages by the sword of a Ghilzai Executioner." ਸਿੱਖ ਪੰਥ ਦੇ ਬਹੁ-ਸੰਮਤੀ ਵਿਦਵਾਨ ਤੇ ਇਤਿਹਾਸਕਾਰ, ਜਿਨ੍ਹਾਂ ਵਿਚ ਭਾਈ ਰਤਨ ਸਿੰਘ ਭੰਗੂ, ਭਾਈ ਸੰਤੋਖ ਸਿੰਘ ਤੇ ਭਾਈ ਸੁੱਖਾ ਸਿੰਘ ਮੁੱਖ ਤੌਰ 'ਤੇ ਸ਼ਾਮਲ ਹਨ, ਉਪਰੋਕਤ ਤੱਥ ਦੀ ਪੁਸ਼ਟੀ ਕਰਦੇ ਹਨ।

ਮਾਤਾ ਗੁਜਰੀ ਬਿਰਧ ਅਵਸਥਾ ਕਾਰਨ ਇਹ ਸਦਮਾ ਨਾ ਸਹਾਰਦੇ ਹੋਏ ਬੇਹੋਸ਼ ਹੋ ਗਏ ਅਤੇ ਮੁੜ ਹੋਸ਼ ਵਿਚ ਨਾ ਆਏ। ਦੀਵਾਨ ਟੋਡਰ ਮੱਲ ਨੇ ਇਨ੍ਹਾਂ ਤਿੰਨਾਂ ਸ਼ਹੀਦਾਂ ਦੀਆਂ ਦੇਹਾਂ ਦਾ ਅੰਤਿਮ ਸਸਕਾਰ ਕਰਨ ਦਾ ਪ੍ਰਬੰਧ ਕੀਤਾ।

ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਹਰ ਸਾਲ 11, 12 ਤੇ 13 ਪੋਹ ਨੂੰ ਮਨਾਇਆ ਜਾਂਦਾ ਹੈ ਪਰ ਕੁਝ ਇਕ ਪੁਰਾਤਨ ਲਿਖਤਾਂ ਜਿਨ੍ਹਾਂ ਵਿੱਚ ਗੁਲਾਬ ਸਿੰਘ ਰਚਿਤ ਗ੍ਰੰਥ- 'ਗੁਰਪ੍ਰਣਾਲੀ' ਅਤੇ ਦੁੱਨਾ ਸਿੰਘ ਹੰਡੂਰੀਏ ਰਚਿਤ ਗ੍ਰੰਥ- 'ਕਥਾ ਗੁਰੂ ਜੀ ਕੇ ਸੁਤਨ ਕੀ' ਮੁੱਖ ਤੌਰ 'ਤੇ ਸ਼ਾਮਲ ਹਨ, ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਮਿਤੀ 3 ਪੋਹ, 1762 ਬਿ. ਦਰਜ ਹੈ।

**ਨਵੇਂ ਇਤਿਹਾਸ ਦੀ ਸਿਰਜਣਾ** : ਇਹ ਸਾਕਾ ਸਰਹਿੰਦ ਦਾ ਹੀ ਪ੍ਰਤੀਕਰਮ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸ਼ਾਂਤੀ ਮੱਠ ਨੂੰ ਅਲਵਿਦਾ ਆਖ,

ਦੋਸ਼ੀ ਨੂੰ ਉਸ ਦੇ ਪਾਪ ਦੀ ਸਜ਼ਾ ਦੇਣ ਅਤੇ ਸਿਤਮਾਂ ਦੀ ਨਗਰੀ ਦੀ 'ਇੱਟ ਨਾਲ ਇੱਟ ਖੜਕਾਉਣ' ਲਈ ਪੰਜਾਬ ਦੇ ਇਤਿਹਾਸਕ ਰੰਗ-ਮੰਚ 'ਤੇ ਇਕ ਨਾਇਕ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ। 38 ਸਾਲਾ ਬੰਦਾ ਬਹਾਦਰ ਨੇ ਜਿੱਤਾਂ ਦੇ ਇਕ ਲੰਮੇਂ ਸਿਲਸਿਲੇ ਤੋਂ ਬਾਅਦ ਆਪਣੇ ਮੁੱਖ ਨਿਸ਼ਾਨੇ ਸਰਹਿੰਦ ਵੱਲ ਵਾਗਾਂ ਮੋੜੀਆਂ। 12 ਮਈ, 1710 ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿਚ ਇਕ ਫ਼ੈਸਲਾਕੁੰਨ ਯੁੱਧ ਹੋਇਆ। ਇਸ ਯੁੱਧ ਵਿਚ ਸੂਬੇਦਾਰ ਵਜ਼ੀਰ ਖ਼ਾਂ ਮਾਰਿਆ ਗਿਆ। 14 ਮਈ, 1710 ਨੂੰ ਸਿੱਖ ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖ਼ਲ ਹੋਏ।

ਇਸ ਜਿੱਤ ਤੋਂ ਬਾਅਦ ਸਿੱਖਾਂ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਇਸੇ ਚੜ੍ਹਤ ਦੌਰਾਨ ਬੰਦਾ ਬਹਾਦਰ ਨੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ ਅਤੇ ਗੁਰੂ ਸਾਹਿਬਾਨ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ। ਇਸ ਤਰ੍ਹਾਂ ਇਕ ਬਚੂੰਗੜੀ ਕੌਮ ਨੇ ਅਚਾਨਕ ਕੱਦ ਕੱਢਿਆ ਅਤੇ ਭਾਰਤ ਦੇ ਨਕਸ਼ੇ 'ਤੇ ਪਹਿਲੀ ਵੇਰ ਇਕ ਰਾਜਸੀ ਤਾਕਤ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਈ। ਸਰਹਿੰਦ ਦੀ 'ਖ਼ੂਨੀ ਦੀਵਾਰ' ਸਿੱਖ ਰਾਜ ਦਾ ਨੀਂਹ-ਪੱਥਰ ਸਾਬਤ ਹੋਈ। ਗੱਲ ਕੀ, ਇਹ ਸਾਕਾ ਸਰਹਿੰਦ ਦੇ ਤਿੱਖੇ ਪ੍ਰਤੀਕਰਮ ਵਜੋਂ ਹੀ ਸੰਭਵ ਹੋ ਸਕਿਆ ਕਿ ਸਿੱਖਾਂ ਨੇ ਸਦੀਆਂ ਦੀ ਗ਼ੁਲਾਮੀ ਤੋਂ ਬਾਅਦ ਮੁਗ਼ਲਾਂ 'ਤੇ ਫ਼ਤਿਹ ਹਾਸਲ ਕਰਕੇ ਗ਼ਜ਼ਨਵੀ, ਤੈਮੂਰ ਤੇ ਬਾਬਰ ਦੇ ਖ਼ਾਨਦਾਨਾਂ ਵਿੱਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ।

ਸੋ, ਸਾਕਾ ਸਰਹਿੰਦ ਸਾਡਾ ਗੌਰਵਮਈ ਵਿਰਸਾ ਹੈ। ਆਪਣੇ ਇਸ ਸ਼ਾਨਾਮੱਤੇ ਇਤਿਹਾਸ ਨੂੰ ਯਾਦ ਰੱਖਣਾ ਸਾਡਾ ਫ਼ਰਜ਼ ਬਣਦਾ ਹੈ। ਸ਼ਹੀਦ ਸੂਰਮੇ ਹਮੇਸ਼ਾ ਕਿਸੇ ਕੌਮ ਦਾ ਕੀਮਤੀ ਸਰਮਾਇਆ ਹੁੰਦੇ ਹਨ ਅਤੇ ਜ਼ਿੰਦਾ ਕੌਮਾਂ ਉਨ੍ਹਾਂ ਨੂੰ ਸਦਾ ਯਾਦ ਰੱਖਦੀਆਂ ਹਨ। ਉਂਞ ਵੀ "ਤੁਹਾਡੇ ਅੰਗ-ਸੰਗ ਤੁਹਾਡੇ ਸ਼ਹੀਦ ਤੁਹਾਥੋਂ ਕੋਈ ਆਸ ਰੱਖਦੇ ਹਨ।"

**ਮੋ. 92178-45812**

*ਪੁਸਤਕ 'ਪੁਆਧ ਦਰਪਣ' (2006) 'ਚੋਂ ਧੰਨਵਾਦ ਸਹਿਤ।*

**- ਸੰਪਾਦਕ**

●

# ਚੱਪੜਚਿੜੀ ਦੇ ਜੰਗ ਦਾ ਅਲੌਕਿਕ ਇਤਿਹਾਸ

**• ਨਿਰੰਜਣ ਸਿੰਘ ਸਾਥੀ (ਸਵਰਗੀ)**

ਸੰਨ 1710 ਦੇ ਅਪ੍ਰੈਲ-ਮਈ ਦੇ ਦਿਨ ਸਨ। ਬਨੂੜ ਨੇੜੇ ਪਿੰਡ ਛੜਬੜ ਦੀ ਚੋਈ ਕਿਨਾਰੇ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਡੇਰਾ ਲਾਈ ਬੈਠੀ ਸੀ। ਮਾਝੇ-ਦੁਆਬੇ ਦੇ ਸਿੰਘ ਵੀ ਇੱਥੇ ਆ ਕੇ ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਿਲ ਹੋ ਗਏ ਸਨ। ਪਿਛਲੇ ਸਮੇਂ ਵਿਚ ਹੋਈਆਂ ਜਿੱਤਾਂ ਕਾਰਨ ਸਿੰਘ ਬਹੁਤ ਚੜ੍ਹਦੀ ਕਲਾ ਵਿਚ ਸਨ। ਹੁਣ ਤਾਂ ਬੱਸ ਦਿਨੇ-ਰਾਤ ਸਿੰਘਾਂ ਨੂੰ ਸਰਹਿੰਦ ਦੇ ਸੁਪਨੇ ਹੀ ਆਉਂਦੇ ਸਨ। ਕਿਹੜੀ ਘੜੀ ਆਵੇ ਕਿ ਗੁਰੂ-ਮਾਰੀ ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦੇਈਏ। ਬੰਦਾ ਸਿੰਘ ਬਹਾਦਰ ਤੋਂ ਬਿਨਾਂ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ (ਖਡੂਰੀਏ), ਭਾਈ ਫਤਿਹ ਸਿੰਘ (ਸਿੱਧੂ), ਭਾਈ ਕਰਮ ਸਿੰਘ, ਧਰਮ ਸਿੰਘ (ਭਾਈ ਰੂਪੇ ਕੇ), ਭਾਈ ਆਲੀ ਸਿੰਘ, ਮਾਲੀ ਸਿੰਘ (ਸਲੌਦੀ ਵਾਲੇ), ਭਾਈ ਬਾਜ ਸਿੰਘ ਅਤੇ ਭਾਈ ਰਾਮ ਸਿੰਘ (ਮੀਰਪੁਰ ਪੱਟੀ ਜ਼ਿਲ੍ਹਾ ਅੰਮ੍ਰਿਤਸਰ) ਸਿੰਘਾਂ ਦੇ ਜਰਨੈਲ ਸਨ। ਮੁਸਲਮਾਨ ਇਤਿਹਾਸਕਾਰਾਂ ਅਨੁਸਾਰ ਇਸ ਸਮੇਂ ਸਿੰਘਾਂ ਦੀ ਗਿਣਤੀ ਚਾਲ੍ਹੀ ਜਾਂ ਸੱਤਰ ਹਜ਼ਾਰ ਸੀ ਪਰ ਡਾ. ਗੰਡਾ ਸਿੰਘ ਦਾ ਵਿਚਾਰ ਹੈ ਕਿ ਮੁਸਲਿਮ ਲਿਖਾਰੀਆਂ ਨੇ ਵਜ਼ੀਰ ਖਾਨ ਦੀ ਪੰਦਰ੍ਹਾਂ-ਵੀਹ ਹਜ਼ਾਰ ਫ਼ੌਜ ਦੇ ਮੁਕਾਬਲੇ ਵਿਚ ਸਿੰਘਾਂ ਦੀ ਗਿਣਤੀ ਜਾਣ-ਬੁੱਝ ਕੇ ਵਧਾ ਕੇ ਲਿਖੀ ਹੈ।

ਸੂਬੇਦਾਰ ਵਜ਼ੀਰ ਖਾਨ ਨੂੰ ਪਤਾ ਲੱਗ ਗਿਆ ਸੀ ਕਿ ਸਿੰਘਾਂ ਦਾ ਹੜ੍ਹ ਸਰਹਿੰਦ ਵੱਲ ਆ ਰਿਹਾ ਹੈ। ਕੁਝ ਇਤਿਹਾਸਕਾਰਾਂ ਨੇ ਇਸ ਸਮੇਂ ਵਜ਼ੀਰ ਖਾਨ ਦੀ ਉਮਰ 80 ਸਾਲ ਲਿਖੀ ਹੈ ਪਰ ਉਸਦੇ ਦਿਲ ਵਿਚ ਗੁਰੂ ਗੋਬਿੰਦ ਸਿੰਘ ਨਾਲ ਵੈਰ ਤੇ ਦਗ਼ਾ ਕਮਾਉਣ ਦੀ ਅੱਗ ਅਜੇ ਤੱਕ ਮੱਠੀ ਨਹੀਂ ਸੀ ਹੋਈ। ਉਸਨੂੰ ਆਪਣੀ ਤਾਕਤ ਉੱਤੇ ਬਹੁਤ ਮਾਣ ਸੀ। ਸਿੰਘਾਂ ਦੇ ਦਲ ਨੂੰ ਉਹ ਕੀੜੇ-ਮਕੌੜੇ ਹੀ ਸਮਝਦਾ ਸੀ। ਉਸਦੀ ਫ਼ੌਜ ਵਿਚ ਪੰਦਰ੍ਹਾਂ ਤੋਂ ਵੀਹ ਹਜ਼ਾਰ ਤੱਕ ਬੰਦੂਕਚੀ, ਤੀਰ-ਅੰਦਾਜ਼ ਤੇ ਘੋੜਸਵਾਰ ਸ਼ਾਮਿਲ ਸਨ। ਉਸ ਕੋਲ ਭਾਰੀ ਤੋਪਖਾਨਾ ਤੇ ਜੰਗੀ ਹਾਥੀ ਸਨ। ਇਸਲਾਮ ਦੀ ਦੁਹਾਈ ਪਾ ਕੇ ਕਈ ਹਜ਼ਾਰ 'ਗਾਜ਼ੀ' ਵੀ ਇਕੱਠੇ ਕੀਤੇ ਹੋਏ ਸਨ। ਉਹ ਸਰਹਿੰਦ ਸ਼ਹਿਰ ਨੂੰ ਤਬਾਹੀ ਤੋਂ ਬਚਾਉਣਾ ਚਾਹੁੰਦਾ ਸੀ, ਇਸ ਲਈ ਆਪਣੇ ਲਾਉ ਲਸ਼ਕਰ ਨੂੰ ਨਾਲ ਲੈ ਕੇ

ਉਹ ਸਰਹਿੰਦ ਦੇ ਉੱਤਰ-ਪੂਰਬ ਵਿਚ ਤਕਰੀਬਨ ਤੀਹ ਕਿਲੋਮੀਟਰ ਦੇ ਫਾਸਲੇ 'ਤੇ ਖਰੜ ਤੋਂ 5 ਕਿਲੋਮੀਟਰ ਦੂਰ, ਚੱਪੜਚਿੜੀ ਨਾਂ ਦੇ ਦੋ ਪਿੰਡਾਂ ਦੇ ਵਿਚਾਲੇ ਖੁੱਲ੍ਹੇ ਮੈਦਾਨ ਵਿਚ ਆ ਡੱਟਿਆ। ਰਣਭੂਮੀ ਵਿਚ ਉਸਨੇ ਸਭ ਤੋਂ ਅੱਗੇ ਤੋਪਾਂ ਦੀ ਕਤਾਰ ਬੀੜ ਦਿੱਤੀ। ਤੋਪਾਂ ਦੇ ਪਿੱਛੇ ਦਿਉ-ਕੱਦ ਹਾਥੀ ਖੜ੍ਹੇ ਕੀਤੇ, ਜਿਨ੍ਹਾਂ ਉੱਤੇ ਬੰਦੂਕਚੀ ਤੇ ਤੀਰ-ਅੰਦਾਜ਼ ਬੈਠੇ ਸਨ। ਹਾਥੀਆਂ ਦੇ ਪਿੱਛੇ ਵਜ਼ੀਰ ਖਾਨ ਦੀ ਘੋੜਸਵਾਰ ਤੇ ਪਿਆਦਾ ਫ਼ੌਜ ਖੜ੍ਹੀ ਸੀ। ਸੱਜੇ ਪਾਸੇ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਆਪਣੀ ਫ਼ੌਜ ਦੇ ਅੱਗੇ ਤਾਇਨਾਤ ਸੀ। ਖੱਬੇ ਪਾਸੇ ਇਕ ਹੋਰ ਸ਼ੇਰ ਖਾਨ ਅਤੇ ਵਜ਼ੀਰ ਖਾਨ ਦਾ ਦੀਵਾਨ (ਪੇਸ਼ਕਾਰ) ਸੁੱਚਾ ਨੰਦ ਖੜ੍ਹੇ ਸਨ। ਮੈਦਾਨ-ਇ-ਜੰਗ ਦਾ ਵਿਚਕਾਰਲਾ ਹਿੱਸਾ ਵਜ਼ੀਰ ਖਾਨ ਨੇ ਆਪਣੇ ਲਈ ਚੁਣਿਆ ਸੀ। ਇਕ ਤੇਜ਼-ਤਰਾਰ ਘੋੜੇ 'ਤੇ ਸਵਾਰ ਉਹ ਆਪਣੀ ਫ਼ੌਜ ਦੀ ਕਮਾਨ ਕਰ ਰਿਹਾ ਸੀ।

ਬੰਦਾ ਸਿੰਘ ਬਹਾਦਰ ਵੀ ਛੜਬੜ (ਬਨੂੜ) ਤੋਂ 15 ਕਿਲੋਮੀਟਰ ਚੱਲ ਕੇ ਚੱਪੜਚਿੜੀ ਦੇ ਮੈਦਾਨ ਵਿਚ ਪਹੁੰਚ ਗਿਆ। ਚੱਪੜਚਿੜੀ ਦੀ ਜੂਹ ਨਾਲ ਪਟਿਆਲਾ ਰੌਅ (ਨਦੀ) ਵਗਦੀ ਹੈ। ਨਦੀ ਦੇ ਕਿਨਾਰੇ 40-40 ਫੁੱਟ ਉੱਚੇ ਟਿੱਬਿਆਂ ਉੱਤੇ ਜੰਗਲ ਉੱਗਿਆ ਹੋਇਆ ਸੀ। ਬੰਦਾ ਸਿੰਘ ਨੇ ਰਣਭੂਮੀ ਦਾ ਇਕ ਪਾਸਾ ਭਾਈ ਫ਼ਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ ਤੇ ਆਲੀ ਸਿੰਘ ਆਦਿ ਮਲਵਈ ਸਿੰਘਾਂ ਦੇ ਹਵਾਲੇ ਕਰ ਦਿੱਤਾ ਅਤੇ ਦੂਜੇ ਪਾਸੇ ਬਾਬਾ ਬਿਨੋਦ ਸਿੰਘ, ਭਾਈ ਬਾਜ ਸਿੰਘ, ਭਾਈ ਰਾਮ ਸਿੰਘ ਅਤੇ ਸ਼ਾਮ ਸਿੰਘ ਆਦਿ ਦੀ ਸਰਦਾਰੀ ਵਿਚ ਮਝੈਲ ਸਿੰਘ ਖੜ੍ਹੇ ਕਰ ਦਿੱਤੇ। ਵਿਚਕਾਰਲੇ ਹਿੱਸੇ ਵਿਚ ਬਾਬਾ ਖੇਮ ਸਿੰਘ ਨੂੰ ਤਾਇਨਾਤ ਕੀਤਾ। ਜੰਗ ਦੀ ਕਮਾਨ ਕਰਨ ਲਈ ਬੰਦਾ ਸਿੰਘ ਬਹਾਦਰ ਆਪ ਇਕ ਉੱਚੇ ਟਿੱਬੇ 'ਤੇ ਬੈਠ ਗਿਆ। ਸਿੰਘਾਂ ਦੀ ਫ਼ੌਜ ਟਿੱਬਿਆਂ ਵੱਲ ਉੱਚੇ ਥਾਂ ਸੀ ਅਤੇ ਵਜ਼ੀਰ ਖ਼ਾਨ ਦੀ ਫ਼ੌਜ ਕੁਝ ਨੀਵੇਂ ਥਾਂ ਖੁੱਲ੍ਹੇ ਮੈਦਾਨ ਵਿਚ ਸੀ।

ਸਾਨੂੰ ਚੱਪੜਚਿੜੀ ਦਾ ਮੈਦਾਨ ਦੇਖਣ ਦਾ ਬੜਾ ਚਾਅ ਸੀ। ਇਸ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਬੇਦਾਰ ਵਜ਼ੀਰ ਖਾਨ ਨੂੰ ਮਾਰ ਕੇ ਉਸਨੂੰ ਗੁਰੂ ਗੋਬਿੰਦ ਸਿੰਘ ਨਾਲ ਦਗ਼ਾ ਕਰਨ ਅਤੇ ਨਿਰਦੋਸ਼ ਛੋਟੇ ਸਾਹਿਬਜ਼ਾਦਿਆਂ ਨੂੰ ਬੇਰਹਿਮੀ ਨਾਲ ਸ਼ਹੀਦ ਕਰਨ ਦੀ ਸਜ਼ਾ ਦਿੱਤੀ ਸੀ। ਇਸੇ ਮੈਦਾਨ ਵਿਚ ਸਰਹਿੰਦੀ ਫ਼ੌਜ ਨੂੰ ਹਰਾ ਕੇ ਸਿੱਖ ਰਾਜ ਦੀ ਨੀਂਹ ਰੱਖੀ ਗਈ ਸੀ। ਅਸੀਂ 28 ਅਗਸਤ, 2005 ਨੂੰ ਪਿੰਡ ਚੱਪੜਚਿੜੀ ਦੇਖਣ ਗਏ। ਕੁਰਾਲੀ ਅਤੇ ਖਰੜ

ਵਿਚ ਰੋਜ਼ਾਨਾ 'ਅਜੀਤ' ਦੇ ਪੱਤਰਕਾਰ ਸ. ਅਮਰੀਕ ਸਿੰਘ ਭਾਗੋਵਾਲੀਆ ਅਤੇ ਸ. ਗੁਰਮੁਖ ਸਿੰਘ ਮਾਨ ਇਸ ਲੇਖਕ ਦੇ ਨਾਲ ਸਨ। ਚੱਪੜਚਿੜੀ ਨਾਂ ਦੇ ਦੋ ਪਿੰਡ ਹਨ 'ਚੱਪੜਚਿੜੀ ਖ਼ੁਰਦ' ਅਤੇ 'ਚੱਪੜਚਿੜੀ ਕਲਾਂ'। ਚੱਪੜਚਿੜੀ ਖ਼ੁਰਦ ਦੇ ਸ. ਜ਼ੋਰਾ ਸਿੰਘ ਭੁੱਲਰ ਨੇ ਸਾਨੂੰ ਚੱਪੜਚਿੜੀ ਦਾ ਸਾਰਾ ਮੈਦਾਨ ਘੁੰਮ-ਫਿਰ ਕੇ ਦਿਖਾਇਆ। ਦੋਵਾਂ ਪਿੰਡਾਂ ਵਿਚ ਅੱਧੇ ਕਿਲੋਮੀਟਰ ਦਾ ਫ਼ਾਸਲਾ ਹੈ। ਉਸ ਸਮੇਂ ਚੱਪੜਚਿੜੀ ਖ਼ੁਰਦ ਦਾ 635 ਏਕੜ ਰਕਬਾ ਕੱਲਰ ਹੋਣ ਕਰਕੇ ਬੰਜਰ ਪਿਆ ਸੀ। ਇਸੇ ਮੈਦਾਨ ਵਿਚ ਮੁਗਲਾਂ ਅਤੇ ਸਿੰਘਾਂ ਦਾ ਟਾਕਰਾ ਹੋਇਆ।

ਮੈਦਾਨ-ਇ-ਜੰਗ ਵਿਚ ਕੁਝ ਜ਼ਮੀਨ ਚੱਪੜਚਿੜੀ ਕਲਾਂ ਦੀ ਵੀ ਸੀ। ਸਾਰੇ ਮੈਦਾਨ ਵਿਚ ਮਲ੍ਹੇ-ਝਾੜੀਆਂ ਉੱਗੇ ਹੋਏ ਸਨ। ਅੱਜਕਲ੍ਹ ਇਸ ਮੈਦਾਨ ਦਾ ਕਾਫ਼ੀ ਹਿੱਸਾ ਆਬਾਦ ਹੋ ਗਿਆ ਹੈ ਪਰ ਅਜੇ ਵੀ ਡੇਢ-ਦੋ ਸੌ ਏਕੜ ਜ਼ਮੀਨ ਉਸੇ ਤਰ੍ਹਾਂ ਬੰਜਰ ਪਈ ਹੈ, ਜਿਸ ਵਿਚ ਕੇਵਲ ਕਿੱਕਰਾਂ ਅਤੇ ਝਾੜੀਆਂ ਹੀ ਦਿਖਾਈ ਦਿੰਦੀਆਂ ਹਨ। ਹੁਣ ਇਸ ਇਲਾਕੇ ਦੇ ਬਹੁਤ ਸਾਰੇ ਪਿੰਡ ਚੰਡੀਗੜ੍ਹ ਦੀ ਮਾਸਟਰ-ਪਲਾਨ ਵਿਚ ਆ ਗਏ ਹਨ। ਚੰਡੀਗੜ੍ਹ ਇੱਥੋਂ ਸਿਰਫ਼ 15 ਕਿਲੋਮੀਟਰ ਦੂਰ ਹੈ। ਛੇਤੀ ਹੀ ਚੱਪੜਚਿੜੀ ਦਾ ਇਹ ਮੈਦਾਨ ਚੰਡੀਗੜ੍ਹ ਦੇ ਸੈਕਟਰ ਨੰ. 92 ਵਿਚ ਤਬਦੀਲ ਹੋ ਜਾਵੇਗਾ। ਫਿਰ ਸਾਨੂੰ ਚੱਪੜਚਿੜੀ ਦੇ ਅਸਲ ਮੈਦਾਨ-ਇ-ਜੰਗ ਦੇ ਦਰਸ਼ਨ ਨਹੀਂ ਹੋਣਗੇ।

ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਨੂੰ ਚੱਪੜਚਿੜੀ ਤੱਕ ਲਿਆਉਣ ਦਾ ਸਾਡਾ ਮਕਸਦ ਉਸ ਵਜ਼ੀਰ ਖਾਨ ਦਾ ਅੰਤ ਦਿਖਾਉਣਾ ਹੈ, ਜਿਸਨੇ ਪਵਿੱਤਰ ਕੁਰਾਨ ਦੀਆਂ ਕਸਮਾਂ ਖਾ ਕੇ ਦਸਮ ਪਾਤਸ਼ਾਹ ਨਾਲ ਧੋਖਾ ਕੀਤਾ ਸੀ। ਚੱਪੜਚਿੜੀ ਦੇ ਮੈਦਾਨ ਵਿਚ ਸੂਬੇਦਾਰ ਵਜ਼ੀਰ ਖਾਨ ਦਾ ਅੰਤ ਕਿਵੇਂ ਹੋਇਆ?

ਚੱਪੜਚਿੜੀ ਦੇ ਮੈਦਾਨ ਵਿਚ ਦੋਵੇਂ ਫ਼ੌਜਾਂ ਆਹਮੋ-ਸਾਹਮਣੇ ਖੜ੍ਹੀਆਂ ਸਨ। ਵਜ਼ੀਰ ਖਾਨ ਦੀ ਫ਼ੌਜ ਮੈਦਾਨ ਦੇ ਨੀਵੇਂ ਪਾਸੇ ਖੜ੍ਹੀ ਸੀ ਅਤੇ ਬੰਦਾ ਸਿੰਘ ਬਹਾਦਰ ਦੀ ਫ਼ੌਜ ਟਿੱਬਿਆਂ ਵਾਲੇ ਪਾਸੇ ਉੱਚੇ ਥਾਂ ਸੀ। ਵਜ਼ੀਰ ਖਾਨ ਨੇ ਸੌਖਿਆਂ ਹੀ ਜੰਗ ਜਿੱਤਣ ਲਈ ਇਕ ਹੋਰ ਘਟੀਆ ਚਾਲ ਚੱਲੀ। ਉਸਨੇ ਆਪਣੇ ਪੇਸ਼ਕਾਰ ਸੁੱਚਾ ਨੰਦ ਦੇ ਭਤੀਜੇ ਦੀ ਅਗਵਾਈ ਵਿਚ ਲਗਭਗ ਇਕ ਹਜ਼ਾਰ ਬੰਦਾ, ਬੰਦਾ ਸਿੰਘ ਬਹਾਦਰ ਕੋਲ ਭੇਜ ਦਿੱਤਾ। ਉਨ੍ਹਾਂ ਕਿਹਾ, "ਸਿੰਘ ਸਾਹਿਬ ਜੀ, ਅਸੀਂ ਮੁਗਲਾਂ ਤੋਂ ਬਹੁਤ ਦੁਖੀ ਹਾਂ। ਉਨ੍ਹਾਂ ਦੇ ਜ਼ੁਲਮਾਂ ਦਾ ਬਦਲਾ

ਲੈਣ ਲਈ ਅਸੀਂ ਤੁਹਾਡੀ ਸ਼ਰਨ ਆਏ ਹਾਂ।" ਬੰਦਾ ਸਿੰਘ ਨੇ ਉਨ੍ਹਾਂ ਨੂੰ ਆਪਣੀ ਫ਼ੌਜ ਵਿਚ ਰੱਖ ਤਾਂ ਲਿਆ ਪਰ ਸਿੰਘਾਂ ਨੂੰ ਉਨ੍ਹਾਂ ਉੱਤੇ ਨਿਗਰਾਨੀ ਰੱਖਣ ਦਾ ਆਦੇਸ਼ ਵੀ ਦੇ ਦਿੱਤਾ। ਇਨ੍ਹਾਂ ਨਕਲੀ ਭਗੌੜਿਆਂ ਨੂੰ ਵਜ਼ੀਰ ਖਾਨ ਦੀ ਪਹਿਲੀ ਹਦਾਇਤ, ਬੰਦੇ ਨੂੰ ਪਾਰ ਬੁਲਾਉਣ ਦੀ ਸੀ। ਦੂਜੀ ਹਦਾਇਤ ਸੀ ਜੰਗ ਵਿੱਚੋਂ ਅਚਾਨਕ ਭੱਜ ਪੈਣ ਦੀ। ਉਨ੍ਹਾਂ ਦੀ ਦੇਖਾ-ਦੇਖੀ ਸਿੱਖ ਵੀ ਦੌੜ ਪੈਣਗੇ ਤਾਂ ਮੁਗਲਾਂ ਦੀ ਜਿੱਤ ਹੋ ਜਾਵੇਗੀ।

ਇਹ 12 ਮਈ, 1710 ਦਾ ਦਿਨ ਸੀ। ਵਜ਼ੀਰ ਖਾਨ ਦੀਆਂ ਤੋਪਾਂ ਦੇ ਗੋਲਿਆਂ ਨਾਲ ਜੰਗ ਦਾ ਆਗਾਜ਼ ਹੋਇਆ। ਸਾਰਾ ਮੈਦਾਨ ਗਰਦ-ਗੁਬਾਰ ਨਾਲ ਭਰ ਗਿਆ। ਤੋਪਾਂ ਦੇ ਪਿੱਛੇ ਖੜ੍ਹੇ ਵਜ਼ੀਰ ਖਾਨ ਦੇ ਹਾਥੀ ਵੀ ਚਿੰਘਾੜ ਰਹੇ ਸਨ।

ਤੋਪਾਂ ਦੀ ਗੜਗੱਜ ਨੇ ਸਿੱਖਾਂ ਦੇ ਪੈਰ ਹਿਲਾ ਦਿੱਤੇ। ਜੰਗ ਦੇ ਪਹਿਲੇ ਹੱਲੇ ਵਿਚ ਹੀ ਸੁੱਚਾ ਨੰਦ ਦੇ ਭਤੀਜੇ ਦੀ ਫ਼ੌਜ ਭੱਜ ਉੱਠੀ। ਸਿੱਖ ਫ਼ੌਜ ਵਿੱਚ ਲੁੱਟ ਦੇ ਸ਼ੌਕ ਨਾਲ ਸ਼ਾਮਿਲ ਹੋਏ ਕੁਝ ਲੁਟੇਰੇ ਵੀ ਨੱਸ ਪਏ। ਮੈਦਾਨ ਦਾ ਇਕ ਪਾਸਾ ਖਾਲੀ ਹੁੰਦਾ ਦੇਖਕੇ ਬਾਜ਼ ਸਿੰਘ ਘੋੜਾ ਦੌੜਾ ਕੇ ਬੰਦਾ ਸਿੰਘ ਕੋਲ ਪਹੁੰਚਾ। ਬੰਦਾ ਸਿੰਘ ਬਹਾਦਰ ਉਸੇ ਵੇਲੇ ਘੋੜੇ 'ਤੇ ਸਵਾਰ ਹੋ ਕੇ ਜੰਗ ਦੇ ਮੈਦਾਨ ਵਿਚ ਆ ਗਿਆ। ਸਿੱਖ ਫ਼ੌਜ ਦੇ ਹੌਂਸਲੇ ਵਧ ਗਏ। ਉਹ 'ਅਕਾਲ ਅਕਾਲ' ਦੇ ਜੈਕਾਰੇ ਬੁਲਾਉਂਦੇ, ਤੋਪਾਂ ਦੀ ਕਤਾਰ ਨੂੰ ਚੀਰ ਕੇ ਵਜ਼ੀਰ ਖਾਨ ਦੇ ਹਾਥੀਆਂ ਉੱਤੇ ਟੁੱਟ ਪਏ। ਦੋ ਹਾਥੀ ਥਾਂ ਮਾਰ ਦਿੱਤੇ ਅਤੇ ਬਾਕੀ ਦੇ ਪਿੱਛੇ ਨੂੰ ਦੌੜ ਪਏ। ਮੁਗਲ ਫ਼ੌਜ ਵਿੱਚ ਹਫ਼ੜਾ-ਦੱਫੜੀ ਮੱਚ ਗਈ। ਵਜ਼ੀਰ ਖਾਨ ਨੇ ਗਾਜ਼ੀਆਂ ਨੂੰ ਬਥੇਰਾ ਲਲਕਾਰਿਆ ਪਰ ਮੌਤ ਸਾਹਵੇਂ ਭਾੜੇ ਦੀ ਫ਼ੌਜ ਕਿੱਥੇ ਟਿਕਦੀ ਸੀ। ਇਸ ਹੱਲੇ-ਗੁੱਲੇ ਵਿਚ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਨ ਅਤੇ ਖੁਆਜ਼ਾ ਅਲੀ ਮਾਰੇ ਗਏ। 'ਅਹਿਵਾਲਿ ਸਲਾਤੀਨਿ-ਹਿੰਦ' ਦਾ ਕਰਤਾ ਲਿਖਦਾ ਹੈ-

ਆਖਰ ਮੁਸਲਮਾਨਾਂ ਦੀ ਸਾਰੀ ਫ਼ੌਜ ਮਾਰੀ ਗਈ ਅਤੇ ਵਜ਼ੀਰ ਖਾਨ ਇਕੱਲਾ ਹੀ ਰਹਿ ਗਿਆ। ਉਸਨੇ ਬਾਜ਼ ਸਿੰਘ ਦੇ ਰੂ-ਬ-ਰੂ ਹੋ ਕੇ ਉਸਨੂੰ ਲਲਕਾਰਿਆ ਅਤੇ ਨੇਜ਼ਾ ਹੱਥ ਲੈ ਕੇ ਉਸਨੂੰ ਮਾਰਿਆ। ਬਾਜ਼ ਸਿੰਘ ਨੇ ਨੇਜ਼ਾ ਵਜ਼ੀਰ ਖਾਨ ਦੇ ਹੱਥੋਂ ਖੋਹ ਲਿਆ ਅਤੇ ਉਸਦੇ ਘੋੜੇ ਦੇ ਸਿਰ ਵਿਚ ਮਾਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਕੁਝ ਚਿਰ ਪਿੱਛੋਂ ਵਜ਼ੀਰ ਖਾਨ ਨੇ ਇਕ ਤੀਰ ਆਪਣੇ ਭੱਥੇ ਵਿੱਚੋਂ ਕੱਢ ਕੇ ਬਾਜ਼ ਸਿੰਘ ਦੀ ਬਾਂਹ ਉੱਤੇ ਮਾਰਿਆ ਅਤੇ

ਤਲਵਾਰ ਸੂਤ ਕੇ ਉਸ ਵੱਲ ਵਧਿਆ ਕਿ ਉਸਨੂੰ ਮਾਰ ਮੁਕਾਏ। ਇਸ ਵੇਲੇ ਫ਼ਤਿਹ ਸਿੰਘ ਨੇ ਜੋ ਪਿਛਲੇ ਪਾਸੇ ਖੜ੍ਹੋਤਾ ਸੀ, ਆਪਣੀ ਕਿਰਪਾਨ ਮਿਆਨ 'ਚੋਂ ਧੂਹ ਕੇ ਏਨੀ ਬਹਾਦਰੀ ਅਤੇ ਜ਼ੋਰ ਨਾਲ ਵਜ਼ੀਰ ਖਾਨ ਦੀ ਪੇਟੀ ਉੱਤੇ ਮਾਰੀ ਕਿ ਉਹ ਮੋਢੇ ਤੋਂ ਲੈ ਕੇ ਕਮਰ ਤੱਕ ਚੀਰਦੀ ਸਾਫ਼ ਨਿਕਲ ਗਈ। ਨਵਾਬ ਦਾ ਸਿਰ ਭੋਇੰ 'ਤੇ ਜਾ ਡਿਗਿਆ।'

ਮੀਰ ਮੁਹੰਮਦ ਅਹਿਸਾਨ ਈਜਾਦ (ਫਰਖ਼ਸੀਅਰ-ਨਾਮਾ : ਸ਼ਾਹਨਾਮਾ) ਅਤੇ ਕੁਝ ਹੋਰ ਪੁਰਾਤਨ ਲੇਖਕ ਵੀ ਵਜ਼ੀਰ ਖਾਨ ਦੀ ਮੌਤ ਇਸੇ ਤਰ੍ਹਾਂ ਭਾਈ ਬਾਜ਼ ਸਿੰਘ ਅਤੇ ਭਾਈ ਫ਼ਤਿਹ ਸਿੰਘ ਦੇ ਹੱਥੋਂ ਹੋਈ ਲਿਖਦੇ ਹਨ।

ਅਖਬਾਰਾਤ-ਇ-ਦਰਬਾਰ-ਇ-ਮੁਅੱਲਾ ਅਨੁਸਾਰ ਵਜ਼ੀਰ ਖਾਨ ਤੀਰਾਂ ਅਤੇ ਗੋਲੀਆਂ ਨਾਲ ਛਲਣੀ ਹੋ ਗਿਆ ਅਤੇ ਮਰ ਗਿਆ। ਉਸਦਾ ਪੁੱਤਰ ਅਤੇ ਜੁਆਈ ਵੀ ਮਾਰੇ ਗਏ। ਕੱਨ੍ਹਈਆ ਲਾਲ ਅਨੁਸਾਰ ਵਜ਼ੀਰ ਖਾਨ ਦੀ ਮੌਤ ਛਾਤੀ ਵਿਚ ਗੋਲੀ ਲੱਗਣ ਨਾਲ ਹੋਈ। ਮੈਕਾਲਿਫ਼ ਲਿਖਦਾ ਹੈ ਕਿ ਇਕ ਮੁੱਠਭੇੜ ਵਿਚ ਬੰਦਾ ਸਿੰਘ ਬਹਾਦਰ ਨੇ ਵਜ਼ੀਰ ਖਾਨ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ।

ਸ. ਕਰਮ ਸਿੰਘ ਹਿਸਟੋਰੀਅਨ ਆਪਣੀ ਪੁਸਤਕ 'ਬੰਦਾ ਬਹਾਦਰ' ਵਿਚ ਲਿਖਦੇ ਹਨ, "ਅਚਨਚੇਤ ਹੀ ਵਜ਼ੀਰ ਖਾਂ ਨੂੰ ਤੀਰ ਜਾ ਲੱਗਾ ਅਤੇ ਉਹ ਦੜ ਕਰਦਾ ਘੋੜੇ ਉੱਤੋਂ ਥੱਲੇ ਜਾ ਡਿੱਗਾ। ਵਜ਼ੀਰ ਖਾਂ ਅਜੇ ਸਿਸਕਦਾ ਹੀ ਸੀ ਕਿ ਸਿੰਘਾਂ ਨੇ ਉਸਨੂੰ ਜਾ ਫੜਿਆ ਤੇ ਉਸੇ ਹਾਲਤ ਵਿਚ ਉਸਦੀਆਂ ਲੱਤਾਂ ਨੂੰ ਰੱਸਾ ਬੰਨ੍ਹ ਕੇ ਢੱਗਿਆਂ ਮਗਰ ਪਾ ਦਿੱਤਾ। ਫਿਰ ਟੰਗਵਾ ਦਿੱਤਾ ਤਾਂ ਕਿ ਇੱਲਾਂ ਅਤੇ ਕਾਂ ਇਸ ਦੇ ਮਾਸ ਨੂੰ ਖਾਣ ਅਤੇ ਇਹ ਹਾਲ ਦੇਖ ਕੇ ਲੋਕੀਂ ਕਰਤਾਰ ਦੇ ਕਹਿਰ ਤੋਂ ਡਰਨ ਕਿ ਜ਼ਾਲਮਾਂ ਦਾ ਅੰਤ ਕੈਸਾ ਹੁੰਦਾ ਹੈ।" (ਪੰਨਾ-36)

ਵਿਲੀਅਮ ਇਰਵਿਨ ਲਿਖਦਾ ਹੈ ਕਿ ਵਜ਼ੀਰ ਖਾਨ ਗੋਲੀ ਲੱਗਣ ਨਾਲ ਮਾਰਿਆ ਗਿਆ। ਉਸਦੀ ਲਾਸ਼ ਦੀ ਬੇਇੱਜ਼ਤੀ ਕੀਤੀ ਗਈ। ਆਖਰ ਉਸ ਦੀ ਦੇਹ ਨੂੰ ਇਕ ਦਰੱਖਤ ਉੱਤੇ ਟੰਗ ਦਿੱਤਾ ਗਿਆ।

(The Later Mughals, ਪੰਨਾ-96)

ਡਾ. ਬਖ਼ਸ਼ੀਸ਼ ਸਿੰਘ ਨਿੱਝਰ, ਮੁਹੰਮਦ ਲਤੀਫ਼ ਦੇ ਹਵਾਲੇ ਨਾਲ ਲਿਖਦੇ ਹਨ ਕਿ ਸਿੱਖਾਂ ਦੀ ਵਜ਼ੀਰ ਖਾਨ ਨੂੰ ਮਾਰ ਕੇ ਤਸੱਲੀ ਨਹੀਂ ਹੋਈ। ਉਸਦੀ ਲਾਸ਼ ਇਕ ਦਰੱਖਤ ਉੱਤੇ ਟੰਗ ਦਿੱਤੀ ਗਈ ਤਾਂ ਜੋ ਉਸਦਾ ਮਾਸ ਗਿੱਦੜ, ਬਘਿਆੜ ਅਤੇ ਰਾਤ ਨੂੰ ਘੁੰਮਣ-ਫਿਰਨ ਵਾਲੇ ਹੋਰ ਜਾਨਵਰ ਖਾ ਜਾਣ।

ਇਕ ਹੋਰ ਹਵਾਲੇ ਅਨੁਸਾਰ ਉਸਦੀ ਲਾਸ਼ ਨੂੰ ਬਲਦਾਂ ਮਗਰ ਬੰਨ੍ਹ ਕੇ ਘੜੀਸਿਆ ਗਿਆ ਤੇ ਆਖਰ ਅੱਗ ਲਾ ਦਿੱਤੀ ਗਈ।

(Punjab under the Later Mughals, ਪੰਨੇ 49-50)

'ਪੰਥ ਪ੍ਰਕਾਸ਼' ਵਿਚ ਰਤਨ ਸਿੰਘ ਭੰਗੂ ਲਿਖਦੇ ਹਨ :

ਬੰਦੇ ਵਹੜਨ ਸਾਥ ਘਿਸੜਾਯਾ।
ਫੇਰ ਅਗਨ ਮੈ ਉਸੇ ਸੜਾਯਾ।
ਇਤੀ ਬਜ਼ੀਰਾ ਮਾਰਿਓ ਜੇਠ ਸੁਦੀ ਦੇ ਮਾਹਿ।
ਸੱਤ੍ਰਾ ਸੈਅ ਸਤਾਸਠੇ ਚੱਪੜਚਿੜੀ ਕੇ ਪਾਹਿ।

ਪੇਸ਼ਕਾਰ ਸੁੱਚਾ ਨੰਦ ਜਿਸ ਨੇ ਦਸਮ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦਿਆਂ ਨੂੰ 'ਸੱਪ ਦੇ ਬੱਚੇ' ਕਹਿ ਕੇ ਵਜ਼ੀਰ ਖਾਨ ਨੂੰ ਉਕਸਾਇਆ ਸੀ, ਉਸਦਾ ਵੀ ਸਿੰਘਾਂ ਨੇ ਬੁਰਾ ਹਾਲ ਕੀਤਾ। ਉਸਦਾ ਮਾਲ-ਡੰਗਰ ਅਤੇ ਹਵੇਲੀਆਂ ਲੁੱਟ ਲਈਆਂ ਗਈਆਂ ਅਤੇ ਸੁੱਚਾ ਨੰਦ ਅਤੇ ਉਸਦੇ ਸਾਰੇ ਟੱਬਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਇਸ ਤਰ੍ਹਾਂ ਬੰਦਾ ਸਿੰਘ ਬਹਾਦਰ ਨੇ ਵਜ਼ੀਰ ਖਾਨ ਨੂੰ ਉਸਦੇ ਧੋਖੇ-ਫ਼ਰੇਬ ਅਤੇ ਜ਼ੁਲਮਾਂ ਦੀ ਸਜ਼ਾ ਦਿੱਤੀ ਪਰ ਵਜ਼ੀਰ ਖਾਨ ਜਿਹੜੇ ਬਾਦਸ਼ਾਹ (ਬਹਾਦਰ ਸ਼ਾਹ) ਲਈ ਇਹ ਸਭ ਕੁਝ ਕਰ ਰਿਹਾ ਸੀ, ਉਸਨੇ ਵਜ਼ੀਰ ਖਾਨ ਦੀ ਮੌਤ ਦੀ ਖ਼ਬਰ ਸੁਣੀ ਤਾਂ ਬੋਲਿਆ, 'ਵਜ਼ੀਰ ਖਾਨ ਨੇ ਭੰਗ ਦੇ ਭਾੜੇ ਆਪਣੀ ਜਾਨ ਗੁਆਈ ਅਤੇ ਖਾਹ-ਮਖਾਹ ਸਰਕਾਰ ਦਾ ਖ਼ਜ਼ਾਨਾ ਬਰਬਾਦ ਕੀਤਾ। ਜੇਕਰ ਉਹ ਬੰਦੇ ਦਾ ਮੁਕਾਬਲਾ ਕਰਨ ਦੇ ਕਾਬਲ ਨਹੀਂ ਸੀ ਤਾਂ ਉਸਨੂੰ ਜੰਗ ਨਹੀਂ ਸੀ ਛੇੜਨੀ ਚਾਹੀਦੀ।' (ਅਖਬਾਰਾਤ-ਇ-ਦਰਬਾਰ-ਇ-ਮੁਅੱਲਾ, The Punjab Past and Present, Oct. 1984)

ਕਹਿੰਦੇ ਹਨ ਮੁਸੀਬਤ ਦੇ ਹਨ੍ਹੇਰੇ ਵਿੱਚ ਆਪਣਾ ਸਾਇਆ ਵੀ ਸਾਥ ਛੱਡ ਜਾਂਦਾ ਹੈ। ਆਦਮੀ ਨੂੰ ਆਪਣੀਆਂ ਕੀਤੀਆਂ ਦਾ ਫਲ ਆਪ ਹੀ ਭੁਗਤਣਾ ਪੈਂਦਾ ਹੈ।

*'ਪੁਆਧ ਦਰਪਣ' ਪੁਸਤਕ (2006) 'ਚੋਂ ਲਿਆ ਗਿਆ ਖੋਜ-ਭਰਪੂਰ ਲੇਖ।*

**- ਸੰਪਾਦਕ**

# ਪੁਆਧ ਖੇਤਰ ਦੀਆਂ ਰਣ-ਭੂਮੀਆਂ

• ਬਹਾਦਰ ਸਿੰਘ ਗੋਸਲ

ਸਿੱਖ ਗੁਰੂ ਸਾਹਿਬਾਨ ਅਤੇ ਬਾਅਦ ਵਿੱਚ ਸਿੰਘਾਂ ਨੂੰ ਆਪਣੀ ਕੌਮ ਨੂੰ ਚੜ੍ਹਦੀ ਕਲਾ ਅਤੇ ਬਰਕਰਾਰ ਰੱਖਣ ਲਈ ਅਨੇਕਾਂ ਜੰਗਾਂ ਲੜਨੀਆਂ ਪਈਆਂ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਈ. ਵਿਸਾਖੀ ਨੂੰ ਖ਼ਾਲਸਾ ਪੰਥ ਦੀ ਸਥਾਪਨਾ ਤੋਂ ਬਾਅਦ ਇਹ ਜੰਗਾਂ ਹੋਰ ਵੀ ਫ਼ੈਸਲਾਕੁੰਨ ਹੁੰਦੀਆਂ ਚਲੀਆਂ ਗਈਆਂ ਅਤੇ ਵੱਡੇ ਪੱਧਰ 'ਤੇ ਵੱਖ-ਵੱਖ ਥਾਵਾਂ 'ਤੇ ਇਹ ਜੰਗਾਂ ਹਜ਼ਾਰਾਂ ਵਿੱਚ ਨਹੀਂ ਸਗੋਂ ਲੱਖਾਂ ਦੀ ਗਿਣਤੀ ਵਿੱਚ ਦੁਸ਼ਮਣ ਸੈਨਾਵਾਂ ਨਾਲ ਲੜੀਆਂ ਗਈਆਂ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਥਾਵਾਂ ਪੰਜਾਬ ਦੇ ਪੁਆਧ ਖੇਤਰ ਨਾਲ ਸਬੰਧਤ ਹਨ ਜਿਨ੍ਹਾਂ ਨੇ ਵੱਡੀਆਂ ਰਣ-ਭੂਮੀਆਂ ਦਾ ਨਾਂ ਹਾਸਲ ਕਰ ਲਿਆ। ਪੁਆਧ ਦੀਆਂ ਇਨ੍ਹਾਂ ਪ੍ਰਸਿੱਧ-ਰਣ-ਭੂਮੀਆਂ ਵਿੱਚ ਸ਼ਾਮਲ ਹਨ-

**1. ਸ੍ਰੀ ਅਨੰਦਪੁਰ ਸਾਹਿਬ**

ਸ੍ਰੀ ਅਨੰਦਪੁਰ ਸਾਹਿਬ ਦੀ ਉਹ ਪਵਿੱਤਰ ਧਰਤੀ ਹੈ, ਜਿੱਥੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਈ ਧਰਮ ਯੁੱਧ ਲੜਨੇ ਪਏ ਕਿਉਂਕਿ ਇਹ ਪਵਿੱਤਰ ਧਰਤੀ ਪਹਾੜੀ ਰਾਜਾਂ ਦੇ ਨਾਲ ਲੱਗਦੀ ਸੀ ਅਤੇ ਕਹਿਲੂਰ, ਜਸਵਾਲ, ਸਰਮੌਰ ਜਿਹੇ ਕਈ ਰਾਜਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦੀ ਚੜ੍ਹਤ ਨਹੀਂ ਸੀ ਭਾਉਂਦੀ। ਉਹ ਆਨੇ-ਬਹਾਨੇ ਕੋਈ ਨਾ ਕੋਈ ਮੁਗਲ ਸਰਕਾਰਾਂ ਤੋਂ ਮਦਦ ਲੈ ਕੇ ਅਨੰਦਪੁਰ ਸਾਹਿਬ 'ਤੇ ਹਮਲੇ ਕਰਦੇ ਰਹੇ ਜਿਸ ਨਾਲ ਸਿੰਘ ਸੂਰਮਿਆਂ ਨੂੰ ਆਪਣੇ ਜੌਹਰ ਦਿਖਾਉਣ ਦਾ ਮੌਕਾ ਅਨੰਦਪੁਰ ਸਾਹਿਬ ਦੀ ਰਣ-ਭੂਮੀ ਵਿੱਚ ਮਿਲਦਾ ਰਿਹਾ। ਕੁਲ ਮਿਲਾਕੇ ਇਸ ਰਣ-ਭੂਮੀ ਵਿੱਚ ਦਸਮ ਪਿਤਾ ਅਤੇ ਉਨ੍ਹਾਂ ਦੀਆਂ ਫ਼ੌਜਾਂ ਨੂੰ ਪੰਜ ਧਰਮ ਯੁੱਧ ਲੜਨੇ ਪਏ। ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸੰਨ 1701 ਵਿੱਚ ਲੜੀ ਗਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਫ਼ੌਜਾਂ ਦੀ ਕਮਾਨ ਪੰਜ ਪਿਆਰਿਆਂ- ਭਾਈ ਉਦੈ ਸਿੰਘ ਅਤੇ ਭਾਈ ਆਲਮ ਸਿੰਘ ਦੇ ਸਪੁਰਦ ਕੀਤੀ। ਸਿੰਘ ਸੂਰਬੀਰ ਮੁਗਲਾਂ ਅਤੇ ਪਹਾੜੀ ਹਿੰਦੂ ਰਾਜਿਆਂ ਦੀ ਸਾਂਝੀ ਫ਼ੌਜ ਨੂੰ ਅੱਗੇ ਆ ਟਕਰੇ ਅਤੇ ਬੜੇ ਘਮਸਾਨ ਦਾ ਯੁੱਧ ਹੋਇਆ ਜਿਸ ਵਿੱਚ ਗੁਰੂ ਫ਼ੌਜਾਂ ਦੀ ਫ਼ਤਿਹ ਹੋਈ।

ਸ੍ਰੀ ਅਨੰਦਪੁਰ ਸਾਹਿਬ ਦੀ ਦੂਜੀ ਲੜਾਈ ਨਵੰਬਰ 1701 ਈ. ਵਿੱਚ ਉਦੋਂ ਲੜੀ ਗਈ ਜਦੋਂ ਪਹਾੜੀ ਹਿੰਦੂ ਰਾਜੇ ਫਿਰ ਇਕੱਠੇ ਹੋਏ ਅਤੇ ਸ੍ਰੀ ਅਨੰਦਪੁਰ ਸਾਹਿਬ ਾਤੇ ਚੜ੍ਹ ਕੇ ਆਏ। ਇਨ੍ਹਾਂ ਰਾਜਿਆਂ ਵਿੱਚ ਜਸਵਾਲੀਆ, ਹੰਡੂਰੀਆਂ ਅਤੇ ਕਹਿਲੂਰੀਆਂ ਰਾਜੇ ਵੀ ਸ਼ਾਮਲ ਸਨ। ਗੁਰੂ ਜੀ ਨੇ ਅਨੰਦਪੁਰ ਸਾਹਿਬ ਦੀ ਰਾਖੀ ਲਈ ਪਹਿਲਾਂ ਹੀ 1689 ਈ. ਵਿੱਚ ਪੰਜ ਕਿਲ੍ਹੇ ਅਨੰਦਗੜ੍ਹ, ਲੋਹਗੜ੍ਹ, ਫ਼ਤਿਹਗੜ੍ਹ, ਕੇਸਗੜ੍ਹ ਅਤੇ ਹੋਲਗੜ੍ਹ ਸਾਹਿਬ ਬਣਾਏ ਹੋਏ ਸਨ। ਇਸ ਜੰਗ ਵਿੱਚ ਭਾਈ ਉਦੈ ਸਿੰਘ ਨੇ ਰਾਜਾ ਕੇਸਰੀ ਚੰਦ ਦਾ ਤਲਵਾਰ ਨਾਲ ਸਿਰ ਵੱਢ ਲਿਆ ਸੀ ਅਤੇ ਭਾਈ ਬਚਿੱਤਰ ਸਿੰਘ ਨੇ ਨਾਗਣੀ ਨਾਲ ਹਾਥੀ ਦਾ ਮੁਕਾਬਲਾ ਕੀਤਾ ਸੀ। ਮੈਦਾਨ ਸਿੰਘਾਂ ਦੇ ਹੱਥ ਆਇਆ ਅਤੇ ਖ਼ਾਲਸੇ ਦੀ ਜਿੱਤ ਹੋਈ।

ਸ੍ਰੀ ਅਨੰਦਪੁਰ ਸਾਹਿਬ ਦੀ ਤੀਜੀ ਲੜਾਈ ਵੀ ਅਨੰਦਪੁਰ ਸਾਹਿਬ ਦੀ ਰਣ-ਭੂਮੀ ਵਿੱਚ ਹੀ ਸੰਨ 1703 ਈ. ਵਿੱਚ ਲੜੀ ਗਈ। ਇਸ ਲੜਾਈ ਵਿੱਚ ਇੱਕ ਪਾਸੇ ਉੱਚ ਜਾਤੀ ਦੇ ਬ੍ਰਾਹਮਣ, ਖੱਤਰੀ ਅਤੇ ਹਾਕਮ ਸ਼੍ਰੇਣੀ ਦੇ ਲੋਕ ਸਨ ਜਦੋਂ ਕਿ ਗੁਰੂ ਜੀ ਵੱਲੋਂ ਨੀਵੀਆਂ-ਜਾਤੀਆਂ ਕਹੇ ਜਾਣ ਵਾਲੇ ਲੋਕ ਸ਼ਾਮਲ ਸਨ। ਗੁਰੂ ਜੀ ਦੀ ਇਸ ਲੜਾਈ ਵਿੱਚ ਵੀ ਜਿੱਤ ਹੋਈ, ਇਸੇ ਤਰ੍ਹਾਂ ਸ੍ਰੀ ਅਨੰਦਪੁਰ ਸਾਹਿਬ ਦੀ ਚੌਥੀ ਲੜਾਈ ਵੀ ਬੜੀ ਮਹੱਤਵਪੂਰਨ ਰਹੀ ਹੈ। ਇਸ ਲੜਾਈ ਵਿੱਚ ਦਿੱਲੀ ਤੋਂ ਜਰਨੈਲ ਸੈਦ ਖਾਂ ਸਵਾ ਲੱਖ ਦੀ ਵੱਡੀ ਫ਼ੌਜ ਲੈ ਕੇ ਸਢੌਰੇ ਵਿਖੇ ਪੀਰ ਬੁੱਧੂ ਸ਼ਾਹ ਦੇ ਸਮਝਾਉਣ ਦੇ ਬਾਵਜੂਦ ਅਨੰਦਪੁਰ ਸਾਹਿਬ ਪਹੁੰਚ ਗਿਆ।

ਇਸ ਲੜਾਈ ਵਿੱਚ ਗੁਰੂ ਜੀ ਆਪ ਵੀ ਸ਼ਸਤਰ ਪਹਿਨ ਇੱਕ ਉੱਚੇ ਟਿੱਬੇ ’ਤੇ ਬੈਠ ਗਏ। ਦੋਹਾਂ ਪਾਸਿਆਂ ਤੋਂ ਤਲਵਾਰਾਂ ਅਤੇ ਬੰਦੂਕਾਂ ਦੀ ਖ਼ੂਬ ਜੰਗ ਹੋਈ। ਯੋਧੇ ਲਹੂ-ਲੁਹਾਨ ਹੋ ਕੇ ਧਰਤੀ ’ਤੇ ਡਿੱਗ ਰਹੇ ਸਨ। ਇਸ ਲੜਾਈ ਵਿੱਚ ਸੈਦ-ਬੇਗ ਜੋ ਗੁਰੂ ਜੀ ਦੀ ਫ਼ੌਜ ਵੱਜੋਂ ਲੜ ਰਿਹਾ ਸੀ, ਸ਼ਹੀਦ ਹੋ ਗਿਆ। ਇਸ ਤੋਂ ਪਹਿਲਾਂ ਸੈਦ ਬੇਗ ਨੇ ਹਰੀ ਚੰਦ ਨੂੰ ਮਾਰ ਮੁਕਾਇਆ। ਸੈਦ ਖਾਂ ਮੁਗਲ ਸੈਨਾ ਦਾ ਸਾਥ ਛੱਡ ਚਲਾ ਗਿਆ ਸੀ। ਭਾਵੇਂ ਅਖੀਰ ਵਿੱਚ ਜਿੱਤ ਸਿੱਖ ਫ਼ੌਜਾਂ ਦੀ ਹੋਈ ਪਰ ਪਹਿਲਾਂ ਸਤਿਗੁਰੂ ਜੀ ਨੇ ਬੱਚਿਆਂ ਅਤੇ ਇਸਤਰੀਆਂ ਦੀ ਹਿਫਾਜ਼ਤ ਲਈ ਸਿੰਘਾਂ ਦੀ ਡਿਊਟੀ ਲਗਾ ਅਨੰਦਪੁਰ ਸਾਹਿਬ ਖਾਲੀ ਕਰ ਦਿੱਤਾ ਸੀ ਅਤੇ ਫਿਰ ਸਿੰਘਾਂ ਨੇ ਸ੍ਰੀ ਅਨੰਦਪੁਰ ਸਾਹਿਬ ’ਤੇ ਮੁੜ ਕਬਜ਼ਾ ਕਰ ਲਿਆ ਸੀ।

ਜਦੋਂ ਫਿਰ ਮੁਗਲਾਂ ਅਤੇ ਪਹਾੜੀ ਹਿੰਦੂ ਰਾਜਿਆਂ ਦੀ ਸਾਂਝੀ ਫ਼ੌਜ ਨੇ ਚੜ੍ਹਦੇ ਅਤੇ ਲਹਿੰਦੇ ਦੋਹਾਂ ਪਾਸਿਆਂ ਤੋਂ 20 ਮਈ ਸੰਨ 1704 ਈ. ਨੂੰ ਸ੍ਰੀ ਅਨੰਦਪੁਰ ਸਾਹਿਬ 'ਤੇ ਹੱਲਾ ਬੋਲ ਦਿੱਤਾ ਤਾਂ ਇਸੇ ਰਣ-ਭੂਮੀ ਵਿੱਚ ਪੰਜਵੀਂ ਲੜਾਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲੜੀ ਗਈ। ਇਸ ਲੜਾਈ ਵਿੱਚ ਮੁਗਲ ਫ਼ੌਜਾਂ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਕੇ ਬੈਠ ਗਈਆਂ। ਗੁਰੂ ਜੀ ਦੀਆਂ ਫ਼ੌਜਾਂ ਪਾਸ ਰਾਸ਼ਨ, ਅੰਨ-ਪਾਣੀ ਅਤੇ ਘੋੜਿਆਂ ਲਈ ਦਾਣੇ ਆਦਿ ਦੀ ਅਥਾਹ ਤੰਗੀ ਆ ਗਈ। ਛੇ-ਸੱਤ ਮਹੀਨੇ ਸਿੰਘ ਸਿਰ-ਧੜ ਦੀ ਬਾਜੀ ਲਗਾ ਕੇ ਲੜ ਰਹੇ ਸਨ। ਪਹਾੜੀ ਰਾਜਿਆਂ ਦੀਆਂ ਸੌਹਾਂ, ਬਾਦਸ਼ਾਹ ਵੱਲੋਂ ਕੁਰਾਨ ਦੀ ਕਸਮ ਅਤੇ ਸਿੰਘਾਂ ਦੀਆਂ ਔਕੜਾਂ ਨੂੰ ਦੇਖਦੇ ਹੋਏ ਗੁਰੂ ਜੀ ਨੇ 6 ਅਤੇ 7 ਪੋਹ ਦੀ ਵਿਚਕਾਰਲੀ ਰਾਤ ਸੰਮਤ 1761 ਨੂੰ ਸ੍ਰੀ ਅਨੰਦਪੁਰ ਸਾਹਿਬ ਖਾਲੀ ਕਰ ਦਿੱਤਾ। ਇਸ ਤਰ੍ਹਾਂ ਅਨੰਦਪੁਰ ਸਾਹਿਬ ਵੀ ਪੰਜਵੀਂ ਲੜਾਈ ਦਾ ਅੰਤ ਹੋ ਗਿਆ।

**2. ਨਿਰਮੋਹਗੜ੍ਹ ਦਾ ਜੰਗੇ ਮੈਦਾਨ**

ਕੀਰਤਪੁਰ ਸਾਹਿਬ ਦੇ ਨੇੜੇ ਪਿੰਡ ਨਿਰਮੋਹ ਦੀ ਲੜਾਈ ਵੀ ਇਸ ਖੇਤਰ ਵਿੱਚ ਜੋ ਜੰਗੇ-ਮੈਦਾਨ ਹੈ ਸਿੱਖ-ਇਤਿਹਾਸ ਵਿੱਚ ਪ੍ਰਸਿੱਧ ਹੋਈ। ਇਸ ਰਣ ਭੂਮੀ ਵਿੱਚ ਇਹ ਲੜਾਈ 1701 ਈ. ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਦੂਜੀ ਲੜਾਈ ਤੋਂ ਬਾਅਦ ਲੜੀ ਗਈ ਸੀ। ਗੁਰੂ ਜੀ ਨੇ ਇਸ ਜੰਗ ਵਿੱਚ ਪਿੰਡ ਨਿਰਮੋਹ ਦੇ ਨੇੜੇ ਇੱਕ ਉੱਚੀ ਟਿੱਬੀ 'ਤੇ ਡੇਰਾ ਕਰ ਲਿਆ ਪਰ ਪਹਾੜੀ ਰਾਜਿਆਂ ਨੇ ਇਨਾਮ ਦਾ ਲਾਲਚ ਦੇ ਕੇ ਦੋ ਤੋਪਚੀਆਂ ਨੂੰ ਗੋਲੇ ਸੁੱਟਣ ਲਈ ਕਿਹਾ। ਇਕ ਤੋਪਚੀ ਦੇ ਨਿਸ਼ਾਨੇ ਨਾਲ ਗੁਰੂ ਜੀ ਦਾ ਚੌਰ-ਬਰਦਾਰ ਸਿੰਘ ਸ਼ਹੀਦ ਹੋ ਗਿਆ ਪਰ ਗੁਰੂ ਜੀ ਬਚ ਗਏ ਅਤੇ ਉਨ੍ਹਾਂ ਨੇ ਤੁਰੰਤ ਦੋਹਾਂ ਤੋਪਚੀਆਂ ਨੂੰ ਤੀਰ ਮਾਰ ਕੇ ਮਾਰ ਦਿੱਤਾ। ਇਸ ਜੰਗ ਵਿੱਚ ਸਰਹਿੰਦ ਦਾ ਸੂਬੇਦਾਰ ਵੀ ਵੱਡੀ ਗਿਣਤੀ ਵਿੱਚ ਪਹੁੰਚ ਗਿਆ ਸੀ। ਗੁਰੂ ਜੀ ਸਿੰਘਾਂ ਸਮੇਤ ਸਤਲੁਜ ਪਾਰ ਕਰਕੇ ਬਸਾਲੀ ਦੇ ਰਾਜਾ ਸਲਾਹੀ ਚੰਦ ਦੀ ਇੱਛਾ ਪੂਰੀ ਕਰਨ ਲਈ ਉਸਦੀ ਰਿਆਸਤ ਵਿੱਚ ਪਹੁੰਚ ਗਏ। ਮੁਗਲ ਅਤੇ ਪਹਾੜੀ ਰਾਜੇ ਆਪਣੇ ਠਿਕਾਣਿਆਂ ਵੱਲ ਚਲੇ ਗਏ। ਪਰ ਇਸ ਯੁੱਧ ਵਿੱਚ ਭਾਈ ਸਾਹਿਬ ਸਿੰਘ ਜੀ ਸ਼ਹੀਦ ਹੋ ਗਏ ਸਨ।

**3. ਸਰਸਾ ਨਦੀ ਦਾ ਕੰਢਾ**

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਸਮੇਤ ਸੰਮਤ 1761 ਦੇ 6-7 ਪੋਹ ਦੀ ਵਿਚਕਾਰਲੀ ਰਾਤ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡ ਕੇ ਉਥੋਂ 10-11 ਮੀਲ ਦੂਰ ਸਰਸਾ ਨਦੀ ਦੇ ਕੰਢੇ ਪਹੁੰਚ ਗਏ ਤਾਂ ਨਦੀ

ਵਿੱਚ ਭਾਰੀ ਹੜ੍ਹ ਆਇਆ ਹੋਇਆ ਸੀ। ਪਿੱਛੋਂ ਵੈਰੀ ਦਲਾਂ ਨੇ ਹਮਲਾ ਕਰ ਦਿੱਤਾ ਜਿਨ੍ਹਾਂ ਵਿੱਚ ਅਜਮੇਰ ਚੰਦ ਅਤੇ ਸਰਹਿੰਦ ਦੇ ਹਾਕਮ ਵਜ਼ੀਰ ਖਾਂ ਦੀਆਂ ਫ਼ੌਜਾਂ ਸਨ ਤਾਂ ਸਰਸਾ ਨਦੀ ਦੇ ਕੰਢੇ 'ਤੇ ਭਿਆਨਕ ਯੁੱਧ ਹੋਇਆ। ਇਸ ਯੁੱਧ ਵਿੱਚ ਭਾਈ ਮਦਨ ਸਿੰਘ ਅਤੇ ਭਾਈ ਉਦੈ ਸਿੰਘ ਵਰਗੇ ਕਈ ਸੂਰਮੇ ਸ਼ਹੀਦ ਹੋ ਗਏ। ਹਫ਼ੜਾ-ਦਫ਼ੜੀ ਵਿੱਚ ਗੁਰੂ ਪਰਿਵਾਰ ਦੀ ਸਾਰੇ ਸਿੰਘਾਂ ਨਾਲ ਸਰਸਾ ਪਾਰ ਕਰਕੇ ਰੋਪੜ ਵੱਲ ਚਲੇ ਗਏ। ਸਰਸਾ ਨਦੀ ਦੇ ਕੰਢੇ ਦੀ ਰਣ-ਭੂਮੀ ਵਿੱਚ ਗਹਿਗੱਚ ਲੜਾਈ ਵਿੱਚ ਭਾਈ ਆਲਮ ਸਿੰਘ ਨੱਥਣਾ ਦੀ ਸਿੰਘਣੀ ਬੀਬੀ ਭਿਖਾਂ ਜੀ ਵੀ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ।

### 4. ਪਿੰਡ ਮਲਕਪੁਰ ਦਾ ਮੈਦਾਨ

ਸਰਸਾ ਨਦੀ ਪਾਰ ਕਰਨ ਉਪਰੰਤ ਜਿਹੜੇ ਸਿੰਘ ਬਚ ਗਏ ਸਨ, ਉਹ ਸਭ ਰੋਪੜ ਵੱਲ ਚਲ ਪਏ ਸਨ। ਗੁਰੂ ਜੀ ਨੇ ਭਾਈ ਬਚਿੱਤਰ ਸਿੰਘ ਦੇ ਜਥੇ ਨੂੰ ਜਿਸ ਵਿੱਚ ਸੌ ਸਿੰਘ ਸ਼ਾਮਲ ਸਨ, ਦੁਸ਼ਮਣ ਫ਼ੌਜਾਂ ਦਾ ਮੁਕਾਬਲਾ ਕਰਨ ਦਾ ਹੁਕਮ ਦਿੱਤਾ ਪਰ ਪਿੰਡ ਮਲਕਪੁਰ ਦੇ ਰੰਗੜਾਂ ਅਤੇ ਗੁਜਰਾਂ ਨੇ ਹਮਲਾ ਕਰ ਦਿੱਤਾ, ਜਿਸ ਕਾਰਨ ਇੱਥੇ ਗਹਿਗੱਚ ਲੜਾਈ ਹੋਈ। ਅਨੇਕਾਂ ਸਿੰਘਾਂ ਨੇ ਇਸ ਸਥਾਨ +ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਪਰ ਉਨ੍ਹਾਂ ਨੇ ਬਹੁਤ ਸਾਰੇ ਰੰਗੜਾਂ-ਗੁਜਰਾਂ ਨੂੰ ਮਾਰ ਮੁਕਾਇਆ। ਭਾਈ ਬਚਿੱਤਰ ਸਿੰਘ ਜੀ ਗੰਭੀਰ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਬਾਅਦ ਵਿੱਚ ਬਾਬਾ ਅਜੀਤ ਸਿੰਘ ਅਤੇ ਭਾਈ ਮਦਨ ਸਿੰਘ ਦੇ ਜਥੇ ਨੇ ਉੱਥੋਂ 6 ਕਿਲੋਮੀਟਰ ਦੂਰ ਕੋਟਲਾ ਨਿਹੰਗ ਪਹੁੰਚਾਇਆ, ਜਿੱਥੇ ਬਾਅਦ ਵਿੱਚ ਉਹ ਸ਼ਹੀਦੀ ਪ੍ਰਾਪਤ ਕਰ ਗਏ।

### 5. ਸ੍ਰੀ ਚਮਕੌਰ ਸਾਹਿਬ ਦਾ ਜੰਗੇ-ਮੈਦਾਨ

ਸਿੱਖ ਇਤਿਹਾਸ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਚਮਕੌਰ ਸਾਹਿਬ ਵਿਖੇ ਦੋ ਵਾਰ ਯੁੱਧ ਲੜਿਆ। ਪ੍ਰੋ. ਸਾਹਿਬ ਸਿੰਘ ਅਨੁਸਾਰ ਸੰਨ 1703 ਈ. ਦੇ ਜਨਵਰੀ ਮਹੀਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੂਰਜ ਗ੍ਰਹਿਣ ਦੇ ਮੇਲੇ 'ਤੇ ਕੁਰੁਕਸ਼ੇਤਰ ਗਏ ਅਤੇ ਵਾਪਸੀ ਸਮੇਂ ਰੋਪੜ ਤੋਂ ਪੰਦਰ੍ਹਾਂ ਕੁ ਮੀਲ ਦੀ ਦੂਰੀ 'ਤੇ ਚਮਕੌਰ ਸਾਹਿਬ ਪਹੁੰਚ ਗਏ, ਜਿੱਥੇ ਫ਼ੌਜਦਾਰ ਅਲਫ਼ ਖਾਂ ਅਤੇ ਸੈਦ ਬੈਗ ਨੇ ਮੌਕਾ ਦੇਖ ਕੇ ਸਿੰਘਾਂ 'ਤੇ ਹਮਲਾ ਕਰ ਦਿੱਤਾ ਪਰ ਸੈਦ ਬੈਗ ਵੱਲੋਂ ਪਾਸਾ ਪਲਟਨ ਕਰਕੇ ਅਲਫ਼ ਖਾਂ ਬਹੁਤੀ ਦੇਰ ਲੜ ਨਾ ਸਕਿਆ ਅਤੇ ਆਪਣੀ ਫ਼ੌਜ ਲੈ ਕੇ ਦਿੱਲੀ ਵੱਲ ਚਲਾ ਗਿਆ। ਗੁਰੂ ਜੀ ਸਿੰਘਾਂ ਸਮੇਤ

ਸ੍ਰੀ ਅਨੰਦਪੁਰ ਸਾਹਿਬ ਆ ਗਏ। ਇਸ ਯੁੱਧ ਨੂੰ ਚਮਕੌਰ ਦਾ ਪਹਿਲਾਂ ਯੁੱਧ ਵੀ ਕਿਹਾ ਜਾਂਦਾ ਹੈ।

ਫਿਰ ਸਿਰਸਾ ਕੰਢੇ ਯੁੱਧ ਤੋਂ ਬਾਅਦ ਗੁਰੂ ਜੀ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘਾਂ ਸਮੇਤ ਸ੍ਰੀ ਚਮਕੌਰ ਸਾਹਿਬ ਪਹੁੰਚ ਗਏ ਅਤੇ ਇੱਕ ਕੱਚੀ ਗੜ੍ਹੀ ਵਿੱਚ ਡੇਰਾ ਕਰ ਲਿਆ। ਜਦੋਂ ਅੱਠ ਪੋਹ ਸੰਮਤ 1761 ਦਾ ਦਿਨ ਚੜ੍ਹਿਆ ਤਾਂ ਲਗਭਗ ਦਸ ਲੱਖ ਮੁਗਲ ਸੈਨਾ ਟਿੱਡੀ ਦਲ ਵਾਂਗ ਗੜ੍ਹੀ ਨੂੰ ਚੁਫੇਰਿਓਂ ਘੇਰ ਕੇ ਮਾਰੋ-ਮਾਰ ਬੰਦੂਕਾਂ ਅਤੇ ਸ਼ਸਤਰ ਚਲਾਉਣ ਲੱਗੀ। ਗੁਰੂ ਜੀ ਨੇ ਆਪਣੀ ਯੁੱਧ ਨੀਤੀ ਅਨੁਸਾਰ ਅੱਠ-ਅੱਠ ਸਿੰਘਾਂ ਨੂੰ ਤੀਰਾਂ, ਬੰਦੂਕਾਂ ਅਤੇ ਸ਼ਸਤਰਾਂ ਨਾਲ ਲੈੱਸ ਕਰ ਗੜ੍ਹੀ ਦੇ ਚਾਰ ਕੋਨਿਆਂ 'ਤੇ ਤਾਇਨਾਤ ਕਰ ਦਿੱਤਾ ਪਰ ਸਿੰਘਾਂ ਕੋਲ ਹਥਿਆਰ ਅਤੇ ਗੋਲੀ-ਸਿੱਕਾ ਬਹੁਤਾ ਨਹੀਂ ਸੀ ਅਤੇ ਦਸ ਲੱਖ ਫ਼ੌਜ ਦਾ ਮੁਕਾਬਲਾ ਕਰਨਾ ਕੋਈ ਸੌਖਾ ਨਹੀਂ ਸੀ। ਆਖ਼ਿਰ ਮੁਗਲਾਂ ਨੇ ਇਕੱਠੇ ਹੋ ਕੇ ਦਰਵਾਜ਼ੇ ਵਾਲੇ ਪਾਸਿਓਂ ਹਮਲਾ ਕਰਨ ਦੀ ਠਾਣੀ ਤਾਂ ਗੁਰੂ ਜੀ ਨੇ ਵੀ ਪੰਜ-ਪੰਜ ਸਿੰਘਾਂ ਦੇ ਜਥੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨਾਲ ਲੜਦੇ-ਲੜਦੇ ਸ਼ਹੀਦੀਆਂ ਪਾ ਗਏ। ਸਿੰਘਾਂ ਦੇ ਹੁਕਮ ਦੇਣ 'ਤੇ ਗੁਰੂ ਜੀ ਸ੍ਰੀ ਚਮਕੌਰ ਸਾਹਿਬ ਛੱਡ ਰਾਤ ਨੂੰ ਮਾਛੀਵਾੜੇ ਵੱਲ ਨਿਕਲ ਗਏ। ਇਸ ਲੜਾਈ ਵਿੱਚ ਗੁਰੂ ਜੀ ਦੇ ਬਹੁਤ ਪਿਆਰੇ 40 ਸਿੰਘ ਵੀ ਸ਼ਹੀਦ ਹੋਏ ਪਰ ਇਸ ਯੁੱਧ ਨੇ ਸੰਸਾਰ ਵਿੱਚ ਇਤਿਹਾਸ ਰਚਾ ਦਿੱਤਾ ਅਤੇ ਚਮਕੌਰ ਸਾਹਿਬ ਦੀ ਰਣਭੂਮੀ ਦੁਨੀਆਂ ਵਿੱਚ ਅਹਿਮ ਸਥਾਨ ਬਣ ਗਈ।

**6. ਪਿੰਡ ਖ਼ਿਦਰਾਬਾਦ ਦੀ ਰਣ-ਭੂਮੀ**

ਜਦੋਂ ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਵਿੱਚ ਖ਼ਾਲਸੇ ਦੀ ਫ਼ਤਿਹ ਹੋ ਗਈ ਤਾਂ ਮੁਗਲ ਫ਼ੌਜਾਂ ਅਤੇ ਪਹਾੜੀਏ ਹਿੰਦੂ ਮੈਦਾਨ ਛੱਡ ਕੇ ਭੱਜ ਗਏ, ਕਿਉਂਕਿ ਉਨ੍ਹਾਂ ਦੇ ਪੈਰ ਚੰਗੀ ਤਰ੍ਹਾਂ ਉੱਖੜ ਗਏ ਸਨ ਪਰ ਸਿੰਘਾਂ ਦੇ ਮਨਾ ਵਿੱਚ ਅਥਾਹ ਜੋਸ਼ ਸੀ ਅਤੇ ਉਹ ਉਨ੍ਹਾਂ ਦਾ ਪਿੱਛਾ ਕਰਦੇ ਜ਼ਿਲ੍ਹਾ ਅੰਬਾਲਾ, ਤਹਿਸੀਲ ਖਰੜ ਦੇ ਪਿੰਡ ਖ਼ਿਦਰਾਬਾਦ ਪਹੁੰਚ ਗਏ। ਇਸ ਥਾਂ 'ਤੇ ਸਿੰਘਾਂ ਨੇ ਬਚੇ ਹੋਏ ਮੁਗਲਾਂ ਨਾਲ ਫਿਰ ਯੁੱਧ ਕੀਤਾ ਅਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਪਛਾੜਿਆ। ਇਸ ਤਰ੍ਹਾਂ ਇਸ ਸਥਾਨ 'ਤੇ ਸੰਨ 1701 ਈ. ਵਿੱਚ ਜੰਗ ਲੜੀ ਗਈ ਸੀ। ਅੱਜਕੱਲ੍ਹ ਉੱਥੇ ਜੰਗ ਦੀ ਯਾਦਗਾਰ ਵਜੋਂ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਜੋ ਖ਼ਿਦਰਾਬਾਦ ਦੇ ਜੰਗੇ-ਮੈਦਾਨ ਦੀ ਯਾਦ ਤਾਜ਼ਾ ਕਰਦਾ ਹੈ।

## 7. ਚੱਪੜਚਿੜੀ ਦੀ ਰਣ-ਭੂਮੀ

ਪੰਜਾਬ ਵਿੱਚ ਖਰੜ-ਬਨੂੜ ਸੜਕ 'ਤੇ ਪੈਂਦੇ ਖਰੜ ਤੋਂ ਚਾਰ ਕੁ ਮੀਲ ਦੂਰ ਚੱਪੜਚਿੜੀ ਦਾ ਜੰਗੇ-ਮੈਦਾਨ ਸਿੱਖ-ਇਤਿਹਾਸ ਵਿੱਚ ਵਿਸ਼ੇਸ਼ ਥਾਂ ਰੱਖਦਾ ਹੈ ਕਿਉਂਕਿ ਇਸ ਸਥਾਨ 'ਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀਆਂ ਫ਼ੌਜਾਂ ਨੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਨਾਲ ਇੱਕ ਫ਼ੈਸਲਾਕੁੰਨ ਲੜਾਈ ਲੜੀ ਸੀ। ਸਿੱਖ ਇਤਿਹਾਸ ਅਨੁਸਾਰ ਸੰਢੋਰੇ 'ਤੇ ਫ਼ਤਿਹ ਪਾਉਣ ਤੋਂ ਬਾਅਦ ਸਿੰਘਾਂ ਦਾ ਮੁੱਖ ਨਿਸ਼ਾਨਾ ਗੁਰੂ ਮਾਰੀ ਸਰਹਿੰਦ ਹੀ ਸੀ ਇਸ ਲਈ ਜ਼ੋਰਦਾਰ ਤਿਆਰੀ ਅਤੇ ਬਾਬਾ ਜੀ ਨੇ ਆਪ ਯੁੱਧ-ਨੀਤੀ ਤਿਆਰ ਕੀਤੀ। ਉੱਧਰ ਜਦੋਂ ਬਨੂੜ ਨੂੰ ਫ਼ਤਿਹ ਕਰਕੇ ਸਿੰਘ ਅੱਗੇ ਵਧੇ ਤਾਂ ਦੂਜੇ ਪਾਸਿਓਂ ਰੋਪੜ ਕੋਲ ਹੋਈ ਲੜਾਈ ਵਿੱਚ ਸਤਲੁਜ ਪਾਰੋਂ ਆਏ ਸਿੰਘ ਵੀ ਫ਼ਤਿਹ ਪਾ ਕੇ ਬਾਬਾ ਜੀ ਨੂੰ ਮਿਲਣ ਲਈ ਅੱਗੇ ਵੱਧੇ ਤਾਂ ਉਨ੍ਹਾਂ ਦਾ ਮਿਲਣ ਅੰਬਾਲਿਉ ਰੋਪੜ ਨੂੰ ਜਾ ਰਹੀ ਸੜਕ ਉੱਤੇ ਬਨੂੜ ਅਤੇ ਖਰੜ ਵਿਚਕਾਰ ਹੋਇਆ। ਬਾਬਾ ਜੀ ਆਪਣੀ ਸ਼ਕਤੀ ਵਿੱਚ ਵਾਧਾ ਦੇਖਕੇ ਬਹੁਤ ਖੁਸ਼ ਹੋਏ ਅਤੇ ਸਰਹਿੰਦ ਉੱਤੇ ਹਮਲਾ ਕਰਨ ਲਈ ਚਲ ਪਏ। ਉੱਧਰ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਨ ਵੀ ਤੋਪਾਂ, ਹਾਥੀਆਂ ਅਤੇ ਬੰਦੂਕਧਾਰੀਆਂ ਦੀ 15,000 ਫ਼ੌਜ ਲੈ ਕੇ ਚੱਪੜਚਿੜੀ ਦੇ ਮੈਦਾਨ ਪਹੁੰਚ ਗਿਆ। ਬਾਬਾ ਜੀ ਨੇ ਸਿੰਘਾਂ ਦੇ ਦਲ ਦੀ ਕਮਾਨ ਭਾਈ ਫ਼ਤਿਹ ਸਿੰਘ, ਧਰਮ ਸਿੰਘ, ਆਲੀ ਸਿੰਘ ਅਤੇ ਸ਼ਾਮ ਸਿੰਘ ਦੇ ਹਵਾਲੇ ਕਰਕੇ ਆਪ ਇੱਕ ਉੱਚੀ ਟਿੱਬੀ 'ਤੇ ਬੈਠ ਨਿਗਰਾਨੀ ਕਰਨ ਲੱਗੇ। ਜਿਉਂ ਹੀ ਤੋਪਾਂ ਅਤੇ ਹਾਥੀ ਮਾਰੋ-ਮਾਰ ਕਰਕੇ ਅੱਗੇ ਵਧੇ ਤਾਂ ਸਿੰਘ ਟੁੱਟ ਕੇ ਪੈ ਗਏ। ਗਹਿਗੱਚ ਲੜਾਈ ਵਿੱਚ ਧਾੜਵੀਂ ਲੁਟੇਰੇ ਅਤੇ ਸੁੱਚਾ ਨੰਦ ਦਾ ਭਤੀਜਾ ਹਜ਼ਾਰਾਂ ਦੀ ਗਿਣਤੀ ਸਮੇਤ ਭੱਜ ਗਏ ਤਾਂ ਇਤਿਹਾਸਕਾਰ ਇਰਬਨ ਅਨੁਸਾਰ ਸਿੰਘਾਂ ਦੇ ਪੈਰ ਉੱਖੜ ਗਏ ਪਰ ਬਾਜ ਸਿੰਘ ਨੇ ਮੌਕਾ ਸੰਭਾਲ ਕੇ ਸਾਥੀਆਂ ਸਮੇਤ ਹਾਥੀਆਂ 'ਤੇ ਹੱਲਾ ਕੀਤਾ ਅਤੇ ਕਈ ਹਾਥੀ ਮਾਰ ਮੁਕਾਏ ਅਤੇ ਕਈ ਜ਼ਖ਼ਮੀ ਕਰ ਦਿੱਤੇ ਜਿਹੜੇ ਆਪਣੀ ਹੀ ਫ਼ੌਜ ਨੂੰ ਲਿਤਾੜਦੇ ਹੋਏ ਪਿੱਛੇ ਦੌੜ ਗਏ। ਹੁਣ ਸਿੰਘ ਹੱਥੋਂ-ਹੱਥ ਲੜਾਈ ਲੜ੍ਹਨ ਲੱਗੇ ਅਤੇ ਵਜ਼ੀਰ ਖਾਨ ਦਾ ਇਕ ਤੀਰ ਬਾਜ਼ ਸਿੰਘ ਦੀ ਬਾਂਹ 'ਤੇ ਲੱਗਾ ਕਿ ਉਹ ਤਲਵਾਰ ਨਾਲ ਬਾਜ ਸਿੰਘ 'ਤੇ ਵਾਰ ਕਰਨ ਹੀ ਵਾਲਾ ਸੀ ਕਿ ਫ਼ਤਿਹ ਸਿੰਘ ਨੇ ਤੁਰੰਤ ਆਪਣੀ ਤਲਵਾਰ ਨਾਲ ਵਜ਼ੀਰ ਖਾਨ ਨੂੰ ਚੀਰ ਦਿੱਤਾ। ਉਸਦਾ ਸਿਰ ਥੱਲੇ ਡਿਗ ਗਿਆ। ਸਿੰਘਾਂ ਦੀ ਫ਼ਤਿਹ ਹੋ ਗਈ। ਫਿਰ 14 ਮਈ, 1710 ਨੂੰ ਸਿੰਘਾਂ ਨੇ ਸਰਹਿੰਦ ਵਿੱਚ

ਦਾਖਲ ਹੋ ਕੇ ਸਰਹਿੰਦ ਸ਼ਹਿਰ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਇਸ ਤਰ੍ਹਾਂ ਚੱਪੜਚਿੜੀ ਦਾ ਜੰਗੇ-ਮੈਦਾਨ ਸਿੰਘਾਂ ਨੇ ਫ਼ਤਿਹ ਕਰਕੇ ਸਿੱਖ ਇਤਿਹਾਸ ਨੂੰ ਇੱਕ ਵੱਖਰਾ ਹੀ ਮੋੜ ਦਿੱਤਾ ਅਤੇ ਇਸੇ ਸਥਾਨ 'ਤੇ ਹੀ ਸੂਬਾ ਸਰਹਿੰਦ ਵਜ਼ੀਰ ਖਾਨ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਦੀਆਂ ਸ਼ਹੀਦੀਆਂ ਦਾ ਬਦਲਾ ਲਿਆ। ਚੱਪੜਚਿੜੀ ਦੀ ਰਣ-ਭੂਮੀ ਸਿੱਖ ਇਤਿਹਾਸ ਵਿੱਚ ਅੱਜ ਵੀ ਬਹੁਤ ਅਹਿਮ ਬਣੀ ਹੋਈ ਹੈ ਅਤੇ ਇਸ ਸਥਾਨ 'ਤੇ ਅੱਜਕੱਲ੍ਹ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦਗਾਰ ਅਤੇ ਇੱਕ ਫ਼ਤਿਹ ਮੀਨਾਰ ਬਣਾਇਆ ਗਿਆ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਿੱਖ ਇਤਿਹਾਸ ਵਿੱਚ ਜੋ ਪ੍ਰਮੁੱਖ ਯੁੱਧ ਲੜੇ ਗਏ, ਉਨ੍ਹਾਂ ਵਿੱਚੋਂ ਬਹੁਤੇ ਪੁਆਧੀ ਖੇਤਰ ਦੀਆਂ ਪ੍ਰਮੁੱਖ ਰਣ-ਭੂਮੀਆਂ ਵਿੱਚ ਹੀ ਲੜੇ ਗਏ ਸਨ, ਜੋ ਅੱਜ ਵੀ ਸਿੱਖ ਇਤਿਹਾਸ ਨੂੰ ਯਾਦ ਕਰਵਾਉਂਦੀਆਂ ਹਨ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਅੰਗਰੇਜ਼ਾਂ ਨੇ ਪੁਆਧ ਖੇਤਰ ਵਿੱਚ ਕਈ ਕਾਰਜ ਕੀਤੇ ਜਿਵੇਂ ਕਿ ਰੇਲ, ਖੇਤੀਬਾੜੀ ਦੀ ਬਿਹਤਰੀ ਲਈ ਨਿਯੁਕਤੀਆਂ, ਨਹਿਰਾਂ ਅਤੇ ਸਿੱਖਿਆ ਆਦਿ। ਭਾਵੇਂ ਕਿ ਅੰਗਰੇਜ਼ਾਂ ਨੇ ਇਹ ਕੰਮ ਆਪਣੀ ਸੱਤਾ ਨੂੰ ਮਜ਼ਬੂਤ ਕਰਨ ਲਈ ਕੀਤੇ ਸਨ ਪਰ ਇਹ ਕੰਮ ਇੱਥੋਂ ਦੇ ਆਮ ਲੋਕਾਂ ਲਈ ਵੀ ਫ਼ਾਇਦੇਮੰਦ ਸਾਬਤ ਹੋਏ। ਪੁਆਧ ਇਲਾਕੇ ਉੱਤੇ ਅੰਗਰੇਜ਼ਾਂ ਦਾ ਪੂਰਨ ਵਿੱਚ ਕਬਜ਼ਾ ਹੋਣ ਨਾਲ ਇੱਥੋਂ ਦੀਆਂ ਛੋਟੀਆਂ ਸਿੱਖ ਰਿਆਸਤਾਂ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਸਦਾ ਲਈ ਖ਼ਤਮ ਹੋ ਗਿਆ ਅਤੇ ਇਸ ਦੇ ਨਾਲ ਹੀ ਇਸ ਖੇਤਰ ਵਿੱਚ ਈਸਾਈ ਧਰਮ ਦਾ ਬੀਜ ਪਿਆ। ਅੰਗਰੇਜ਼ਾਂ ਨੇ ਪੁਆਧ ਖੇਤਰ ਵਿੱਚ ਈਸਾਈ ਧਰਮ ਦੇ ਪ੍ਰਚਾਰ ਲਈ ਗਿਰਜਾਘਰ ਅਤੇ ਸਕੂਲ ਬਣਵਾਏ। ਈਸਾਈ ਮਤ ਦਾ ਸਾਹਿਤ ਪ੍ਰਕਾਸ਼ਿਤ ਕਰਵਾ ਕੇ ਵੰਡਣ ਲਈ ਖਰੜ ਵਿੱਚ ਪ੍ਰਿੰਟਿੰਗ ਪ੍ਰੈੱਸ ਵੀ ਲਗਾਈ। ਭਾਵੇਂ ਕਿ ਅੰਗਰੇਜ਼ਾਂ ਤੋਂ ਆਜ਼ਾਦੀ ਮਿਲੀ ਨੂੰ 75 ਸਾਲ ਹੋ ਗਏ ਹਨ ਪਰ ਪੁਆਧ ਖੇਤਰ ਵਿੱਚ ਉਨ੍ਹਾਂ ਦੁਆਰਾ ਕੀਤੇ ਕਾਰਜਾਂ ਦਾ ਅੱਜ ਵੀ ਲੋਕਾਂ ਨੂੰ ਫ਼ਾਇਦਾ ਮਿਲ ਰਿਹਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅੰਗਰੇਜ਼ਾਂ ਦੇ ਇੱਥੇ ਆਉਣ ਨਾਲ ਨੁਕਸਾਨ ਹੋਇਆ, ਉੱਥੇ ਕਈ ਲਾਭ ਵੀ ਹੋਏ।

ਮੋ. 98764-52223

## ਖ਼ਾਲਸਾਈ ਜਾਹੋ-ਜਲਾਲ ਦਾ ਪ੍ਰਤੀਕ : ਹੋਲਾ ਮਹੱਲਾ

**• ਪ੍ਰੋ. ਸੁਖਵਿੰਦਰ ਸਿੰਘ**

ਹੋਲਾ ਮਹੱਲਾ ਖ਼ਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਕੌਮੀ ਜੋੜ ਮੇਲਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ, ਅਣਖ ਅਤੇ ਉਤਸ਼ਾਹ ਪੈਦਾ ਕਰਨ ਲਈ ਹੋਲੀ ਦੇ ਪਰੰਪਰਾਗਤ ਰੂਪ ਨੂੰ ਅਪ੍ਰਵਾਨ ਕਰਦਿਆਂ ਅਨੰਦਪੁਰ ਸਾਹਿਬ ਦੇ ਕਿਲ੍ਹੇ 'ਹੋਲਗੜ੍ਹ' ਦੇ ਸਥਾਨ ਉੱਤੇ ਚੇਤ ਵਦੀ ਏਕਮ ਸੰਮਤ 1757 (1700 ਈਸਵੀ) ਨੂੰ ਹੋਲੀ ਨੂੰ ਹੋਲੇ ਮਹੱਲੇ ਦੇ ਰੂਪ ਵਿਚ ਮਨਾਉਣ ਦੀ ਰੀਤ ਚਲਾਈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਤੁਰੰਤ ਬਾਅਦ ਹੋਲੇ ਮਹੱਲੇ ਨੂੰ ਸੁਤੰਤਰ ਸਿੱਖ ਸੋਚ ਅਨੁਸਾਰ ਮਨਾਉਣ ਦਾ ਆਰੰਭ ਕੀਤਾ ਤਾਂ ਜੋ ਖ਼ਾਲਸਾ ਆਪਣੀ ਵਿਲੱਖਣ ਅਤੇ ਸੁਤੰਤਰ ਹੋਂਦ ਅਨੁਸਾਰ ਆਪਣਾ ਤਿਉਹਾਰ ਮਨਾ ਕੇ ਆਪਣੇ ਨਿਆਰੇਪਣ ਦਾ ਪ੍ਰਗਟਾਵਾ ਕਰ ਸਕੇ।

'ਹੋਲਾ' ਅਰਬੀ ਭਾਸ਼ਾ ਦੇ ਸ਼ਬਦ 'ਹੂਲ' ਤੋਂ ਬਣਿਆ ਹੈ ਜਿਸ ਦਾ ਅਰਥ ਭਲੇ ਕੰਮ ਲਈ ਜੂਝਣਾ, ਸੀਸ ਤਲੀ ਉੱਤੇ ਧਰ ਕੇ ਲੜਨਾ, ਤਲਵਾਰ ਦੀ ਧਾਰ ਉੱਤੇ ਚੱਲਣਾ ਕੀਤੇ ਗਏ ਹਨ। 'ਮਹੱਲਾ' ਸ਼ਬਦ ਦੇ ਅਰਥ ਹਨ ਉਹ ਅਸਥਾਨ ਜਿੱਥੇ 'ਫ਼ਤਿਹ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਹੋਲੇ' ਦੇ ਅਰਥ ਹਮਲਾ ਜਾਂ ਹੱਲਾ ਕਰਨਾ ਹੈ। ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਡਾ. ਵਣਜਾਰਾ ਬੇਦੀ) ਅਨੁਸਾਰ, 'ਮਹੱਲਾ' ਅਰਬੀ ਭਾਸ਼ਾ ਦੇ ਸ਼ਬਦ 'ਮਹੋਲਵੋ' ਦਾ ਤਦਭਵ ਹੈ, ਜਿਸ ਦਾ ਭਾਵ ਉਸ ਸਥਾਨ ਤੋਂ ਹੈ ਜਿੱਥੇ 'ਫ਼ਤਿਹ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ।

ਦਸਮ ਪਾਤਸ਼ਾਹ ਹੋਲੇ ਮਹੱਲੇ ਵਾਲੇ ਦਿਨ ਖ਼ਾਲਸੇ ਨੂੰ ਦੋ ਦਲਾਂ ਵਿੱਚ ਵੰਡ ਕੇ ਉਨ੍ਹਾਂ ਵਿਚਕਾਰ ਨਕਲੀ ਮੁਕਾਬਲਾ ਕਰਵਾਇਆ ਕਰਦੇ ਸਨ। ਇੱਕ ਦਲ ਨਿਸ਼ਚਿਤ ਸਥਾਨ ਉੱਤੇ ਕਾਬਜ਼ ਹੋ ਜਾਂਦਾ ਤੇ ਦੂਜਾ ਉਸ ਉੱਤੇ ਹਮਲਾ ਕਰਕੇ ਉਸ ਸਥਾਨ ਨੂੰ ਖੋਹਣ ਦਾ ਯਤਨ ਕਰਦਾ। ਇਸ ਸਮੇਂ ਯੁੱਧ ਦੇ ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਓ ਹੁੰਦਾ, ਜੈਕਾਰੇ ਗੂੰਜਦੇ ਅਤੇ ਫ਼ਤਹਿ ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ ਉਸਨੂੰ ਗੁਰੂ ਸਾਹਿਬ ਵੱਲੋਂ ਸਿਰੋਪਾਓ ਦੀ ਬਖ਼ਸ਼ਿਸ਼ ਕਰਦੇ। ਫਿਰ ਉੱਥੇ ਹੀ ਦਰਬਾਰ ਸੱਜਦਾ ਅਤੇ ਸ਼ਸਤਰਧਾਰੀ ਸਿੰਘ

ਆਹਮੋ-ਸਾਹਮਣੇ ਆਪਣੇ ਕਰਤੱਵ ਵਿਖਾਉਂਦੇ। ਹੋਲੇ ਮਹੱਲੇ ਦੀ ਅਲੌਕਿਕ ਮਹਿਮਾ ਦਾ ਵਰਣਨ ਕਰਦਿਆਂ ਕਵੀ ਸੁਮੇਰ ਸਿੰਘ ਲਿਖਦੇ ਹਨ :

ਔਰਨਾ ਕੀ ਹੋਲੀ ਮਮ ਹੋਲਾ। ਕਹਯੋ ਕ੍ਰਿਪਾਨਿਧ ਬਚਨ ਅਮੋਲਾ।

ਹਰ ਤਿਉਹਾਰ ਦੇ ਪਿਛੋਕੜ ਵਿਚ ਕੋਈ ਨਾ ਕੋਈ ਇਤਿਹਾਸਕ ਘਟਨਾ ਜਾਂ ਮਿੱਥ ਜ਼ਰੂਰ ਹੁੰਦੀ ਹੈ। ਕੁਝ ਵਿਦਵਾਨ ਹੋਲੀ ਆ ਆਰੰਭ ਸ੍ਰੀ ਕ੍ਰਿਸ਼ਨ ਦੀ ਗੋਪੀਆਂ ਨਾਲ ਪ੍ਰੇਮ-ਕੀੜਾ ਤੋਂ ਮੰਨਦੇ ਹਨ, ਜਿਸ ਵਿਚ ਗੁਲਾਲ ਅਤੇ ਰੰਗ ਨੂੰ ਪੂਰਨ ਉਲਾਸ ਨਾਲ ਇੱਕ-ਦੂਜੇ ਉੱਤੇ ਪਾਇਆ ਜਾਂਦਾ ਹੈ। ਹੋਲੀ ਬਾਰੇ ਇਕ ਪ੍ਰਸੰਗ ਇਹ ਵੀ ਹੈ ਕਿ ਹਰਨਾਖਸ਼ ਇਕ ਬਹੁਤ ਹੰਕਾਰੀ ਰਾਜਾ ਸੀ ਅਤੇ ਆਪਣੇ ਆਪ ਨੂੰ ਸਰਬ-ਸ਼ਕਤੀਮਾਨ ਪ੍ਰਮਾਤਮਾ ਅਖਵਾਉਂਦਾ ਸੀ ਪਰ ਉਸ ਦਾ ਪੁੱਤਰ ਪ੍ਰਹਿਲਾਦ ਪ੍ਰਮਾਤਮਾ ਦਾ ਭਗਤ ਹੋਣ ਕਾਰਨ ਉਸ ਨੂੰ ਰੱਬ ਮੰਨਣ ਤੋਂ ਮੁਨਕਰ ਸੀ। ਪੁੱਤਰ ਦੀ ਇਸ ਗੱਲ ਤੋਂ ਨਿਰਾਸ਼ ਅਭਿਮਾਨੀ ਬਾਪ ਨੇ ਆਪਣੀ ਭੈਣ ਹੋਲਿਕਾ (ਜਿਸ ਨੂੰ ਅੱਗ ਵਿੱਚ ਨਾ ਸੜਨ ਦਾ ਵਰ ਪ੍ਰਾਪਤ ਸੀ) ਦੀ ਹਦਾਇਤ ਨਾਲ ਪੁੱਤਰ ਨੂੰ ਅੱਗ ਵਿੱਚ ਸਾੜਨਾ ਚਾਹਿਆ ਪਰ ਵਰ ਸਰਾਪ ਸਾਬਤ ਹੋਇਆ ਤੇ ਹੋਲਿਕਾ ਸੜ ਗਈ ਤੇ ਪ੍ਰਹਿਲਾਦ ਬਚ ਗਿਆ। ਅੰਤ ਭਗਵਾਨ ਨਰਸਿੰਘ ਰੂਪ ਵਿਚ ਪ੍ਰਗਟ ਹੋਏ ਅਤੇ ਹਰਨਾਖਸ਼ ਨੂੰ ਤੇਜ਼ ਨਹੁੰਆਂ ਨਾਲ ਚੀਰ ਦਿੱਤਾ। ਜ਼ਾਲਮ ਤੇ ਹੰਕਾਰੀ ਬਾਦਸ਼ਾਹ ਦਾ ਅੰਤ ਹੋਇਆ ਤੇ ਲੋਕਾਂ ਨੇ ਸੁੱਖ ਦਾ ਸਾਹ ਲਿਆ। ਇਸ ਤਰ੍ਹਾਂ ਹੋਲਿਕਾ ਦਹਨ ਦੀ ਰਸਮ ਚੱਲ ਪਈ ਤੇ ਲੋਕਾਂ ਨੇ ਹੋਲੀ ਮਨਾਉਣੀ ਸ਼ੁਰੂ ਕਰ ਦਿੱਤੀ। ਜੇਕਰ ਸਾਰਾ ਭਾਰਤ ਹੋਲੀ ਨੂੰ ਹੋਲਿਕਾ ਦੀ ਯਾਦ ਵਿੱਚ ਸੁਗੰਧ, ਰੰਗ ਆਦਿ ਦੀ ਵਰਤੋਂ ਰਾਹੀਂ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ ਤਾਂ ਉਸ ਦੇ ਸਮਾਨੰਤਰ ਖ਼ਾਲਸਾ ਹੋਲੀ ਦੇ ਪਰੰਪਰਾਗਤ ਰੂਪ ਦੀ ਥਾਂ ਹੋਲਾ ਮਹੱਲਾ ਮਨਾਉਣ ਵਿੱਚ ਗੌਰਵ ਸਮਝਦਾ ਹੈ।

ਅਜੋਕੇ ਸਮੇਂ ਹੋਲਾ ਮਹਲਾ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਰੂਪ ਵਿਚ ਖ਼ਾਲਸੇ ਦਾ ਭਾਰੀ ਇਕੱਠ ਹੁੰਦਾ ਹੈ ਅਤੇ ਜਲੂਸ ਦੇ ਰੂਪ ਵਿਚ ਹਰ ਸਾਲ 'ਮਹੱਲਾ ਕੱਢਿਆ ਜਾਂਦਾ ਹੈ। ਇਸ ਦਿਨ ਪੰਜ ਪਿਆਰੇ ਅਰਦਾਸ ਕਰਕੇ ਅਨੰਦਗੜ੍ਹ ਤੋਂ ਨਿਸ਼ਾਨ ਸਾਹਿਬ ਲੈ ਕੇ ਜਲੂਸ ਦੇ ਰੂਪ ਵਿਚ ਚੜ੍ਹਦੇ ਹਨ। ਨਿਹੰਗ ਸਿੰਘ ਘੋੜਿਆਂ ਉੱਤੇ ਸਵਾਰ ਹੋ ਕੇ ਸ਼ਸਤਰ ਧਾਰਨ ਕਰਕੇ ਇਸ ਜਲੂਸ ਵਿਚ ਸ਼ਾਮਿਲ ਹੁੰਦੇ ਹਨ। ਨਗਾਰੇ ਉੱਤੇ ਚੋਟ ਪੈਣ 'ਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਆਕਾਸ਼ ਗੂੰਜਦੇ ਜੈਕਾਰੇ ਛੱਡੇ ਜਾਂਦੇ ਹਨ।

ਇਹ ਭਾਰੀ ਜਲੂਸ ਅਨੰਦਗੜ੍ਹ ਤੋਂ ਮਾਤਾ ਜੀਤੋ ਜੀ ਦੇ ਦਹੁਰੇ ਅਤੇ ਫਿਰ ਲੋਹਗੜ੍ਹ ਤੇ ਉਸ ਤੋਂ ਬਾਅਦ ਚਰਨ ਗੰਗਾ ਸਟੇਡੀਅਮ ਵਿਚ ਪੁੱਜਦਾ ਹੈ। ਇੱਥੇ ਖ਼ਾਲਸੇ ਦੀ ਫ਼ੌਜ ਆਪਣੇ ਜੰਗੀ ਕਰਤੱਵ ਦਿਖਾਉਂਦੀ ਹੈ। ਗਤਕੇ ਦੇ ਵੱਖ-ਵੱਖ ਕਰਤਵ ਬਹੁਤ ਫੁਰਤੀ ਨਾਲ ਪੇਸ਼ ਕੀਤੇ ਜਾਂਦੇ ਹਨ। ਨਿਹੰਗ ਸਿੰਘ ਘੋੜਿਆਂ 'ਤੇ ਸੁਆਰ ਹੋ ਆਪਣੀ ਕਲਾ ਦਾ ਅਦਭੁੱਤ ਦ੍ਰਿਸ਼ ਪੇਸ਼ ਕਰਕੇ ਦਰਸ਼ਕਾਂ ਨੂੰ ਨਿਹਾਲ ਕਰਦੇ ਹਨ।

ਅਸਤਰਾਂ-ਸ਼ਸਤਰਾਂ ਦਾ ਜਲੌਅ ਵੇਖਣਯੋਗ ਹੁੰਦਾ ਹੈ। ਨਿਹੰਗ ਸਿੰਘਾਂ ਦੇ ਸਜਾਏ ਦੁਮਾਲੇ ਹਰ ਇੱਕ ਨੂੰ ਅਚੰਭਤ ਕਰਦੇ ਹਨ। ਠਾਠਾਂ ਮਾਰਦਾ ਇਹ ਹੋਲੇ ਮਹਲੇ ਦਾ ਸਮੁੰਦਰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤ ਨੂੰ ਖ਼ਾਲਸਾਈ ਰੰਗ 'ਚ ਰੰਗ ਦਿੰਦਾ ਹੈ। ਗੁਰੂ ਕਾ ਲੰਗਰ ਵੰਨ-ਸੁਵੰਨਤਾ ਦੇ ਪਕਵਾਨਾਂ ਨਾਲ ਆਪਣੀ ਮਹਿਮਾ ਖਿਲਾਰ ਰਿਹਾ ਹੁੰਦਾ। ਹੋਲੇ-ਮਹੱਲੇ ਮੌਕੇ ਭਾਵੇਂ ਰੰਗਾਂ ਦਾ ਛਿੜਕਾਅ ਵੀ ਹੁੰਦਾ ਹੈ ਪਰ ਇਸ ਦਾ ਵਿਸ਼ੇਸ਼ ਚਮਤਕਾਰ ਸ਼ਸਤਰ ਵਿੱਦਿਆ ਦੇ ਪ੍ਰਦਰਸ਼ਨ ਵਿੱਚ ਵੇਖਿਆ ਜਾ ਸਕਦਾ ਹੈ। ਬਾਅਦ ਦੁਪਹਿਰ ਇਹ ਜਲੂਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲ ਚਲਦਾ ਹੈ ਅਤੇ ਉੱਥੇ ਪੁੱਜ ਕੇ ਮਹੱਲੇ ਦੀ ਸਮਾਪਤੀ ਉਪਰੰਤ ਅਰਦਾਸ ਕੀਤੀ ਜਾਂਦੀ ਹੈ। ਹੋਲੇ ਮਹੱਲੇ ਮੌਕੇ ਧਾਰਮਿਕ ਦੀਵਾਨ ਵੀ ਸੱਜਦੇ ਹਨ, ਜਿੱਥੇ ਗੁਰਬਾਣੀ ਦਾ ਰਹੱਸਮਈ ਤੇ ਬੀਰਰਸੀ ਕੀਰਤਨ ਕੀਤਾ ਜਾਂਦਾ ਹੈ।

ਵਰਤਮਾਨ ਸਮੇਂ ਲੋਕ ਮਨਾਂ ਨੂੰ ਆਲਮੀ ਅਲਾਮਤਾਂ ਤੋਂ ਨਿਰਲੇਪ ਰੱਖਣ ਅਤੇ ਚੇਤਨਾ ਪੈਦਾ ਕਰਨ ਲਈ ਹੋਲੇ ਮਹੱਲੇ ਦੀ ਮੂਲ ਭਾਵਨਾ ਨੂੰ ਉਜਾਗਰ ਕਰਨ ਦੀ ਬਹੁਤ ਲੋੜ ਹੈ। ਇਸ ਨਾਲ ਲੋਕ ਮਨਾਂ ਅੰਦਰ ਹੱਕ-ਸੱਚ ਲਈ ਲੜਨ ਦਾ ਜਜ਼ਬਾ, ਉਤਸਾਹ ਤੇ ਚੜ੍ਹਦੀ ਕਲਾ ਦੀ ਭਾਵਨਾ ਪੈਦਾ ਹੋਵੇਗੀ। ਇੱਥੇ ਖ਼ਾਲਸੇ ਦੇ ਬੋਲੇ ਜਿਨ੍ਹਾਂ ਨੂੰ ਗੜਗੱਜ ਬੋਲੇ ਵੀ ਕਿਹਾ ਜਾਂਦਾ ਹੈ ਨਿਹੰਗ ਸਿੰਘ ਆਪਣੀ ਬੋਲ-ਚਾਲ ਰਾਹੀਂ ਵਰਤਦੇ ਹਨ। ਉਦਾਹਰਣ ਵੱਜੋਂ : ਦੀਵੇ ਨੂੰ ਉਜਾਗਰ, ਡੰਡੇ ਨੂੰ ਅਕਲਦਾਨ, ਬੱਕਰੀ ਨੂੰ ਅਕਾਸ਼ਪਰੀ, ਰਾਤ ਨੂੰ ਅੰਜਨੀ, ਦੁੱਧ ਨੂੰ ਸਮੁੰਦਰ, ਕਛਹਿਰਾ ਨੂੰ ਕੱਛ, ਮੂਲੀ ਨੂੰ ਕਰਾੜੀ, ਲੱਸੀ ਨੂੰ ਖਾਰਾ ਸਮੁੰਦਰ, ਖੋਤੀ ਨੂੰ ਚਿਲਮ, ਖੰਡ ਨੂੰ ਸੁਆਹ ਤੇ ਕੇਸਰ ਨੂੰ ਹਲਦੀ ਆਦਿਕ।

**ਪੰਜਾਬੀ ਵਿਭਾਗ,**
**ਸ੍ਰੀ ਗੁਰੂ ਤੇਗ਼ ਬਹਾਦਰ ਖਾਲਸਾ ਕਾਲਜ,**
**ਸ੍ਰੀ ਅਨੰਦਪੁਰ ਸਾਹਿਬ।**
**ਮੋ. 95924-18152**

# ਗੁਰੂ ਤੇਗ਼ ਬਹਾਦਰ ਜੀ ਦਾ ਆਲਮੀ ਦ੍ਰਿਸ਼ਟੀਕੋਣ

• ਡਾ. ਰਜਿੰਦਰ ਸਿੰਘ ਕੁਰਾਲੀ

ਗੁਰੂ ਤੇਗ਼ ਬਹਾਦਰ ਜੀ "ਸਗਲ ਸ੍ਰਿਸਟਿ" ਦੀ ਚਾਦਰ ਹਨ। ਸ਼ਹੀਦ ਸਚਿਆਰ ਅਤੇ ਗਿਆਨਵਾਨ ਮਹਾਂਪੁਰਸ਼ ਹੁੰਦਾ ਹੈ ਜੋ ਕੌਮਾਂ ਦੀ ਤਕਦੀਰ ਅਤੇ ਤਸਵੀਰ ਬਦਲ ਦਿੰਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਮਨੁੱਖਤਾ ਦੇ ਇਤਿਹਾਸ ਦੀ ਯੁੱਗ-ਪਲਟਾਊ ਘਟਨਾ ਹੈ। ਗੁਰੂ ਜੀ ਦੀ ਬਾਣੀ ਵਿੱਚ ਵਿਸ਼ਵ ਏਕਤਾ ਦਾ ਸੁਨੇਹਾ ਹੈ। ਇਨਸਾਨੀਅਤ ਦੇ ਉੱਚੇ ਮਿਆਰਾਂ ਲਈ ਆਦਰਸ਼ ਹੈ। ਵਿਰੋਧ ਦੀ ਥਾਂ ਮਿਲਵਰਤਨ ਦਾ ਸੁਨੇਹਾ ਹੈ। ਵਹਿਮ ਪ੍ਰਸਤੀ ਦੀ ਥਾਂ ਗਿਆਨ ਦੀ ਪ੍ਰਭਾਤ ਹੈ। ਜ਼ੁਲਮ ਦੇ ਸ਼ਿਕਾਰ ਬਣੇ ਲੋਕਾਂ ਨੂੰ ਰੋਣ ਦੀ ਥਾਂ ਉੱਠਣ, ਸੰਗਠਿਤ ਹੋਣ ਤੇ ਜੂਝਣ ਦੀ ਬਲਵਾਨ ਪ੍ਰੇਰਨਾ ਹੈ। ਗੁਰੂ ਸਾਹਿਬ ਦਾ ਸਿਦਕ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਭਿਅੰਕਰ ਚੁਣੌਤੀਆਂ ਦੇ ਉਛਾਲੇ ਮਾਰਦੇ ਦਰਿਆ ਨੂੰ ਨਿਰਭੈ ਹੋ ਕੇ ਪਾਰ ਕਰਦਾ ਹੈ। ਗੁਰੂ ਸਾਹਿਬ ਦਾ ਪ੍ਰਵਚਨ ਅਜਿਹਾ ਸਮਾਜ ਸਿਰਜਣ ਲਈ ਯਤਨਸ਼ੀਲ ਹੈ ਜਿੱਥੇ ਮਨੁੱਖੀ ਇਖ਼ਲਾਕ ਦੀਆਂ ਕੀਮਤਾਂ ਪਰਉਪਕਾਰ ਤੇ ਸਹਿਯੋਗ ਦਾ ਰੂਪ ਧਾਰਕੇ ਸੱਚਾਈ ਅਤੇ ਇਨਸਾਫ਼ ਦੀ ਜਗਮਗਾਉਂਦੀ ਇਬਾਰਤ ਸਾਂਝੀਵਾਲਤਾ ਦੇ ਵਿਸ਼ਾਲ ਗਗਨ ਵਿੱਚ ਲਿਖ ਦਿੰਦੀਆਂ ਹਨ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਕਿਸੇ ਵਿਸ਼ੇਸ਼ ਧਰਮ ਜਾਂ ਵਰਗ ਦੀ ਥਾਂ ਸਮੁੱਚੀ ਮਨੁੱਖਤਾ ਲਈ ਸੀ। ਗੁਰੂ ਜੀ "ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥" (1427) ਦਾ ਪੈਗ਼ਾਮ ਦਿੰਦਿਆਂ ਸਾਰੀ ਮਾਨਵਤਾ ਨੂੰ ਪਿਆਰ ਅਤੇ ਸਤਿਕਾਰ ਨਾਲ ਦੇਖਣ ਦਾ ਵਿਸ਼ਵ-ਵਿਆਪੀ ਦ੍ਰਿਸ਼ਟੀਕੋਣ ਵਿਕਸਤ ਕਰਦੇ ਹਨ। ਸਾਰਾ ਸੰਸਾਰ ਉਹਨਾਂ ਨੂੰ ਇੱਕ ਵੱਡਾ ਪਰਿਵਾਰ ਨਜ਼ਰ ਆਉਂਦਾ ਹੈ। ਉਹ ਮਾਨਵਤਾ ਦੇ ਦੁੱਖ ਨੂੰ ਆਪਣਾ ਦੁੱਖ ਸਮਝ ਕੇ ਮਾਨਵਤਾ ਦੇ ਜ਼ਖ਼ਮਾਂ 'ਤੇ ਚਾਨਣ ਦਾ ਫੰਬਾ ਧਰਨ ਲਈ ਸਦਾ ਕਾਰਜ ਕਰਦੇ ਰਹੇ।

ਗੁਰੂ ਤੇਗ਼ ਬਹਾਦਰ ਜੀ ਦੇ ਪ੍ਰਵਚਨ ਵਿੱਚ ਸ਼ੁਭ ਕਰਮ ਅਤੇ ਸਮਾਨਤਾ ਦਾ ਸੰਦੇਸ਼ ਹੈ। ਗੁਰੂ ਜੀ ਨੇ ਮਨੁੱਖੀ ਜੀਵਨ ਨੂੰ 'ਦੁਰਲਭ' ਮੰਨਦਿਆਂ ਸੰਸਾਰ ਵਿੱਚ ਉਸਾਰੂ ਭੂਮਿਕਾ ਨਿਭਾਉਣ ਪ੍ਰਤੀ ਮਨੁੱਖ ਨੂੰ ਪ੍ਰੇਰਿਤ ਕੀਤਾ। ਸੰਸਾਰਿਕ ਜ਼ਿੰਮੇਵਾਰੀ ਵੱਲ ਪਿੱਠ ਕਰਨ ਜਾਂ ਵਿਲਾਸਤਾ ਦੇ ਉਹ ਸਖ਼ਤ ਵਿਰੋਧੀ ਸਨ।

ਜੀਵਨ ਸੰਸਾਰ ਨੂੰ ਸੁੰਦਰ ਬਣਾਉਣ ਦਾ ਸੁਨਹਿਰੀ ਅਵਸਰ ਹੈ। ਰਿਸ਼ਤਿਆਂ ਵਿੱਚ ਵਿਸ਼ਵਾਸ ਅਤੇ ਮਿਲਵਰਤਨ ਦੇ ਰੰਗ ਭਰਨ ਦਾ ਇਕਰਾਰ ਹੈ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਦਾ ਫ਼ਰਜ਼ ਹੈ। ਭੇਦ-ਭਾਵ ਤੇ ਸੁਆਰਥ ਗੁਰੂ ਸਾਹਿਬ ਦੀ ਸੋਚ ਦੇ ਪਾਵਨ ਮੰਡਲਾਂ ਵਿੱਚ ਪ੍ਰਵੇਸ਼ ਨਹੀਂ ਕਰ ਸਕਦੇ।

ਆਲਮੀ ਏਕਤਾ ਲਈ ਮਾਨਵਤਾ ਦੇ ਉੱਚੇ ਮਿਆਰ ਸਥਾਪਿਤ ਕਰਨ ਲਈ ਗੁਰੂ ਸਾਹਿਬ ਨੇ ਮਨੁੱਖੀ ਸੋਚ ਅਤੇ ਵਿਵਹਾਰ ਦੀਆਂ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕੀਤੀ। ਮਨੁੱਖ "ਧਨੁ ਦਾਰਾ (ਇਸਤਰੀ) ਸੰਪਤਿ" (1426) ਪ੍ਰਤੀ ਵਿਵੇਕ ਦੀ ਥਾਂ ਮੋਹ ਦੇ ਅਧੀਨ ਕੰਮ ਕਰਦਾ ਹੈ। ਧਨ ਦੀ ਪ੍ਰਾਪਤੀ ਤੇ ਪਰਿਵਾਰਿਕ ਕਾਮਨਾਵਾਂ ਦੀ ਪੂਰਤੀ ਲਈ ਹਰ ਜਾਇਜ਼-ਨਜ਼ਾਇਜ਼ ਢੰਗ ਵਰਤਦਾ ਹੈ। ਇਸ ਨਾਲ ਸਮਾਜ ਦੇ ਵਿਹੜੇ ਵਿੱਚ ਰਿਸ਼ਤਿਆਂ ਦੇ ਰੰਗ ਬਿਖਰ ਜਾਂਦੇ ਹਨ। ਗੁਰੂ ਸਾਹਿਬ ਅਨੁਸਾਰ ਗ੍ਰਹਿਸਤ ਧਰਮ ਵਿੱਚ ਰੁਕਾਵਟ ਨਹੀਂ ਧਰਮ ਦਾ ਜ਼ਰੂਰੀ ਅੰਗ ਹੈ। ਨਾਰੀ ਤ੍ਰਿਸਕਾਰ ਦੀ ਨਹੀਂ ਸਤਿਕਾਰ ਦੀ ਪਾਤਰ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਪਤਨੀ ਮਾਤਾ ਗੁਜਰੀ ਜੀ ਨੇ ਸਿੱਖ ਇਤਿਹਾਸ ਵਿੱਚ ਵੱਡੀ ਭੂਮਿਕਾ ਨਿਭਾਈ ਤੇ ਨਾਰੀ ਦਾ ਸਿਰ ਮਾਣ ਨਾਲ ਉੱਚਾ ਕੀਤਾ। ਗੁਰੂ ਸਾਹਿਬ ਪਰਿਵਾਰ ਛੱਡਣ ਲਈ ਨਹੀਂ ਲਾਲਸਾਵਾਂ ਜੋ ਮਨੁੱਖ ਨੂੰ ਅਨੈਤਿਕਤਾ ਅਤੇ ਸਮਾਜਿਕ ਸ਼ੋਸ਼ਣ ਵੱਲ ਤੋਰਦੀਆਂ ਹਨ, ਨੂੰ ਤਿਆਗਣ ਲਈ ਆਖਦੇ ਹਨ। "ਮਦਿ ਮਾਇਆ ਕੈ ਅੰਧੁ" (1428) ਦੀ ਲਪੇਟ ਵਿੱਚ ਆਇਆ ਮਨੁੱਖ ਲਾਲਸਾ, ਹੰਕਾਰ, ਤਣਾਅ ਅਤੇ ਅਗਿਆਨਤਾ ਅੰਦਰ ਵਿਚਰਦਾ ਹੈ। ਮੋਹ ਤੋਂ ਮੁਕਤ ਸਿਮਰਨ ਦੀ ਬਰਕਤ ਨਾਲ਼ ਭਰਪੂਰ ਸਿੱਖਾਂ ਨੇ ਆਰੇ ਦੇ ਤਿੱਖੇ ਦੰਦਿਆਂ, ਉਬਲਦੀਆਂ ਦੇਗ਼ਾਂ ਦੇ ਕਹਿਰ ਤੇ ਅੱਗ ਦੀਆਂ ਲਪਟਾਂ ਦੀ ਦਹਿਸ਼ਤ ਵਿੱਚ ਅਡੋਲਤਾ ਦੀ ਮਿਸਾਲ ਕਾਇਮ ਕਰਕੇ ਰੌਸ਼ਨ ਤਵਾਰੀਖ ਸਿਰਜੀ। ਮਨੁੱਖ ਦੁਆਰਾ ਇਕੱਠੀ ਕੀਤੀ ਬੇਹਿਸਾਬ ਦੌਲਤ ਅਤੇ ਭੋਗ ਸੁੱਖ ਦੀ ਥਾਂ "ਬਾਲੂ ਕੀ ਭੀਤਿ" (1429) ਅਰਥਾਤ ਰੇਤ ਦੀ ਕੰਧ ਵਾਂਗ ਇੱਕ ਝਟਕੇ ਵਿੱਚ ਬਿਨਸ ਜਾਣ ਵਾਲੇ ਹਨ। ਸੁੱਖ ਦਾ ਅਧਾਰ "ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥" (1426) ਵਿੱਚ ਵਿਆਪਕ ਹੈ।

ਗੁਰੂ ਤੇਗ਼ ਬਹਾਦਰ ਜੀ ਦੇ ਸਮਕਾਲ ਵਿੱਚ ਦਹਿਸ਼ਤ, ਕੱਟੜਤਾ, ਜ਼ੁਲਮ ਤੇ ਸ਼ੋਸ਼ਣ ਦੇ ਅੰਧਕਾਰ ਸਨ। ਇਹਨਾਂ ਵਿੱਚੋਂ ਲੰਘਣ ਲਈ ਸਿਰ ਤਲੀ 'ਤੇ ਧਰਨ ਵਾਲ਼ੇ ਸੂਰਮਿਆਂ ਦੀ ਲੋੜ ਸੀ। ਤਾਨਾਸ਼ਾਹ ਤੂਫ਼ਾਨ ਦੇ ਉਲਟ ਪਰਵਾਜ਼

ਕਰਨ ਲਈ ਸਰੀਰਕ ਬਲ ਦੇ ਨਾਲ਼-ਨਾਲ਼ ਆਤਮਿਕ ਬਲ ਬੇਹੱਦ ਜ਼ਰੂਰੀ ਸੀ। ਗੁਰੂ ਜੀ ਨੇ ਇਸ ਵਿਕਰਾਲ ਸਮੱਸਿਆ ਨੂੰ ਸੰਬੋਧਿਤ ਕੀਤਾ। ਗੁਰੂ ਜੀ ਨੇ ਮਾਨਵਤਾ ਵਿਰੋਧੀ ਸ਼ਕਤੀਆਂ ਨੂੰ ਨਕਾਰਿਆ ਹੀ ਨਹੀਂ ਵੰਗਾਰਿਆ ਵੀ।

ਅਕਾਲ-ਪੁਰਖ ਦੀ ਓਟ ਲੈ ਕੇ ਜ਼ੁਲਮ-ਜ਼ਬਰ ਖਿਲਾਫ਼ ਟੱਕਰ ਲੈਣ ਲਈ ਜਨਤਾ ਅੰਦਰ ਰੋਹ ਪਣਪ ਪਿਆ। ਗੁਰੂ ਜੀ ਦੀ ਸ਼ਹਾਦਤ ਪਿੱਛੋਂ ਇਹ ਹੋਰ ਪ੍ਰਚੰਡ ਹੋ ਗਿਆ। ਨਿਰਧਨ ਨੂੰ ਪਾਲਣ ਤੇ ਦੁਸ਼ਟ ਨੂੰ ਗਾਲਣ ਵਾਲ਼ੇ ਖ਼ਾਲਸੇ ਦਾ ਰੂਪ ਧਾਰ ਗਿਆ। ਜਨਰਲ ਜੇ. ਐੱਚ. ਜੋਨ ਗਾਰਡਨ ਅਨੁਸਾਰ ਜੋ ਤਿੱਖੀਆਂ ਸੂਲਾਂ ਗੁਰੂ ਤੇਗ਼ ਬਹਾਦਰ ਜੀ ਦੇ ਲਹੂ ਨਾਲ਼ ਦਿੱਲੀ ਵਿੱਚ ਬੀਜੀਆਂ ਗਈਆਂ, ਉਹਨਾਂ ਤੋਂ ਖ਼ਾਲਸੇ ਦੇ ਰੂਪ ਵਿੱਚ ਭਰਵੀਂ ਫਸਲ ਪੈਦਾ ਹੋਈ।

ਗੁਰੂ ਤੇਗ਼ ਬਹਾਦਰ ਜੀ ਨੇ ਧਰਮ ਪ੍ਰਚਾਰ ਕਰਨ ਦੇ ਨਾਲ਼-ਨਾਲ਼ "ਲੋਕਾਂ ਨੂੰ ਹਿੰਸਾ ਅਤੇ ਚੋਰੀ ਆਦਿ ਛੱਡ ਦੇਣ ਅਤੇ ਆਪਣੇ ਗੁਆਂਢੀਆਂ ਨਾਲ਼ ਅਮਨ ਅਤੇ ਸ਼ਾਂਤੀ ਨਾਲ਼ ਰਹਿਣ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਲੋਕਾਂ ਦੀ ਵਰਤੋਂ ਲਈ ਬਹੁਤ ਸਾਰੇ ਸਰੋਵਰ ਅਤੇ ਖੂਹ ਪੁਟਵਾਏ ਜੋ ਗਰਮੀ ਨਾਲ਼ ਝੁਲਸੇ ਹੋਏ ਇਲਾਕੇ ਲਈ ਵਰਦਾਨ ਸਾਬਤ ਹੋਏ।" ਸਿੱਖ ਧਰਮ ਵਿੱਚ ਬਰਾਬਰਤਾ ਦਾ ਸੰਕਲਪ ਹੈ। ਸਰੋਵਰ ਵਿੱਚ ਹਰ ਜਾਤ ਦਾ ਵਿਅਕਤੀ ਇਸ਼ਨਾਨ ਕਰੇਗਾ, ਇਸ ਨਾਲ਼ ਸਮਾਜਿਕ ਊਚ-ਨੀਚ ਦਾ ਭੇਦ ਖ਼ਤਮ ਹੁੰਦਾ ਹੈ।

ਕੱਟੜਤਾ, ਤਾਨਾਸ਼ਾਹੀ ਅਤੇ ਦਹਿਸ਼ਤ ਆਲਮੀ ਏਕਤਾ ਲਈ ਵੱਡੇ ਖ਼ਤਰੇ ਹਨ। ਗੁਰੂ ਤੇਗ਼ ਬਹਾਦਰ ਜੀ ਨੇ ਇਨਸਾਨੀਅਤ ਪ੍ਰਤੀ ਪ੍ਰੇਮ ਦੇ ਨਾਲ਼-ਨਾਲ਼ ਮਾਨਵਤਾ ਵਿਰੋਧੀ ਸ਼ਕਤੀਆਂ ਤੋਂ ਭੈਅ ਮੁਕਤ ਹੋ ਕੇ ਜਿਊਣ ਦਾ ਸੁਨੇਹਾ ਦਿੱਤਾ। "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥" (1427) ਗਿਆਨ ਨੂੰ ਗੁਰੂ ਸਾਹਿਬ ਨੇ ਭੈਅ ਮੁਕਤ ਹੋਣ ਲਈ ਉਤਸ਼ਾਹਿਤ ਕੀਤਾ ਹੈ ਤਾਂ ਜੋ ਤਾਨਾਸ਼ਾਹੀ ਸ਼ਕਤੀਆਂ ਅੱਗੇ ਗਿਆਨ ਹਥਿਆਰ ਸੁੱਟਣ ਦੀ ਥਾਂ ਮਨੁੱਖਤਾ ਦੇ ਭਲੇ ਲਈ ਹਿੱਕ ਤਾਣ ਕੇ ਖੜ੍ਹਾ ਹੋ ਸਕੇ। ਮੌਤ ਦੇ ਭੈਅ ਤੋਂ ਮੁਕਤ ਮਨੁੱਖ ਕੂੜ ਦੀਆਂ ਧੱਜੀਆਂ ਉਡਾਉਂਦਿਆਂ ਸ਼ਹਾਦਤ ਦੇ ਉੱਚੇ ਮੁਕਾਮਾਂ ਨੂੰ ਪ੍ਰਣਾਮ ਕਰਦਾ ਹੈ। ਸ਼ੋਸ਼ਣ ਦੇ ਪੀੜ੍ਹਤਾਂ ਨੂੰ ਜ਼ਿੰਦਗੀ ਦੀ ਪਰਿਭਾਸ਼ਾ ਦੱਸਦਾ ਹੈ ਅਤੇ ਸਮਾਜਿਕ ਪਰਿਵਰਤਨ ਲਈ ਲਾਮਬੰਦ ਕਰਦਾ ਹੈ। ਜਨਤਾ ਅੰਦਰ ਸਮਾਜਿਕ ਨਿਆਂ ਦੀ ਸਥਾਪਨਾ ਲਈ ਚੇਤਨਾ ਪੈਦਾ ਹੋਣ ਨਾਲ਼ ਜ਼ਾਲਮ ਨਿਜ਼ਾਮ ਦੇ ਤਖ਼ਤ ਅਤੇ ਤਾਜ ਹਿੱਲਦੇ ਹਨ। ਜਨਤਾ ਅੰਦਰ ਏਕਤਾ ਦੀ ਖ਼ੂਬਸੂਰਤ ਲਹਿਰ ਉੱਠਦੀ ਹੈ

ਤੇ ਇਤਿਹਾਸ ਦੇ ਮਾਣਮੱਤੇ ਪੰਨੇ ਲਿਖੇ ਜਾਂਦੇ ਹਨ। ਗੁਰੂ ਤੇਗ਼ ਬਹਾਦਰ ਜੀ ਦੀ ਮਹਾਨ ਸ਼ਹਾਦਤ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਚੱਲ ਰਹੇ ਅੰਦੋਲਨਾਂ ਲਈ ਵੱਡੀ ਪ੍ਰੇਰਨਾ ਸਰੋਤ ਹੈ। "ਬਾਂਹ ਜਿਨਾ ਦੀ ਪਕੜੀਐ ਸਿਰ ਦੀਜੈ ਬਾਂਹ ਨਾ ਛੋੜੀਐ। ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨਾ ਛੋੜੀਐ।" ਦਾ ਨਾਦ ਆਲਮ ਵਿੱਚ ਗੂੰਜ਼ਦਾ ਅਤੇ ਧੱਕੇਸ਼ਾਹੀ ਵਿਰੁੱਧ ਖੜ੍ਹੇ ਹੋਣ ਦਾ ਬਲ ਬਖ਼ਸ਼ਦਾ ਹੈ।

ਆਲਮੀ ਏਕਤਾ ਅਤੇ ਵਿਕਾਸ ਲਈ ਮਨੁੱਖ ਨੂੰ "ਬੈਰੀ ਮੀਤ" ਦੇ ਭੇਦ-ਭਾਵ ਛੱਡ ਕੇ ਉਦਾਰਤਾ ਨਾਲ ਸੋਚਣ ਦੀ ਲੋੜ ਹੈ। "ਹਰਖੁ ਸੋਗ ਤੋਂ ਉੱਪਰ ਉੱਠ ਕੇ "ਕੰਚਨ" (ਅਮੀਰੀ), "ਲੋਹ" (ਗ਼ਰੀਬੀ) ਨੂੰ ਸਮਾਨ ਸਮਝਦਿਆਂ "ਉਸਤਤਿ ਨਿੰਦਿਆ", "ਲੋਭੁ ਮੋਹੁ ਅਭਿਮਾਨੁ" ਤੋਂ ਨਿਰਲੇਪ ਰਹਿਣ ਦੀ ਜ਼ਰੂਰਤ ਹੈ। ਮੇਰ-ਤੇਰ ਦੀ ਉਲਾਰ ਸੋਚ ਦੀ ਥਾਂ ਵਿਵੇਕ ਤੇ ਪ੍ਰੇਮ ਨਾਲ ਵਿਵਹਾਰ ਕਰਨ ਵਾਲ਼ਾ ਮਨੁੱਖ ਸਮਾਜ ਲਈ ਉਸਾਰੂ ਭੂਮਿਕਾ ਨਿਭਾਅ ਸਕਦਾ ਹੈ। ਉਹ ਆਤਮ-ਵਿਸ਼ਵਾਸ ਨਾਲ਼ ਨਵੀਆਂ ਸੰਭਾਵਨਾਵਾਂ ਦੀ ਜ਼ਮੀਨ ਤਲਾਸ਼ਦਾ ਹੈ। ਸਮੱਸਿਆਵਾਂ ਦੇ ਹੱਲ ਲੱਭਦਾ ਹੈ, ਸਫ਼ਲਤਾ ਦੇ ਸੁਪਨੇ ਦੇਖਦਾ ਹੈ।

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥ (1429)

ਗੁਰੂ ਤੇਗ਼ ਬਹਾਦਰ ਜੀ ਨੇ ਧਰਮ ਨੂੰ ਸਾਂਝੀਵਾਲਤਾ ਦੀ ਖ਼ੂਬਸੂਰਤੀ ਪ੍ਰਦਾਨ ਕਰਦਿਆਂ ਦੂਜਿਆਂ 'ਤੇ ਜ਼ਬਰਦਸਤੀ ਧਰਮ ਥੋਪਣ ਦਾ ਜ਼ੋਰਦਾਰ ਵਿਰੋਧ ਕੀਤਾ। ਸਭ ਧਰਮਾਂ ਦੇ ਸਨਮਾਨ ਦਾ ਸੁਹਿਰਦ ਵਾਤਾਵਰਨ ਉਸਾਰਿਆ। ਵਰਤਮਾਨ ਵਿੱਚ ਗੁਰੂ ਤੇਗ਼ ਬਹਾਦਰ ਜੀ ਦਾ ਆਲਮੀ ਦ੍ਰਿਸ਼ਟੀਕੋਣ ਮਨੁੱਖਤਾ ਨੂੰ ਜੋੜਨ, ਸਦਭਾਵਨਾ ਦਾ ਮਾਹੌਲ ਤਿਆਰ ਕਰਨ, ਸਥਾਈ ਸ਼ਾਂਤੀ ਦੀ ਸਥਾਪਨਾ, ਸਮਾਜ ਦੇ ਸਭ ਵਰਗਾਂ ਦੇ ਉਥਾਨ ਅਤੇ ਇਨਸਾਨੀਅਤ ਨੂੰ ਜ਼ਿੰਦਾ ਰੱਖਣ ਲਈ ਬੇਹੱਦ ਜ਼ਰੂਰੀ ਹੈ।

**ਮੋ. 70093-56607**

●

# ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ

**• ਡਾ. ਮੁਖਤਿਆਰ ਸਿੰਘ**

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬਹੁਤ ਸਾਰੇ ਵਿਸ਼ੇਸ਼ਣ ਯੁਕਤ ਨਾਮਾਂ ਨਾਲ ਜਾਣਿਆ ਜਾਂਦਾ ਹੈ। ਬਾਲ ਗੋਬਿੰਦ ਰਾਏ, ਗੁਰੂ ਗੋਬਿੰਦ ਰਾਏ, ਸ੍ਰੀ ਗੁਰੂ ਗੋਬਿੰਦ ਸਿੰਘ, ਕਲਗੀਧਰ ਦਸਮੇਸ਼ ਪਿਤਾ, ਨੀਲੇ ਸ਼ਾਹ ਅਸਵਾਰ, ਚਿਟਿਆਂ ਬਾਜਾਂ ਵਾਲੇ, ਸ਼ਾਹਿ ਸ਼ਹਿਨਸ਼ਾਹ, ਸੱਚਾ ਪਾਤਸ਼ਾਹ, ਬਾਦਸ਼ਾਹ ਦਰਵੇਸ, ਸੂਰਵੀਰ ਰਣਜੋਧਾ ਅਤੇ ਸਰਬੰਸਦਾਨੀ ਅਜਿਹੇ ਹੋਰ ਬਹੁਤ ਸਾਰੇ ਨਾਮ ਹਨ ਜਿਹਨਾਂ ਤੋਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੈਗੰਬਰੀ ਰੂਪ ਦੀ ਆਭਾ ਸਾਡੇ ਸਾਹਮਣੇ ਆਉਂਦੀ ਹੈ। ਕਾਰਨ, ਉਹਨਾਂ ਦੁਆਰਾ ਕੀਤੇ ਗਏ ਮਾਨਵਤਾ ਲਈ ਕਾਰਜ ਜਿਹੜੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਬੱਤ ਦੇ ਭਲੇ ਲਈ ਆਪਣੀ ਅਧਿਆਤਮਕ ਯਾਤਰਾ ਰਾਹੀਂ ਸ਼ੁਰੂ ਕੀਤੇ ਸਨ, ਉਹਨਾਂ ਨੂੰ ਸੰਪੂਰਨਤਾ ਤੱਕ ਪਹੁੰਚਾਇਆ। ਜਗਤ ਬਾਬਾ ਗੁਰੂ ਨਾਨਕ ਦੇਵ ਜੀ ਦੇ ਇਸ ਧਰਤੀ ਉੱਤੇ ਆਗਮਨ ਨਾਲ ਪਾਰਬ੍ਰਹਮੀ ਜੋਤ ਰਾਹੀਂ ਇੱਕ ਨਵੇਂ ਜੀਵਨ ਦਰਸ਼ਨ ਦੀ ਸ਼ੁਰੂਆਤ ਹੁੰਦੀ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਫ਼ਰ ਤੱਕ ਇਹ ਇੱਕੋ ਹੀ ਜੋਤ ਆਪਣੇ ਇੱਕੋ ਮੂਲ ਆਸ਼ੇ 'ਸਰਬੱਤ ਦੇ ਭਲੇ' ਨੂੰ ਲੈ ਕੇ ਦਸਾਂ ਅਵਤਾਰਾਂ ਦੇ ਵਿਭਿੰਨ ਰੂਪਾਂ ਵਿੱਚ ਮਾਨਵੀ ਹਿਤਾਂ ਦੀ ਰਾਖੀ ਕਰਦੀ ਹੋਈ ਪਾਤਸ਼ਾਹੀ-ਦਰ-ਪਾਤਸ਼ਾਹੀ ਚਲਦੀ ਰਹੀ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਇਸ ਦੀ ਪੁਸ਼ਟੀ ਕਰਦੀ ਹੈ :

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥

*(ਪੰਨਾ-੧੪੦੮)*

ਦਸਮੇਸ਼ ਪਿਤਾ ਦੇ ਅਵਤਾਰੀ ਰੂਪ ਨਾਲ ਸੰਬੰਧਿਤ ਦੋ ਘਟਨਾਵਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਪਹਿਲੀ ਘਟਨਾ ਜਦੋਂ ਗੁਰੂ ਨਾਨਕ ਦੇਵ ਜੀ

ਆਪਣੀ ਪਹਿਲੀ ਉਦਾਸੀ ਸਮੇਂ ਜਦੋਂ ਪੂਰਵ ਵੱਲ ਪਟਨਾ ਸ਼ਹਿਰੀ ਦੀ ਧਰਤੀ ਉੱਤੇ ਆਪਣੇ ਇੱਕ ਭਗਤ ਭਾਈ ਜੈਤਾ ਮੱਲ ਜੀ ਦੇ ਘਰ ਗਏ। ਉਹਨਾਂ ਨੇ ਗੁਰੂ ਸਾਹਿਬ ਦੇ ਉੱਥੋਂ ਵਿਦਾ ਹੋਣ ਸਮੇਂ ਦੁਬਾਰਾ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ। ਭਾਈ ਜੈਤਾ ਮੱਲ ਜੀ ਨਿੱਤ ਗੰਗਾ ਇਸ਼ਨਾਨ ਲਈ ਜਾਂਦੇ ਸਨ। ਹੁਣ ਉਹ ਬਹੁਤ ਵਡੇਰੀ ਉਮਰ ਦੇ ਹੋ ਗਏ ਸਨ। ਗੁਰੂ ਨਾਨਕ ਦੇਵ ਜੀ ਨੇ ਕਿਹਾ ਅਸੀਂ ਫਿਰ ਜ਼ਰੂਰ ਮਿਲਾਂਗੇ। ਗੁਰੂ ਤੇਗ਼ ਬਹਾਦਰ ਜੀ ਜਦ ਪੂਰਬ ਦੀ ਯਾਤਰਾ 'ਤੇ ਆਏ ਤਾਂ ਆਪਣੇ ਪਰਿਵਾਰ ਸਮੇਤ ਭਾਈ ਜੈਤਾ ਮੱਲ ਜੋ ਕਿ ਬਹੁਤ ਬਿਰਧ ਹੋ ਚੁੱਕੇ ਸਨ, ਦੇ ਘਰ ਆ ਕੇ ਦਰਸ਼ਨ ਦਿੱਤੇ।

ਦੂਜੀ ਘਟਨਾ ਇੱਕ ਮੁਸਲਮਾਨ ਫ਼ਕੀਰ ਪੀਰ ਭੀਖਣ ਸ਼ਾਹ ਨਾਲ ਸੰਬੰਧਿਤ ਹੈ ਜਿਸ ਨੇ ਸਤਗੁਰਾਂ ਦੇ ਅਵਤਾਰੀ ਰੂਪ ਹੋਣ ਦਾ ਐਲਾਨ ਕੀਤਾ। ਕਬੀਰ ਜੀ ਦਾ ਕਥਨ ਹੈ :

ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥੨॥
*(ਪੰਨਾ-੧੩੪੯)*

ਪੀਰ ਭੀਖਣ ਸ਼ਾਹ ਆਪਣੇ ਦ੍ਰਿੜ੍ਹ ਨਿਸ਼ਚੇ ਤੇ ਤਪੱਸਿਆ ਕਾਰਨ ਸਮੇਂ ਦੇ ਚੱਕਰ ਦੀਆਂ ਘੁੰਮਣ-ਘੇਰੀਆਂ ਬਾਰੇ ਗਿਆਨ ਰੱਖਦੇ ਸਨ। ਉਹ ਪੱਕੇ ਨਮਾਜ਼ੀ ਸਨ। ਜਦੋਂ ਉਹਨਾਂ ਦੇ ਚੇਲਿਆਂ ਨੇ ਆਪਣੇ ਮੁਰਸ਼ਿਦ ਨੂੰ ਚੜ੍ਹਦੇ ਵੱਲ ਨੂੰ ਮੂੰਹ ਕਰਕੇ ਨਮਾਜ਼ ਅਦਾ ਕਰਦੇ ਵੇਖਿਆ ਤਾਂ ਸਾਰੇ ਹੈਰਾਨ ਹੋਏ। ਉਹਨਾਂ ਲਈ 'ਪਛਿਮਿ ਅਲਹ ਮੁਕਮਾ', 'ਅਲਾਹ ਤਾਂ ਛਿਪਦੇ ਵੱਲ (ਪੱਛਮ ਵਾਲੇ ਪਾਸੇ) ਵੱਸਦਾ ਹੈ। ਇਹ ਇਸਲਾਮ ਧਰਮ ਦੇ ਨੇਮਾਂ ਤੋਂ ਬਿਲਕੁਲ ਉਲਟ ਸੀ। ਉਹਨਾਂ ਇਸਦਾ ਕਾਰਨ ਪੁੱਛਿਆ। ਪੀਰ ਭੀਖਣ ਸ਼ਾਹ ਤਾਂ ਪਹਿਲਾਂ ਹੀ ਕਿਸੇ ਰੱਬੀ ਸਰੂਰ ਦੀ ਮਸਤੀ ਵਿੱਚ ਆਏ ਹੋਏ ਸਨ, ਕਿਹਾ ਜਿਸ ਰੱਬੀ ਨੂਰ ਨੇ ਇਸ ਧਰਤੀ ਉੱਤੇ ਪ੍ਰਗਟ ਹੋਣਾ ਸੀ, ਉਸਦਾ ਪ੍ਰਕਾਸ਼ ਹੋ ਚੁੱਕਾ ਹੈ। ਹੁਣ ਮੈਨੂੰ ਆਪਣੇ ਪਿਆਰੇ ਅਲਾਹ ਦੇ ਦੀਦਾਰ ਹੋ ਜਾਣਗੇ। ਉਹਨਾਂ ਨੇ ਆਪਣੇ ਸ਼ਗਿਰਦਾਂ ਨੂੰ ਪਟਨੇ ਚੱਲਣ ਦੀ ਤਿਆਰੀ ਲਈ ਕਿਹਾ। ਪਟਨਾ ਸਾਹਿਬ ਗੁਰੂ ਘਰ ਪਹੁੰਚ ਕੇ ਬਾਲਕ ਗੋਬਿੰਦ ਰਾਏ ਦੇ ਦਰਸ਼ਨ ਕਰਨ ਦੀ ਆਪਣੀ ਇੱਛਾ ਪ੍ਰਗਟ ਕੀਤੀ। ਮਾਮਾ ਕਿਰਪਾਲ ਚੰਦ ਨੇ ਘਰਦਿਆਂ ਨਾਲ ਸੋਚ-ਵਿਚਾਰ ਤੋਂ ਬਾਅਦ ਮਨ੍ਹਾ ਕਰ ਦਿੱਤਾ। ਪੀਰ ਭੀਖਣ ਸ਼ਾਹ ਘਰ ਅੱਗੇ ਹੀ ਡੇਰਾ ਲਾ ਕੇ ਬੈਠ ਗਏ। ਬਿਨਾਂ ਨੂਰੇ ਮਾਹੀ ਦੇ ਦੀਦਾਰ ਨਾ ਜਾਵਾਂਗਾ। ਖਾਣਾ-ਪੀਣਾ ਛੱਡ ਦਿੱਤਾ। ਅਖ਼ੀਰ

ਆਪਣੀ ਦਰਸ਼ਨ ਦੀ ਇੱਛਾ ਪੂਰੀ ਕਰਕੇ ਹੀ ਉੱਥੋਂ ਵਾਪਿਸ ਮੁੜੇ। ਆਪਣੇ ਇਸ ਸ਼ੰਕੇ ਨੂੰ ਦੂਰ ਕਰਨ ਲਈ ਕਿ ਇਹ ਅਲਾਹ ਦਾ ਨੂਰ ਕੇਵਲ ਹਿੰਦੂਆਂ ਲਈ ਆਇਆ ਹੈ ਜਾਂ ਮੁਸਲਮਾਨਾਂ ਦਾ ਵੀ ਹੈ। ਜਦੋਂ ਦਰਸ਼ਨ ਕਰਨ ਲੱਗਾ ਤਾਂ ਦੁੱਧ ਦੇ ਭਰੇ ਦੋ ਕੁੱਜੇ ਬਾਲਕ ਗੋਬਿੰਦ ਰਾਏ ਦੇ ਅੱਗੇ ਪੇਸ਼ ਕੀਤੇ ਤਾਂ ਸਤਿਗੁਰਾਂ ਨੇ ਦੋਵੇਂ ਕੂਜਿਆਂ ਉੱਤੇ ਆਪਣੇ ਕੋਮਲ ਹੱਥ ਰੱਖ ਦਿੱਤੇ। ਸ਼ਗਿਰਦਾਂ ਨੇ ਜਦੋਂ ਇਸਦਾ ਕਾਰਨ ਪੁੱਛਿਆ ਤਾਂ ਪੀਰ ਭੀਖਣ ਸ਼ਾਹ ਨੇ ਦੱਸਿਆ ਕਿ ਇਹ ਇਲਾਹੀ ਨੂਰ ਹਿੰਦੂ ਅਤੇ ਮੁਸਲਿਮ ਦੋਹਾਂ ਦਾ ਸਾਂਝਾ ਪੀਰ ਹੈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ, 1666 ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਗ੍ਰਹਿ ਵਿਖੇ ਮਾਤਾ ਗੁਜਰੀ ਜੀ ਦੀ ਕੁੱਖੋ ਬਿਹਾਰ ਦੇ ਪਟਨਾ ਸ਼ਹਿਰ ਵਿੱਚ ਹੋਇਆ। ਇਹ ਸਥਾਨ ਸਿੱਖਾਂ ਲਈ ਬਹੁਤ ਮਹੱਤਵ ਰੱਖਦਾ ਹੈ। ਇੱਥੇ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਅਤੇ ਲੋਕਾਂ ਨੂੰ ਸੱਚਾ-ਸੁੱਚਾ ਜੀਵਨ ਜਿਉਣ ਲਈ ਉਪਦੇਸ਼ ਦਿੱਤਾ। ਜਦੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਮੇਤ ਪਰਿਵਾਰ ਪਟਨਾ ਸ਼ਹਿਰ ਵਿੱਚ ਇੱਥੇ ਆਏ ਤਾਂ ਉਹ ਪਰਿਵਾਰ ਨੂੰ ਛੱਡ ਕੇ ਆਪ ਸਿੱਖੀ ਪ੍ਰਚਾਰ ਲਈ ਅਗਾਂਹ ਅਸਾਮ ਵੱਲ ਨੂੰ ਚਲੇ ਗਏ। ਇਸ ਸਮੇਂ ਦੌਰਾਨ ਅਕਾਲ-ਪੁਰਖ ਦੇ ਆਦੇਸ਼ ਮੁਤਾਬਿਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨੇ ਸ਼ਹਿਰ ਦੀ ਇਸ ਪਵਿੱਤਰ ਧਰਤੀ ਉੱਤੇ ਹੁੰਦਾ ਹੈ। ਸਿੱਖ ਕੌਮ ਦੇ ਪੰਜ ਤਖ਼ਤਾਂ ਵਿੱਚ ਪਟਨਾ ਸਾਹਿਬ ਨੂੰ ਵੀ ਇੱਕ ਵਿਸ਼ੇਸ਼ ਤਖ਼ਤ ਦਾ ਦਰਜਾ ਪ੍ਰਾਪਤ ਹੈ। ਕਲਗੀਧਰ ਪਾਤਸ਼ਾਹ ਦਾ ਇਸ ਧਰਤੀ ਉੱਤੇ ਅਵਤਰਨ ਇੱਕ ਵਿਸ਼ੇਸ਼ ਉਦੇਸ਼ ਲਈ ਹੋਇਆ ਜਿਸਦਾ ਜ਼ਿਕਰ ਉਹਨਾਂ ਨੇ ਆਪਣੀ ਬਾਣੀ 'ਬਚਿਤ੍ਰ ਨਾਟਕ' ਵਿੱਚ ਕੀਤਾ ਹੈ :

ਚੌਪਈ

ਅਬ ਮੈ ਅਪਨੀ ਕਥਾ ਬਖਾਨੋ ॥
ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥
ਹੇਮ ਕੁੰਟ ਪਰਬਤ ਹੈ ਜਹਾਂ ॥ ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥੧॥
ਤਿਨ ਜੋ ਕਰੀ ਅਲਖ ਕੀ ਸੇਵਾ ॥ ਤਾਂ ਤੇ ਭਏ ਪ੍ਰਸੰਨ ਗੁਰ ਦੇਵਾ ॥
ਤਿਨ ਪ੍ਰਭ ਜਬ ਆਇਸ ਮੁਹਿ ਦੀਯਾ ॥
ਤਬ ਹਮ ਜਨਮ ਕਲੂ ਮਹਿ ਲੀਯਾ ॥੪॥

ਅਤਿ ਉਚਤਮ ਅਵਸਥਾ ਵਿੱਚ ਪਹੁੰਚੇ ਹੋਏ ਸਤ ਪੁਰਖਾਂ ਦੀ ਪਰਮਾਤਮਾ ਨਾਲ ਵਾਰਤਾਲਾਪ ਨੂੰ ਉਹ ਮੌਖਿਕ ਜਾਂ ਲਿਖਤਮ ਰੂਪ ਵਿੱਚ ਤਾਂ ਪ੍ਰਗਟ ਕਰ

ਦਿੰਦੇ ਹਨ, ਪਰੰਤੂ ਇਸ ਅਨੁਭਵੀ ਸੱਚਾਈ ਨੂੰ ਕੇਵਲ ਉਹ ਹੀ ਜਾਣਦੇ ਹਨ। ਪਰਮਾਤਮ ਸ਼ਕਤੀ ਆਪਣੇ ਵਿਸ਼ੇਸ਼ ਕਾਰਜਾਂ ਲਈ ਵੱਖੋ-ਵੱਖ ਰੂਪਾਂ ਵਿੱਚ ਪ੍ਰਗਟ ਹੁੰਦੀ ਰਹਿੰਦੀ ਹੈ।

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਉੱਤੇ ਬਿਠਾਉਣ ਸਮੇਂ ਬਾਬਾ ਬੁੱਢਾ ਜੀ ਨੇ ਦੋ ਤਲਵਾਰਾਂ ਵੀ ਪਹਿਨਾਈਆਂ ਸਨ ਜਿਸਦਾ ਅਰਥ ਸੀ ਕਿ ਹੁਣ ਭਗਤੀ ਦੇ ਨਾਲ-ਨਾਲ ਸ਼ਕਤੀ ਦੀ ਵਰਤੋਂ ਦਾ ਸਮਾਂ ਵੀ ਆ ਗਿਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗ਼ਲ ਜਰਵਾਣਿਆਂ ਦੀਆਂ ਮਨਮਰਜ਼ੀਆਂ ਖਿਲਾਫ਼ ਜੇਲ੍ਹ ਕੱਟਣ ਦੇ ਨਾਲ-ਨਾਲ ਜੰਗਾਂ ਵੀ ਲੜੀਆਂ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਗੱਲ ਤੋਂ ਭਲੀ-ਭਾਂਤ ਜਾਣੂ ਸਨ। ਔਰੰਗਜ਼ੇਬ ਦੇ ਸਮੇਂ ਭਾਰਤੀਆਂ ਖ਼ਾਸ ਕਰਕੇ ਹਿੰਦੂਆਂ ਉੱਤੇ ਇਹ ਜ਼ੁਲਮ ਬਹੁਤ ਵਧ ਗਿਆ ਸੀ। ਜਦੋਂ ਕਸ਼ਮੀਰੀ ਪੰਡਿਤ ਆਪਣੀ ਫ਼ਰਿਆਦ ਲੈ ਕੇ ਗੁਰੂ ਤੇਗ਼ ਬਹਾਦਰ ਜੀ ਕੋਲ ਆਏ ਉਸ ਸਮੇਂ ਬਾਲਕ ਗੋਬਿੰਦ ਰਾਏ ਦੀ ਉਮਰ ਨੌਂ ਸਾਲ ਦੀ ਸੀ। ਸੋਚਾਂ ਵਿੱਚ ਡੁੱਬੇ ਆਪਣੇ ਗੁਰੂ ਪਿਤਾ ਜੀ ਤੋਂ ਇਸਦਾ ਕਾਰਨ ਪੁੱਛਿਆ। 'ਪੁੱਤਰ, ਧਰਮ ਸੰਕਟ ਕਾਰਨ ਇਹ ਲੋਕ ਮਦਦ ਲਈ ਆਏ ਹਨ। ਹੁਣ ਕਿਸੇ ਮਹਾਨ ਤਪੱਸਵੀ ਪੁਰਸ਼ ਦੀ ਕੁਰਬਾਨੀ ਦੀ ਲੋੜ ਹੈ। ਬਾਲਕ ਗੋਬਿੰਦ ਰਾਏ ਨੇ ਸਹਿਜ ਸੁਭਾਵਿਕ ਕਿਹਾ, "ਪਿਤਾ ਜੀ ਇਸ ਸਮੇਂ ਇਨ੍ਹਾਂ ਲਈ ਤੁਹਾਡੇ ਤੋਂ ਵੱਡਾ ਤਪੱਸਵੀ ਹੋਰ ਕੌਣ ਹੋ ਸਕਦਾ ਹੈ ਜੋ ਇਹਨਾਂ ਦੀ ਬਾਂਹ ਫੜੇ।" ਉਸ ਸਮੇਂ ਉਮਰ ਦੇ ਹਿਸਾਬ ਨਾਲ ਆਪਣੇ ਪੁੱਤਰ ਗੋਬਿੰਦ ਰਾਏ ਤੋਂ ਦੂਰ-ਦ੍ਰਿਸ਼ਟੀ ਸੋਚ ਭਰਪੂਰ ਮਿਲਿਆ ਇਹ ਉੱਤਰ ਗੁਰੂ ਤੇਗ਼ ਬਹਾਦਰ ਜੀ ਲਈ ਨਾਨਕ ਪੰਥ ਦੇ ਸਹੀ ਵਾਰਿਸ ਲਈ ਇਸ਼ਾਰਾ ਵੀ ਕਰ ਰਿਹਾ ਸੀ। ਗੁਰੂ ਪਿਤਾ ਜੀ ਦੇ ਨਾਲ ਤਿੰਨ ਹੋਰ ਗੁਰਸਿੱਖ ਮਰਜੀਵੜਿਆਂ ਦੀ ਸ਼ਹਾਦਤ ਨੇ ਦਸਮੇਸ਼ ਪਿਤਾ ਨੂੰ ਸਮੇਂ ਦੇ ਜ਼ਾਲਿਮ ਰਾਜਿਆਂ ਦੀ ਕਰੂਰਤਾ ਭਰੇ ਅਣਮਨੁੱਖੀ ਵਰਤਾਰੇ ਦਾ ਰੂਪ ਵੇਖਿਆ। ਕੋਈ ਵੀ ਵਿਰੋਧ ਕਰਨ ਲਈ ਅੱਗੇ ਨਾ ਆਇਆ। ਇਹ ਸਤਿਗੁਰਾਂ ਲਈ ਸੰਘਰਸ਼ਮਈ ਜੀਵਨ ਦੀ ਸ਼ੁਰੂਆਤ ਸੀ। ਦਸਵੇਂ ਪਾਤਸ਼ਾਹ ਇਸ ਕੁਰਬਾਨੀ ਬਾਰੇ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤਿ ਜਿਨਿ ਕਰੀ॥ ਸੀਸ ਦਿਯਾ ਪਰ ਸੀ ਨ ਉਚਰੀ॥੧੩॥
ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥

ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥੧੪॥

ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦਸਮੇਸ਼ ਪਿਤਾ ਜਦੋਂ ਪੂਰਵਰਤੀ ਨਾਨਕ ਪੰਥ ਦੇ ਇਤਿਹਾਸ ਨੂੰ ਦੇਖਦੇ ਹਨ ਤਾਂ ਇੱਕ ਗੱਲ ਤਾਂ ਸਪਸ਼ਟ ਸੀ ਕਿ ਹੁਣ ਬਿਨਾਂ ਸ਼ਕਤੀ ਦੇ ਧਰਮ ਦੀ ਰੱਖਿਆ ਕਰਨੀ ਬਹੁਤ ਮੁਸ਼ਕਿਲ ਹੈ। ਹੁਕਮਨਾਮਿਆਂ ਰਾਹੀਂ ਮਾਇਆ ਦੇ ਨਾਲ-ਨਾਲ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਵੀ ਲਿਆਉਣ ਲਈ ਕਿਹਾ ਗਿਆ। ਜੰਗੀ ਅਭਿਆਸ ਸ਼ੁਰੂ ਹੋਏ। ਕਲਗੀਧਰ ਪਿਤਾ ਆਪ ਇਹਨਾਂ ਅਭਿਆਸਾਂ ਵਿੱਚ ਸ਼ਾਮਿਲ ਹੁੰਦੇ ਸਨ। ਸਮੇਂ ਦੇ ਰਾਜਿਆਂ-ਮਹਾਰਾਜਿਆਂ ਦੇ ਰਾਜ ਵਿੱਚ ਜਿਹੜੀ ਇੱਕ ਗੱਲ ਉੱਭਰ ਕੇ ਆ ਰਹੀ ਸੀ, ਉਹ ਸੀ ਧਰਮ ਅਤੇ ਵਰਣ-ਵਿਵਸਥਾ। ਨਾਨਕ ਪੰਥ ਇੱਕ ਅਕਾਲ-ਪੁਰਖ ਵਿੱਚ ਹੀ ਵਿਸ਼ਵਾਸ ਰੱਖਦਾ ਆਇਆ, ਹਮੇਸ਼ਾ ਹੀ ਨਿਮਾਣਿਆਂ, ਨਿਤਾਣਿਆਂ ਅਤੇ ਵਰਣ-ਵਿਵਸਥਾ ਕਾਰਨ ਲਿਤਾੜੇ ਹੋਏ ਲੋਕਾਂ ਲਈ ਹੀ ਪੈਦਾ ਹੋਇਆ ਸੀ। ਮਕਸਦ ਸਿਰਫ਼ ਇਹੋ ਸੀ ਕਿ ਹਰ ਕੋਈ ਅਕਾਲ-ਪੁਰਖ ਦੇ ਹੁਕਮ ਵਿੱਚ ਜੀਵਨ ਜਿਉਣ ਦਾ ਸੰਦੇਸ਼ਾਂ ਲੈ ਕੇ ਸਾਰਿਆਂ ਨੂੰ ਇੱਕ ਸਮਾਨ ਸਮਝੇ। ਮਾਯਾਵੀ ਸੰਸਾਰ ਵਿੱਚ ਗ੍ਰਸਤ ਲੋਕਾਂ ਨੂੰ ਫੋਕੇ ਕਰਮ-ਕਾਂਡਾਂ, ਬੁੱਤ-ਪੂਜਾ ਅਤੇ ਧਾਰਮਿਕ ਕੱਟੜਤਾ ਦੀ ਵਲਗਣ ਤੋਂ ਬਾਹਰ ਕੱਢ ਕੇ ਸਰਬੱਤ ਦੇ ਭਲੇ ਲਈ ਤਿਆਰ ਕਰਨਾ ਜ਼ਰੂਰੀ ਹੋ ਗਿਆ ਸੀ। ਪ੍ਰਭੂ ਤਾਂ ਸਾਰਿਆਂ ਲਈ ਇੱਕੋ ਹੈ -

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫ਼ੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥

*(ਅਕਾਲ ਉਸਤਤਿ, ੮੫)*

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥

*(ਪੰਨਾ-੬੧੧)*

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥

*(ਪੰਨਾ-੧੩੪੯)*

ਦਸਮੇਸ਼ ਪਿਤਾ ਸਮਾਜ ਵਿੱਚ ਸਮੇਂ ਦੇ ਤਾਨਾਸ਼ਾਹ ਜ਼ਾਲਮ ਰਾਜਿਆਂ ਤੋਂ ਤੰਗ ਆਏ ਹੋਏ ਲੋਕਾਂ ਖ਼ਾਸ ਕਰ ਹਿੰਦੂਆਂ ਉੱਤੇ ਹੋ ਰਹੇ ਜ਼ੁਲਮਾਂ ਵਿਰੁੱਧ ਇੱਕ ਅਜਿਹੀ ਕੌਮ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਜੋ ਅਣਖ ਤੇ ਸੂਰਬੀਰਤਾ ਵਾਲਾ ਜੀਵਨ ਜਿਉਂਦੇ ਹੋਏ ਆਪਣੀ ਹੋਂਦ ਬਣਾਈ ਰੱਖੇ। ਇੱਕ ਅਜਿਹਾ ਪੰਥ

ਜਿਸ ਵਿੱਚ ਹਰ ਕੋਈ ਇੱਕ ਰਹਿਤ ਮਰਿਆਦਾ ਵਿੱਚ ਰਹਿੰਦਾ ਹੋਇਆ ਸੱਚਾ-ਸੁੱਚਾ ਤੇ ਉੱਚੇ ਆਦਰਸ਼ਾਂ ਵਾਲਾ ਜੀਵਨ ਬਤੀਤ ਕਰ ਸਕੇ। ਲੋੜ ਪੈਣ ਉੱਤੇ ਉਹ ਸ਼ਾਸਤਰ ਵਿੱਦਿਆ ਦੇ ਨਾਲ-ਨਾਲ ਸ਼ਸਤਰਾਂ ਦੀ ਵਰਤੋਂ ਵੀ ਕਰਨੀ ਜਾਣਦਾ ਹੋਵੇ। ਇੱਕ ਅਜਿਹਾ ਖ਼ਾਲਸਾ ਪੰਥ ਜੋ ਸਿਰਫ਼ ਆਪਣੇ ਖ਼ਾਲਿਸ ਗੁਣਾਂ ਕਾਰਨ ਲੋਕ ਹਿਤਾਂ ਦੀ ਰੱਖਿਆ ਕਰੇ।

੧੬੯੯ ਦੀ ਵਿਸਾਖੀ ਵਾਲੇ ਦਿਨ ਇੱਕ ਬੜਾ ਹੀ ਅਲੌਕਿਕ ਨਜ਼ਾਰਾ ਸੀ। ਕਿਸੇ ਨੂੰ ਵੀ ਨਹੀਂ ਪਤਾ ਸੀ ਕਿ ਅੱਜ ਕੀ ਹੋਣ ਜਾ ਰਿਹਾ ਹੈ। ਕਾਰਨ ਦਸਮੇਸ਼ ਪਿਤਾ ਨੇ ਦੇਸ਼ ਵਿੱਚ ਹੁਕਮਨਾਮਿਆਂ ਰਾਹੀਂ ਸੰਗਤ ਨੂੰ ਇਸ ਵਿਸਾਖੀ ਉੱਤੇ ਜ਼ਰੂਰੀ ਪਹੁੰਚਣ ਲਈ ਕਿਹਾ ਸੀ। ਇਸ ਉੱਚੇਚੇ ਸੱਦੇ ਉੱਤੇ ਬੇਹਿਸਾਬ ਸੰਗਤਾਂ ਅਨੰਦਪੁਰ ਸਾਹਿਬ ਪਹੁੰਚੀਆਂ। ਅੱਜ ਦਸਮੇਸ਼ ਪਿਤਾ ਦਾ ਇੱਕ ਅਨੋਖਾ ਹੀ ਅੰਦਾਜ਼ ਵੇਖਣ ਨੂੰ ਮਿਲਿਆ ਜਦੋਂ ਭਰੇ ਦੀਵਾਨ ਵਿੱਚ ਲਿਸ਼ਕਦੀ ਹੋਈ ਤਲਵਾਰ ਲੈ ਕੇ ਪਹੁੰਚੇ ਅਤੇ ਸੰਗਤਾਂ ਨੂੰ ਮੁਖ਼ਾਤਿਬ ਹੋ ਕੇ ਕਿਹਾ, 'ਅੱਜ ਮੈਨੂੰ ਕੁਝ ਸਿਰਾਂ ਦੀ ਲੋੜ ਹੈ, ਮੈਂ ਵੇਖਣਾ ਚਾਹੁੰਦਾ ਹਾਂ ਕਿ ਉਹ ਕਿਹੜਾ ਸੂਰਮਾ ਹੈ ਜਿਹੜਾ ਧਰਮ ਦੀ ਖ਼ਾਤਰ ਆਪਣੀ ਕੁਰਬਾਨੀ ਦੇਣ ਲਈ ਤਿਆਰ ਹੈ। ਸੰਗਤਾਂ ਇਸ ਸਥਿਤੀ ਲਈ ਤਿਆਰ ਨਹੀਂ ਸਨ। ਕੁਝ ਦੇਰ ਬਾਅਦ ਪੰਡਾਲ ਵਿੱਚੋਂ ਉੱਠਕੇ ਦਇਆ ਰਾਮ ਆਇਆ ਅਤੇ ਗੁਰ ਚਰਨਾਂ ਵਿੱਚ ਆਪਣਾ ਸੀਸ ਨਿਵਾਕੇ ਕਿਹਾ ਸੱਚੇ ਪਾਤਸ਼ਾਹ ਅੱਜ ਤੋਂ ਇਹ ਸਿਰ ਤੁਹਾਡਾ ਹੈ। ਕਲਗੀਧਰ ਪਾਤਸ਼ਾਹ ਦਇਆ ਰਾਮ ਨੂੰ ਇੱਕ ਤੰਬੂ ਵਿੱਚ ਲੈ ਗਏ ਅਤੇ ਦੁਬਾਰਾ ਖ਼ੂਨ ਨਾਲ ਲਥ-ਪਥ ਤਲਵਾਰ ਲੈ ਕੇ ਫਿਰ ਇੱਕ ਹੋਰ ਸਿਰ ਦੀ ਮੰਗ ਕੀਤੀ। ਇਸ ਤਰ੍ਹਾਂ ਪੰਜ ਵਾਰ ਹੋਇਆ। ਸਾਹਿਬ-ਏ-ਕਮਾਲ ਕਲਗੀਧਰ ਪਾਤਸ਼ਾਹ ਹੁਣ ਪੰਜਾਂ ਸ਼ਰਧਾਲੂਆਂ ਨੂੰ ਇੱਕ ਨਵੇਂ ਬਾਣੇ ਵਿੱਚ ਲੈ ਕੇ ਸੰਗਤ ਸਾਹਮਣੇ ਆਏ। ਪੂਰੇ ਵਿਧੀ ਵਿਧਾਨ ਨਾਲ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਅਤੇ ਵਾਰੋ-ਵਾਰੀ ਪੰਜੇ ਮਰਜੀਵੜਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਅੰਮ੍ਰਿਤ ਛਕਾਉਂਦੇ ਹੋਏ ਸਭ ਨੂੰ ਕਿਹਾ ਬੋਲੋ 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ।' ਇਸ ਦੇ ਨਾਲ ਹੀ ਕਿਹਾ ਕਿ ਅੱਜ ਤੋਂ ਬਾਅਦ ਜੋ ਕੋਈ ਸਿੱਖ ਸ਼ਰਧਾਲੂ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣੇਗਾ, ਉਹ ਆਪਣੇ ਨਾਮ ਨਾਲ 'ਸਿੰਘ' ਸ਼ਬਦ ਲਾਏਗਾ। ਸਮੇਂ ਦੀ ਲੋੜ ਮੁਤਾਬਿਕ ਅੱਜ ਇੱਕ ਨਵੇਂ ਨਿਵੇਕਲੇ 'ਖ਼ਾਲਸਾ ਪੰਥ' ਦੀ ਸਾਜਨਾ ਹੋਈ ਹੈ। ਬਾਣੀ ਅਤੇ ਬਾਣੇ ਨਾਲ ਸਜਿਆ ਮੇਰਾ ਸਿੰਘ ਸਾਰਿਆਂ ਤੋਂ ਨਿਆਰਾ ਹੀ ਨਜ਼ਰ ਆਏਗਾ। ਖ਼ਾਲਸਾ ਪੰਥ ਇੱਕ ਨਿਆਰਾ

ਪੰਥ ਹੈ ਜਿਸ ਵਿੱਚ ਹੁਣ ਕੋਈ ਵੀ ਵਰਣ-ਵਿਵਸਥਾ, ਜਾਤ-ਪਾਤ, ਅਮੀਰ-ਗ਼ਰੀਬ ਜਾਂ ਹੋਰ ਕਿਸੇ ਵੀ ਕਾਰਨ ਤੋਂ ਆਪਣੇ ਆਪ ਨੂੰ ਇੱਕ-ਦੂਜੇ ਤੋਂ ਵੱਖਰਾ ਨਹੀਂ ਸਮਝੇਗਾ।

ਸ੍ਰੀ ਗੁਰੂ ਗੋਬਿੰਦ ਰਾਏ ਅੱਜ ਦੇ ਦਿਨ ਇੱਕ ਹੋਰ ਅਜਿਹੀ ਮਿਸਾਲ ਪੈਦਾ ਕਰਨਾ ਚਾਹੁੰਦੇ ਸਨ ਜਿਸਨੂੰ ਅਜੇ ਤੱਕ ਕੋਈ ਧਰਮ ਨਹੀਂ ਕਰ ਸਕਿਆ। ਗੁਰੂਆਂ ਦੇ ਚੇਲੇ ਬਣਨ ਦੀ ਰੀਤ ਤਾਂ ਪ੍ਰਚਲਤ ਸੀ ਪਰ ਚੇਲਿਆਂ ਨੂੰ ਗੁਰੂ ਦੀ ਪਦਵੀ ਦਾ ਮਾਣ ਬਖ਼ਸ਼ਣਾ ਇਹ ਪਹਿਲੀ ਵਾਰ ਸੀ। 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਅਨੁਸਾਰ ਕਲਗੀਧਰ ਪਾਤਸ਼ਾਹ ਨੇ ਹੁਣ ਤਿਆਰ-ਬਰ-ਤਿਆਰ ਸਜੇ ਪੰਜਾਂ ਸਿੰਘਾਂ ਨੂੰ ਕਿਹਾ, ਖ਼ਾਲਸਾ ਜੀਉ ਹੁਣ ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖ਼ਸ਼ੋ ਅਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣਾਓ।

ਭੰਗਾਣੀ ਦੇ ਯੁੱਧ ਤੋਂ ਲੈ ਕੇ ਖਿਦਰਾਣੇ ਦੀ ਢਾਬ ਦੇ ਯੁੱਧ ਤੱਕ ਕਲਗੀਧਰ ਪਾਤਸ਼ਾਹ ਨੇ ਅਨੇਕਾਂ ਹੀ ਯੁੱਧ ਲੜੇ ਪਰੰਤੂ ਕਦੇ ਵੀ ਆਪ ਪਹਿਲ ਨਹੀਂ ਕੀਤੀ। ਉਹਨਾਂ ਅਨੁਸਾਰ ਯੁੱਧ ਕੇਵਲ ਵਿਨਾਸ਼ ਦਾ ਕਾਰਨ ਹੀ ਬਣਦੇ ਹਨ। ਪਰੰਤੂ ਮਜ਼ਲੂਮਾਂ ਦੀ ਰੱਖਿਆ ਲਈ ਜ਼ਾਲਿਮ ਜਰਵਾਣਿਆਂ ਦਾ ਜੁਆਬ ਯੁੱਧ ਨਾਲ ਹੀ ਦਿੱਤਾ ਜਾ ਸਕਦਾ ਸੀ। ਦਸਮੇਸ਼ ਪਿਤਾ ਨੇ ਜਿੰਨੇ ਵੀ ਯੁੱਧ ਲੜੇ, ਉਹਨਾਂ ਨੂੰ ਧਰਮ ਯੁੱਧ ਕਿਹਾ ਜਾ ਸਕਦਾ ਹੈ। ਇੱਕ ਪਾਸੇ ਮੁਗਲ ਰਾਜਿਆਂ ਦੁਆਰਾ ਮਾਨਵਤਾ ਦਾ ਘਾਣ ਕਰਦੀਆਂ ਸ਼ਾਹੀ ਹੁਕਮਰਾਨ ਫ਼ੌਜਾਂ ਅਤੇ ਦੂਜੇ ਪਾਸੇ ਸਤਾਏ ਹੋਏ ਲੋਕਾਂ ਦੇ ਵਿਰੋਧ ਨੂੰ ਨਵਾਂ ਰੂਪ ਦੇ ਕੇ ਹਰ ਸਥਿਤੀ ਲਈ ਤਿਆਰ-ਬਰ-ਤਿਆਰ ਰੱਖਣਾ, ਇਹ ਸ਼ਸਤਰਧਾਰੀ ਸੂਰਵੀਰ ਰਣਜੋਧੇ ਸ੍ਰੀ ਗੁਰੂ ਗੋਬਿੰਦ ਜੀ ਦੁਆਰਾ ਹੀ ਪੂਰਨ ਹੋ ਸਕਿਆ।

ਕਲਗੀਧਰ ਪਾਤਸ਼ਾਹ ਆਪਣੇ ਪਹਿਲੇ ਭੰਗਾਣੀ ਦੇ ਯੁੱਧ ਵਿੱਚ ਪਹਾੜੀ ਰਾਜਿਆਂ ਦੀ ਧੱਕੇਸ਼ਾਹੀ ਅਤੇ ਕੁਟਿਲ ਚਾਲਾਂ ਨੂੰ ਜਾਣ ਚੁੱਕੇ ਸਨ। ਐਨ ਮੌਕੇ 'ਤੇ ਪਠਾਣਾਂ ਵੱਲੋਂ ਗੁਰੂ ਸਾਹਿਬ ਦਾ ਸਾਥ ਛੱਡਣਾ ਅਤੇ ਪਹਾੜੀ ਰਾਜਿਆਂ ਨਾਲ ਜਾ ਮਿਲਣਾ ਫ਼ਰੇਬ ਭਰੇ ਜੀਵਨ ਦੀ ਮੂੰਹ-ਬੋਲਦੀ ਤਸਵੀਰ ਸੀ। ਦਸਮੇਸ਼ ਪਿਤਾ ਇੱਕ ਉੱਚੀ ਟਿੱਬੀ ਉੱਤੇ ਬੈਠ ਕੇ ਇਹ ਸਭ ਨਜ਼ਾਰਾ ਵੇਖ ਰਹੇ ਸਨ ਕਿ ਇੱਕ ਤੀਰ ਉਹਨਾਂ ਦੀ ਕਮਰਕੱਸੇ ਦੀ ਪੇਟੀ ਨੂੰ ਚੀਰਦਾ ਹੋਇਆ ਥੋੜ੍ਹਾ ਜਿਹਾ ਮਾਸ ਨੂੰ ਕੱਟ ਲਾ ਗਿਆ। 'ਜਬੈ ਬਾਨ ਲਾਗਾਯੋ ਤਬੈ ਰੋਸ ਜਗਿਯੋ' ਸਤਗੁਰਾਂ ਨੇ ਜੋਸ਼ ਵਿੱਚ ਆਉਂਦਿਆਂ ਹੋਇਆ ਇੱਕ ਤੀਰ ਨਾਲ ਹਰੀ ਚੰਦ ਨੂੰ ਪਾਰ ਬੁਲਾ ਕੇ ਇਸਦਾ ਜੁਆਬ ਦੇ ਦਿੱਤਾ।

ਸ਼ਾਹੀ ਫ਼ੌਜਾਂ ਅਤੇ ਪਹਾੜੀ ਰਾਜਿਆਂ ਨੇ ਜਦੋਂ ਅਨੰਦਪੁਰ ਸਾਹਿਬ ਉੱਤੇ ਚੜ੍ਹਾਈ ਕੀਤੀ ਤਾਂ ਉਸ ਵੇਲੇ ਦਸਮੇਸ਼ ਪਿਤਾ ਇਹ ਜਾਣ ਚੁੱਕੇ ਸਨ ਕਿ ਹੁਣ ਇੱਕ ਵੱਡੀ ਅਤੇ ਲੰਮੀ ਜੰਗ ਦਾ ਸਾਹਮਣਾ ਕਰਨਾ ਪੈਣਾ ਹੈ। ਅਨੰਦਪੁਰ ਨੂੰ ਚਾਰਿਓਂ ਪਾਸਿਓਂ ਘੇਰਾ ਪੈ ਚੁੱਕਾ ਸੀ। ਇਸ ਲੰਮੀ ਜੰਗ ਦਾ ਕੋਈ ਹੱਲ ਨਾ ਨਿਕਲਦਾ ਵੇਖ ਕੇ ਮੁਗਲਈ ਅਤੇ ਪਹਾੜੀ ਫ਼ੌਜਾਂ ਨੂੰ ਬਹੁਤ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਗਿਆ। ਉਧਰੋਂ ਕਿਲ੍ਹੇ ਦੇ ਅੰਦਰ ਤਾਂ ਹੁਣ ਰਸਦ-ਪਾਣੀ ਦੀ ਬਹੁਤ ਕਿੱਲਤ ਹੋ ਗਈ ਸੀ।

ਮੁਗਲਈ ਅਤੇ ਪਹਾੜੀ ਫ਼ੌਜਾਂ ਦੇ ਜਰਨੈਲ ਆਪ ਵੀ ਦੁਖੀ ਸਨ। ਉਹਨਾਂ ਨੇ ਇਕ ਆਖ਼ਰੀ ਚਾਲ ਖੇਡੀ ਅਤੇ ਝੂਠੀਆਂ ਕਸਮਾਂ ਭਰਿਆ ਇੱਕ ਸੁਨੇਹਾ ਭੇਜਿਆ ਕਿ ਜੇਕਰ ਗੁਰੂ ਸਾਹਿਬ ਆਪਣੀਆਂ ਸਾਰੀਆਂ ਫ਼ੌਜਾਂ ਦੇ ਨਾਲ ਕਿਲ੍ਹਾ ਖਾਲੀ ਕਰ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਬਾਹਰ ਜਾਣ ਦਿੱਤਾ ਜਾਵੇਗਾ। ਸਾਰਿਆਂ ਦੇ ਜ਼ੋਰ ਦੇਣ ਉੱਤੇ ਦਸਮੇਸ਼ ਪਿਤਾ ਇਹ ਗੱਲ ਮੰਨ ਗਏ ਪਰ ਨਾਲ ਹੀ ਕਿਹਾ ਕਿ ਇਹ ਨਿਰਾ ਫਰੇਬ ਹੈ। ਉਹੀ ਗੱਲ ਹੋਈ ਅਜੇ ਕਾਫ਼ਲਾ ਕੁਝ ਦੂਰ ਹੀ ਗਿਆ ਸੀ ਕਿ ਪਿੱਛੋਂ ਹਮਲਾ ਹੋ ਗਿਆ। ਲੜਦੇ-ਲੜਦੇ ਸਰਸਾ ਨਦੀ 'ਤੇ ਸਾਰਾ ਪਰਿਵਾਰ ਵਿਛੜ ਗਿਆ। ਕਲਗੀਧਰ ਪਾਤਸ਼ਾਹ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਚਾਲੀ ਸਿੰਘ ਸਮੇਤ ਇੱਕ ਕੱਚੀ ਗੜ੍ਹੀ ਵਿੱਚ ਮੋਰਚਾ ਲਾ ਲਿਆ। ਇਹ ਦੁਨੀਆਂ ਦੀ ਇੱਕ ਅਜਿਹੀ ਅਸਾਵੀਂ ਜੰਗ ਸੀ ਜਿਸ ਵਿੱਚ ਇੱਕ ਪਾਸੇ ਕਲਗੀਧਰ ਪਾਤਸ਼ਾਹ, ਦੋ ਸਾਹਿਬਜ਼ਾਦੇ ਅਤੇ ਕੇਵਲ ਚਾਲੀ ਸਿੰਘ ਸਨ ਅਤੇ ਦੂਜੇ ਪਾਸੇ ਅਨੁਮਾਨ ਅਨੁਸਾਰ ਦਸ ਲੱਖ ਫ਼ੌਜ ਪਿੱਛਾ ਕਰਦੀ ਇੱਥੇ ਪਹੁੰਚ ਗਈ। ਜੰਗ ਦਾ ਨਤੀਜਾ ਸਪਸ਼ਟ ਦਿੱਖ ਰਿਹਾ ਸੀ। ਦਸਮੇਸ਼ ਪਿਤਾ ਨੇ ਆਪਣੇ ਦੋਵੇਂ ਪੁੱਤਰਾਂ ਨੂੰ ਖ਼ੁਦ ਤਿਆਰ ਕਰਕੇ ਸਿੰਘਾਂ ਦੇ ਜਥੇ ਬਣਾ ਕੇ ਜੰਗ ਲਈ ਤੋਰਿਆ। ਉਸ ਸਮੇਂ ਦੀ ਨਜ਼ਾਕਤ ਨੂੰ ਵੇਖਦੇ ਹੋਏ ਪੰਜ ਸਿੰਘ ਸਾਹਿਬਾਨ ਨੇ ਇੱਕ ਮਤਾ ਪਕਾ ਕੇ ਦਸਮੇਸ਼ ਪਿਤਾ ਨੂੰ ਕੁਝ ਸਿੰਘਾਂ ਸਮੇਤ ਇੱਥੋਂ ਚਲੇ ਜਾਣ ਲਈ ਕਿਹਾ ਤਾਂਕਿ ਗੁਰੂ ਸਾਹਿਬ ਦੁਬਾਰਾ ਫ਼ੌਜ ਤਿਆਰ ਕਰਕੇ ਇਹਨਾਂ ਫਰੇਬੀ ਲੋਕਾਂ ਨੂੰ ਸਬਕ ਸਿਖਾ ਸਕਣ। ਇਹ ਗੁਰੂ ਜੀ ਦੁਆਰਾ ਹੀ ਦਿੱਤੀ ਹੋਈ ਇੱਕ ਜ਼ਿੰਮੇਦਾਰੀ (ਸ਼ਕਤੀ) ਸੀ ਜਦੋਂ ਤਿਆਰ-ਬਰ-ਤਿਆਰ ਪੰਜ ਸਿੰਘ ਕਿਸੇ ਮਸਲੇ ਦੇ ਹੱਲ ਲਈ ਕੋਈ ਮਤਾ ਪਾਸ ਕਰਨਗੇ ਤਾਂ ਉਹ ਸਭ ਨੂੰ ਪ੍ਰਵਾਨ ਹੋਵੇਗਾ। ਕਲਗੀਧਰ ਪਿਤਾ ਅਤੇ ਤਿੰਨ ਸਿੰਘ ਬਹੁਤ ਸਾਰੀਆਂ ਰੁਕਾਵਟਾਂ ਨੂੰ ਪਾਰ ਕਰਦੇ ਹੋਏ

ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਇੱਥੇ ਵੀ ਭਾਰੀ ਯੁੱਧ ਹੋਇਆ ਅਤੇ ਉਹਨਾਂ ਚਾਲੀ ਸਿੰਘਾਂ ਜੋ ਬੇਦਾਵਾ ਲਿਖ ਕੇ ਗੁਰੂ ਜੀ ਦਾ ਸਾਥ ਛੱਡ ਕੇ ਆਏ ਸਨ, ਨੇ ਮਿਲਕੇ ਇਸ ਜੰਗ ਨੂੰ ਫ਼ਤਹਿ ਕੀਤਾ। ਸਤਿਗੁਰਾਂ ਨੇ ਇਹਨਾਂ ਸਿੰਘਾਂ ਨੂੰ ਚਾਲੀ ਮੁਕਤਿਆਂ ਦਾ ਨਾਮ ਦਿੱਤਾ।

ਸਮੇਂ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਦਸਮੇਸ਼ ਪਿਤਾ ਨੇ ਇੱਕ ਖ਼ਤ, ਜਿਸਨੂੰ 'ਜ਼ਫ਼ਰਨਾਮਾ' ਕਿਹਾ ਜਾਂਦਾ ਹੈ, ਲਿਖਿਆ। ਸਤਿਗੁਰਾਂ ਨੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਨੂੰ ਇਹ ਖ਼ਤ ਬਾਦਸ਼ਾਹ ਔਰੰਗਜ਼ੇਬ ਕੋਲ ਪਹੁੰਚਾਉਣ ਦੀ ਜ਼ਿੰਮੇਵਾਰੀ ਲਾਈ। ਜ਼ਫ਼ਰਨਾਮੇ ਦਾ ਇੱਕ-ਇੱਕ ਬੋਲ ਔਰੰਗਜ਼ੇਬ ਅਤੇ ਉਸਦੇ ਤਾਨਾਸ਼ਾਹੀ ਸ਼ਾਸਨ ਨੂੰ ਬਿਆਨ ਕਰ ਰਿਹਾ ਸੀ -

ਨ ਯੀਮਾਂ ਪਰਸਤੀ ਨ ਅਉਜ਼ਾਇ ਦੀਂ॥
ਨਾ ਸਾਹਿਬ ਸ਼ਨਾਸੀ ਨ ਮਹੰਮਦ ਯਕੀਂ॥੪੬॥

ਅਰਥਾਤ, ਤੂੰ ਨ ਧਰਮ ਦੀ ਪੂਜਾ ਕਰਦਾ ਹੈਂ, ਨਾ ਇਹ ਧਰਮ ਦਾ ਤਰੀਕਾ ਹੈ, ਨਾ ਮਾਲਕ ਦੀ ਪਛਾਨ ਕੀਤੀ ਹੈ, ਨਾ ਮੁਹੰਮਦ 'ਤੇ ਯਕੀਨ ਹੈ। ਤੂ ਧਰਮ ਤੋਂ ਦੂਰ ਹੈਂ।

ਚੀਹਾ ਸੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥
ਕਿ ਬਾਕੀ ਬਿਮਾਦਸਤ ਪੇਚੀਦਹ ਮਾਰ॥੭੮॥

ਕੀ ਹੋ ਗਿਆ ਜੇ ਤੂੰ ਮੇਰੇ ਚਾਰ ਪੁੱਤਰ ਮਾਰ ਦਿੱਤੇ ਹਨ। ਕੁੰਡਲਧਾਰ ਸੱਪ ਤਾਂ ਪਿੱਛੇ ਮੌਜੂਦ ਬੈਠਾ ਹੈ।

ਸਰਸਾ ਨਦੀ ਉੱਤੇ ਪਏ ਵਿਛੋੜੇ ਕਾਰਨ ਮਾਤਾ ਗੁਜਰੀ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਵਿੱਚ ਕੈਦ ਕੀਤਾ ਗਿਆ। ਲਾਲਚ ਅਤੇ ਡਰਾਵੇ ਦੇਣ ਤੋਂ ਬਾਅਦ ਵੀ ਜਦ ਛੋਟੇ ਸਾਹਿਬਜ਼ਾਦੇ ਆਪਣੇ ਧਰਮ ਵਿੱਚ ਅਡੋਲ ਰਹੇ ਤਾਂ ਉਹਨਾਂ ਨੂੰ ਜਿੰਦਾ ਨੀਹਾਂ ਵਿੱਚ ਚਿਣਵਾਉਣ ਦਾ ਹੁਕਮ ਦੇ ਕੇ ਸ਼ਹੀਦ ਕੀਤਾ ਗਿਆ। ਬੱਚਿਆਂ ਦੀ ਸ਼ਹਾਦਤ ਬਾਰੇ ਜਾਣ ਕੇ ਮਾਤਾ ਗੁਜਰੀ ਜੀ ਵੀ ਪਰਲੋਕ ਸਿਧਾਰ ਗਏ। ਸਤਿਗੁਰ ਸੱਚੇ ਪਾਤਸ਼ਾਹ ਇਹਨਾਂ ਸ਼ਹਾਦਤਾਂ ਬਾਰੇ ਸੁਣਦੇ ਹੋਏ ਇੱਕ ਘਾਹੀ ਦੇ ਬੂੱਟੇ ਨੂੰ ਪੁੱਟਦੇ ਹੋਏ ਬੋਲੇ ਹੁਣ ਇਹਨਾਂ ਜ਼ਾਲਿਮ ਮੁਗ਼ਲਾਂ ਦੀਆਂ ਜੜਾਂ ਵੀ ਪੁੱਟੀਆਂ ਗਈਆਂ ਹਨ। ਔਰੰਗਜ਼ੇਬ ਕਲਗੀਧਰ ਪਾਤਸ਼ਾਹ ਨੂੰ ਮਿਲੇ ਬਿਨਾਂ ਹੀ ਇਸ ਜਹਾਨੋਂ ਕੂਚ ਕਰ ਗਿਆ।

ਸਾਹਿਬ-ਏ-ਕਮਾਲ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਅਵਤਰਨ ਤੋਂ ਲੈ ਕੇ ਸੱਚਖੰਡ ਤੱਕ ਦੇ ਸਫ਼ਰ ਤੱਕ ਕਿੰਨੇ ਹੀ ਤਰ੍ਹਾਂ ਦੇ ਰੱਬੀ ਕੌਤਕ ਅਤੇ ਚੋਜਾਂ ਦੀ ਝਲਕ ਮਿਲਦੀ ਹੈ। ਇਸ ਲਈ ਬਹੁਤ ਜ਼ਿਆਦਾ ਲਿਖਣ ਅਤੇ ਪਠਨ-ਪਾਠਨ ਦੀ ਜ਼ਰੂਰਤ ਹੈ। ਦਸਮੇਸ਼ ਪਿਤਾ ਕੋਮਲ ਤੋਂ ਕੋਮਲ ਵਿਸ਼ੇ ਨੂੰ ਬੜੀ ਸਹਿਜ ਬਿਰਤੀ ਨਾਲ ਕਿਵੇਂ ਆਪਣੀਆਂ ਲਿਖਤਾਂ ਵਿੱਚ ਪੇਸ਼ ਕਰ ਦਿੰਦੇ ਹਨ ਉਹ ਵੀ ਉਸ ਮਾਹੌਲ ਵਿੱਚ ਜਦੋਂ ਯੁੱਧ ਵੀ ਲੜਨੇ ਪੈ ਰਹੇ ਹਨ, ਇਹ ਬੜੇ ਕਮਾਲ ਦੀ ਸੋਚ-ਦ੍ਰਿਸ਼ਟੀ ਕਾਰਨ ਹੀ ਹੋ ਸਕਦਾ ਹੈ। ਆਪਣੇ ਨਾਲ ਰੱਖੇ ਬਵੰਜਾ ਕਵੀਆਂ ਤੋਂ ਰਚਨਾਵਾ ਕਰਵਾਉਣੀਆਂ ਅਤੇ ਆਪਣੀ ਰਹਿਨੁਮਾਈ ਨਾਲ ਦੂਜੇ ਧਾਰਮਿਕ ਗ੍ਰੰਥਾਂ ਦੇ ਉਲੱਥੇ ਕਰਵਾਉਣੇ ਇਹ ਸਭ ਨਾਲੋਂ-ਨਾਲ ਚਲ ਰਿਹਾ ਸੀ। ਦਸਮੇਸ਼ ਪਿਤਾ ਦੀਆਂ ਬਾਣੀਆਂ ਦਾ ਸੰਕਲਿਤ ਰੂਪ 'ਦਸਮ-ਗ੍ਰੰਥ' ਇੱਕ ਵਡਮੁੱਲੀ ਦਾਤ ਹੈ ਜਿਸ ਨਾਲ ਸਿੱਖ ਕੌਮ ਨੂੰ ਸਮੇਂ-ਸਮੇਂ ਰਹਿਨੁਮਾਈ ਮਿਲਦੀ ਰਹੇਗੀ।

ਕਲਗੀਧਰ ਪਾਤਸ਼ਾਹ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਦੇਸ਼ਵਾਸੀਆਂ ਵਿੱਚ ਇੱਕ ਅਜਿਹੀ ਜੀਵਨ ਸ਼ੈਲੀ ਦਾ ਰਾਹ ਪਸਾਰਾ ਕਰ ਗਏ ਜਿਸ ਵਿੱਚ ਸੰਤ ਅਤੇ ਸਿਪਾਹੀ ਦੋਵਾਂ ਦੇ ਗੁਣ ਮੌਜੂਦ ਹੋਣ। ਜੋ ਬਾਣੀ ਅਤੇ ਬਾਣੇ ਦੇ ਪੱਕੇ ਹੋਣ। ਆਪਣੀ ਦੇਹਧਾਰੀ ਸੰਸਾਰਿਕ ਯਾਤਰਾ ਨੂੰ ਪੂਰੀ ਕਰਦੇ ਹੋਏ ਖ਼ਾਲਸਾ ਪੰਥ ਅਤੇ ਸਮੁੱਚੀ ਸਿੱਖ ਸੰਗਤ ਲਈ 'ਆਦਿ ਗ੍ਰੰਥ' ਨੂੰ ਗੁਰੂ ਦੀ ਪਦਵੀ ਦੇ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਲੜ ਲਾਉਂਦੇ ਹੋਏ ਆਦੇਸ਼ ਕੀਤਾ, ਅੱਜ ਤੋਂ ਬਾਅਦ ਖ਼ਾਲਸਾ ਪੰਥ ਵਿੱਚ ਕੋਈ ਵੀ ਦੇਹਧਾਰੀ ਗੁਰੂ ਨਹੀਂ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਅੱਜ ਤੋਂ ਤੁਹਾਡੇ ਗੁਰੂ ਹੋਣਗੇ।

ਦਸਮੇਸ਼ ਪਿਤਾ 'ਖ਼ਾਲਸਾ ਪੰਥ' ਵਿੱਚ ਖ਼ਾਲਸੇ ਦੀ ਮਾਣ-ਮਰਯਾਦਾ ਬਾਰੇ ਸਪਸ਼ਟ ਕਰਦੇ ਹਨ ਕਿ ਜਦੋਂ ਤੱਕ ਖ਼ਾਲਸਾ ਰਹਿਣੀ-ਬਹਿਣੀ ਅਤੇ ਪੰਥ ਪਰਮਾਣਿਤ ਨਿਯਮਾਂ ਉੱਤੇ ਚੱਲੇਗਾ ਤਾਂ ਇਹ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਦਾ ਰਹੇਗਾ। 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਅਤੇ ਦਰਸ਼ਨ ਖ਼ਾਲਸੇ ਕਾ' ਵਿਚਾਰ ਹੀ ਖ਼ਾਲਸੇ ਦੀ ਪਹਿਚਾਣ ਬਣੇ। ਦਸਮ ਪਾਤਸ਼ਾਹ ਖ਼ਾਲਸੇ ਨੂੰ ਆਪਣਾ ਰੂਪ ਦੱਸਦੇ ਹੋਏ ਨਾਲ ਹੀ ਸੁਚੇਤ ਵੀ ਕਰਦੇ ਹਨ ਕਿ ਜਦੋਂ ਤੱਕ ਖ਼ਾਲਸਾ ਆਪਣੇ ਖ਼ਾਲਿਸ ਰੂਪ ਨੂੰ ਬਣਾਈ ਰੱਖੇਗਾ ਉਦੋਂ ਤੱਕ ਗੁਰੂ ਅੰਗ-ਸੰਗ ਸਹਾਈ ਹੋਵੇਗਾ। 'ਬਿਪਰਨ ਕੀ ਰੀਤ' ਸਮੇਂ ਗੁਰੂ ਦੀ ਰਹਿਨੁਮਾਈ ਨਹੀਂ ਮਿਲੇਗੀ –

ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮੈਂ ਹੌਂ ਕਰੋ ਨਿਵਾਸ॥
ਖ਼ਾਲਸਾ ਮੇਰੋ ਪਿੰਡ ਪਰਾਨ॥ ਖ਼ਾਲਸਾ ਮੇਰੀ ਜਾਨ ਕੀ ਜਾਨ॥
ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥
ਜਬ ਲਗ ਖ਼ਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

*(ਦਸਮ ਗ੍ਰੰਥ)*

**ਮੋ. 98760-90172**

●

## ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਮੁੱਖ ਵਿੱਦਿਅਕ ਸੰਸਥਾਵਾਂ

**• ਡਾ. ਗੁਰਪ੍ਰੀਤ ਕੌਰ**

ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀ ਸੀਮਾ ਉੱਤੇ ਸ਼ਿਵਾਲਿਕ ਦੀਆਂ ਰਮਣੀਕ ਪਹਾੜੀਆਂ ਦੀ ਗੋਦ ਵਿੱਚ ਵਸੇ ਸ੍ਰੀ ਅਨੰਦਪੁਰ ਸਾਹਿਬ ਦਾ ਵਿਸ਼ਵ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਹੈ। ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ 1665 ਈ. ਵਿੱਚ ਆਪਣੀ ਪੂਜਨੀਕ ਮਾਤਾ ਨਾਨਕੀ ਜੀ ਦੇ ਨਾਮ 'ਤੇ ਚੱਕ ਨਾਨਕੀ ਨਗਰ ਵਸਾਇਆ ਜੋ ਬਾਅਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ। ਸਿੱਖੀ ਦਾ ਮਾਣ ਧਰਤੀ ਅਨੰਦਪੁਰ ਸਾਹਿਬ ਆਲਮੀ ਜਗਤ ਦੀ ਅਜਿਹੀ ਧਰਤੀ ਹੈ ਜਿੱਥੋਂ ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਸੁਣ ਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਤਿਲਕ ਜੰਞੂ ਦੀ ਰਾਖੀ ਲਈ ਆਪ ਚੱਲ ਕੇ ਦਿੱਲੀ ਸ਼ਹਾਦਤ ਦੇਣ ਗਏ ਸਨ। ਭਗਤੀ ਅਤੇ ਸ਼ਕਤੀ ਦੇ ਜਜ਼ਬੇ ਨਾਲ ਲਬਰੇਜ਼ ਖ਼ਾਲਸਾ ਪੰਥ ਦੀ ਜਨਮਦਾਤੀ ਹੋਣ ਦਾ ਸੁਭਾਗ ਵੀ ਇਸ ਧਰਤ ਦੇ ਹਿੱਸੇ ਆਇਆ ਹੈ। ਇੱਥੇ ਸੁਸ਼ੋਭਿਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ ਜਿਸ ਦੀ ਆਪਣੀ ਵਿਸ਼ੇਸ਼ ਮਹਾਨਤਾ ਹੈ। ਅੱਠਵੇਂ ਅਜੂਬੇ ਵਜੋਂ ਜਾਣਿਆ ਜਾਂਦਾ ਵਿਰਾਸਤ-ਏ-ਖਾਲਸਾ ਇਸਦਾ ਮੁੱਖ ਆਕਰਸ਼ਣ ਹੈ। ਇੱਥੇ ਮਨਾਏ ਜਾਂਦੇ ਜਾਹੋ ਜਲਾਲ ਦੇ ਪ੍ਰਤੀਕ ਹੋਲੇ-ਮਹੱਲੇ ਕਾਰਨ ਸ੍ਰੀ ਅਨੰਦਪੁਰ ਸਾਹਿਬ ਦੀ ਸਮੁੱਚੀ ਦੁਨੀਆਂ ਵਿੱਚ ਵਿਲੱਖਣ ਪਛਾਣ ਹੈ।

ਅਨੰਦਪੁਰ ਸਾਹਿਬ ਦੀ ਧਰਤੀ ਜਿੱਥੇ ਇਤਿਹਾਸਿਕ ਪੱਖੋਂ ਵਿਸ਼ੇਸ਼ ਮਹੱਤਤਾ ਦੀ ਧਾਰਨੀ ਹੈ, ਉੱਥੇ ਹੀ ਇਹ ਅਕਾਦਮਿਕ ਪੱਖੋਂ ਵੀ ਮਹੱਤਵਪੂਰਨ ਮੁਕਾਮ ਰੱਖਦੀ ਹੈ। ਇੱਥੇ ਬਹੁਤ ਸਾਰੀਆਂ ਸਰਕਾਰੀ ਅਤੇ ਨਿੱਜੀ ਵਿੱਦਿਅਕ ਸੰਸਥਾਵਾਂ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

**1. ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ :**

ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ 1968 ਈਸਵੀ ਵਿੱਚ ਸੰਤ ਮਹਿੰਦਰ ਸਿੰਘ ਹਰਖੋਵਾਲ ਦੇ ਵਿਸ਼ੇਸ਼ ਯਤਨਾਂ ਸਦਕਾ ਹੋਈ। ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਅਤੇ ਪੰਜਾਬੀ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਨੈੱਕ ਬੰਗਲੌਰ ਤੋਂ 'ਏ' ਗਰੇਡ ਪ੍ਰਾਪਤ ਯੂ. ਜੀ. ਸੀ. ਵੱਲੋਂ ਕਾਲਜ ਵਿਦ ਪੋਟੈਂਸੀ ਅਲਫ਼ਾਰ

ਐਕਸੀਲੈਂਸ, ਭਾਰਤ ਸਰਕਾਰ ਦੇ ਬਾਇਓਟੈਕ ਨੋਲੋਜੀ ਵਿਭਾਗ ਵੱਲੋਂ ਸਟਾਟ ਸਟੇਟਸ, ਭਾਰਤ ਸਰਕਾਰ ਦੁਆਰਾ ਫਿਸਟ ਸਕੀਮ ਅਤੇ ਉੱਨਤ ਭਾਰਤ ਅਭਿਆਨ ਸਕੀਮ ਪ੍ਰਾਪਤ ਆਟੋਨੋਮਸ ਕਾਲਜ ਹੈ ਜੋ ਲਗਭਗ 3000 ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਦੇ ਅਵਸਰ ਪ੍ਰਦਾਨ ਕਰ ਰਿਹਾ ਹੈ। ਕਾਲਜ ਵਿੱਚ ਰਵਾਇਤੀ ਕੋਰਸਾਂ ਦੇ ਨਾਲ-ਨਾਲ ਪ੍ਰੋਫ਼ੈਸ਼ਨਲ ਕੋਰਸ ਵੀ ਬੜੀ ਸਫ਼ਲਤਾ ਪੂਰਵਕ ਚੱਲ ਰਹੇ ਹਨ। ਕਾਲਜ ਦੇ ਵਿਦਿਆਰਥੀ ਅਕਾਦਮਿਕ ਖੇਤਰ ਦੇ ਨਾਲ-ਨਾਲ ਖੇਡਾਂ ਤੇ ਸਭਿਆਚਾਰਕ ਮੁਕਾਬਲਿਆਂ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਵਡਮੁੱਲੀਆਂ ਪ੍ਰਾਪਤੀਆਂ ਕਰ ਰਹੇ ਹਨ। ਕਾਲਜ ਅੰਦਰ ਵਿਸ਼ਾਲ ਲਾਇਬ੍ਰੇਰੀ ਹੈ ਜਿਸ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਲਗਭਗ 50 ਹਜ਼ਾਰ ਦੇ ਕਰੀਬ ਪੁਸਤਕਾਂ ਉਪਲਬਧ ਹਨ। ਕਾਲਜ ’ਚ 90.8MHz ’ਤੇ ਚੱਲਣ ਵਾਲਾ ਰੇਡੀਓ ਸਟੇਸ਼ਨ ਧਰਮ ਅਤੇ ਵਿੱਦਿਆ ਦੇ ਖੇਤਰ ਵਿੱਚ ਸਫ਼ਲਤਾ ਪੂਰਵਕ ਪ੍ਰਚਾਰ ਤੇ ਪ੍ਰਸਾਰ ਦਾ ਕਾਰਜ ਕਰ ਰਿਹਾ ਹੈ। ਇਸ ਕਾਲਜ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰੁਜ਼ਗਾਰ ਮੁਖੀ ਸਿੱਖਿਆ ਪ੍ਰਦਾਨ ਕਰਨਾ ਹੈ।

**2. ਸੰਨੀ ਓਬਰਾਏ ਵਿਵੇਕ ਸਦਨ :**

ਸੰਨੀ ਓਬਰਾਏ ਵਿਵੇਕ ਸਦਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਹਿਯੋਗ ਦੁਆਰਾ ਡਾ. ਐਸ. ਪੀ. ਸਿੰਘ ਓਬਰਾਏ ਵੱਲੋਂ ਅਨੰਦਪੁਰ ਸਾਹਿਬ ਵਿਖੇ ਸਥਾਪਿਤ ਕੀਤਾ ਗਿਆ ਹੈ। ਇਹ ਇੱਕ ਅਗਰਗਾਮੀ ਅਧਿਐਨ ਅਤੇ ਖੋਜ ਸੰਸਥਾ ਹੈ ਜੋ ਕਿ ਯੂਨੀਵਰਸਿਟੀ ਬਣਨ ਜਾ ਰਿਹਾ ਹੈ। ਇੱਥੇ ਬੀ. ਏ., ਐਮ. ਏ., ਗੁਰਮਤਿ ਸੰਗੀਤ, ਐਮ. ਏ. ਤਬਲਾ, ਸੰਗੀਤ ਅਤੇ ਡਿਪਲੋਮਾ, ਸਟੈਨੋਗ੍ਰਾਫੀ, ਟਾਈਪਿੰਗ ਡਿਪਲੋਮਾ, ਬੇਸਿਕ ਕੰਪਿਊਟਰ ਡਿਪਲੋਮਾ, ਸਾਹਿਤ ਲੇਖਣ ਅਤੇ ਅਨੁਵਾਦ ਵਿੱਚ ਡਿਪਲੋਮਾ ਕੋਰਸ ਕਰਵਾਏ ਜਾਂਦੇ ਹਨ। ਇੱਥੇ ਮੁਫ਼ਤ ਰਿਹਾਇਸ਼ੀ ਸਹੂਲਤ ਵੀ ਉਪਲਬਧ ਹੈ। ਇਹ ਸੰਸਥਾ ਦਾ ਮੁੱਖ ਉਦੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੁਪਨੇ ਨੂੰ ਸਾਕਾਰ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਨੂੰ ਇੱਕ ਅਕਾਦਮਿਕ ਕੇਂਦਰ ਵਜੋਂ ਵਿਕਸਿਤ ਕਰਨਾ ਹੈ। ਇੱਥੇ ਖੋਜ ਪ੍ਰੋਜੈਕਟ, ਕਵੀ ਦਰਬਾਰ, ਵਰਕਸ਼ਾਪਾਂ, ਕਾਨਫਰੰਸਾਂ ਅਤੇ ਲੋਕਧਾਰਾ ਨਾਲ ਸੰਬੰਧਿਤ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ।

**3. ਸ੍ਰੀ ਗੁਰੂ ਤੇਗ਼ ਬਹਾਦਰ ਪੋਲੀਟੈਕਨਿਕ ਕਾਲਜ :**

ਸ੍ਰੀ ਗੁਰੂ ਤੇਗ਼ ਬਹਾਦਰ ਪੋਲੀਟੈਕਨਿਕ ਕਾਲਜ ਅਨੰਦਪੁਰ ਸਾਹਿਬ ਵਿੱਚ ਸਥਿਤ ਪ੍ਰਸਿੱਧ ਤਕਨੀਕੀ ਸੰਸਥਾ ਹੈ ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ

ਟੈਕਨੀਕਲ ਸਿੱਖਿਆ ਰਾਹੀਂ ਤਕਨਾਲੋਜੀ ਨਾਲ ਜੋੜਨਾ ਹੈ। ਇਸ ਕਾਲਜ ਵਿੱਚ ਮਕੈਨੀਕਲ ਇੰਜੀਨੀਅਰਿੰਗ, ਸਿਵਲ ਇੰਜੀਨੀਅਰਿੰਗ, ਕੰਪਿਊਟਰ ਸਾਇੰਸ ਇੰਜੀਨੀਅਰਿੰਗ ਅਤੇ ਇਲੈਕਟ੍ਰੀਕਲ ਇੰਜੀਨੀਅਰਿੰਗ, ਇਲੈਕਟ੍ਰਾਨਿਕਸ ਅਤੇ ਕਮਨੀਕੇਸ਼ਨ ਇੰਜੀਨੀਅਰਿੰਗ ਦੇ ਡਿਪਲੋਮਾ ਕੋਰਸ ਕਰਵਾਏ ਜਾਂਦੇ ਹਨ। ਇਹ ਕੋਰਸ ਆਮ ਤੌਰ 'ਤੇ ਤਿੰਨ ਸਾਲਾਂ ਦੇ ਹੁੰਦੇ ਹਨ ਜਿਨ੍ਹਾਂ ਲਈ ਵਿੱਦਿਅਕ ਯੋਗਤਾ ਦਸਵੀਂ ਤੇ ਬਾਰ੍ਹਵੀਂ ਹੁੰਦੀ ਹੈ। ਇਸ ਕਾਲਜ ਵਿੱਚ ਆਧੁਨਿਕ ਤਕਨੀਕ ਨਾਲ ਲੈਸ ਲੈਬੋਰਟਰੀਆਂ ਹਨ ਜਿਨ੍ਹਾਂ ਵਿੱਚ ਵਿਦਿਆਰਥੀ ਪ੍ਰੈਕਟੀਕਲ ਗਿਆਨ ਪ੍ਰਾਪਤ ਕਰਦੇ ਹਨ। ਇਸ ਕਾਲਜ ਵਿੱਚ ਵਿਸ਼ਾਲ ਲਾਇਬ੍ਰੇਰੀ, ਕੰਪਿਊਟਰ ਲੈਬ ਦੀ ਸੁਵਿਧਾ ਵੀ ਉਪਲਬਧ ਹੈ। ਕਾਲਜ ਵੱਲੋਂ ਵਿਦਿਆਰਥੀਆਂ ਨੂੰ ਉਦਯੋਗਿਕ ਖੇਤਰ ਵਿੱਚ ਰੁਜ਼ਗਾਰ ਪ੍ਰਾਪਤ ਕਰਨ ਵਿੱਚ ਪਲੇਸਮੈਂਟ ਦੀ ਸਹਾਇਤਾ ਵੀ ਪ੍ਰਦਾਨ ਕੀਤੀ ਜਾਂਦੀ ਹੈ।

**4. ਸਿੱਖ ਮਿਸ਼ਨਰੀ ਕਾਲਜ :**

ਸਿੱਖ ਮਿਸ਼ਨਰੀ ਕਾਲਜ ਅਨੰਦਪੁਰ ਸਾਹਿਬ ਵਿੱਚ ਸਥਾਪਿਤ ਇੱਕ ਧਾਰਮਿਕ ਸੰਸਥਾ ਹੈ ਜੋ ਵਿਦਿਆਰਥੀਆਂ ਨੂੰ ਗੁਰਮਤਿ, ਸਿੱਖ ਇਤਿਹਾਸ ਤੇ ਸਿੱਖ ਫ਼ਲਸਫ਼ੇ ਦੀ ਸਿੱਖਿਆ ਪ੍ਰਦਾਨ ਕਰਦੀ ਹੈ। ਇੱਥੇ ਦੋ ਸਾਲਾਂ ਗੁਰਮਤਿ ਮਿਸ਼ਨਰੀ ਕੋਰਸ ਅਤੇ ਤਿੰਨ ਸਾਲਾਂ ਕੀਰਤਨ ਡਿਪਲੋਮਾ ਕੋਰਸ ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਮਾਧਿਅਮ ਵਿੱਚ ਕਰਵਾਏ ਜਾਂਦੇ ਹਨ। ਇਸ ਸੰਸਥਾ ਦਾ ਪ੍ਰਮੁੱਖ ਉਦੇਸ਼ ਸਿੱਖ ਧਰਮ, ਗੁਰਬਾਣੀ ਅਤੇ ਸਿੱਖ ਸੰਸਕ੍ਰਿਤੀ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਵਿਦਿਆਰਥੀਆਂ ਅੰਦਰ ਆਪਣੇ ਗਿਆਨ ਦਾ ਸਵੈ ਮੁਲਾਂਕਣ ਕਰਨ ਦਾ ਗੁਣ ਪੈਦਾ ਕਰਨਾ ਵੀ ਹੈ। ਕਾਲਜ ਦੀ ਖੁੱਲ੍ਹੀ ਦਾਖ਼ਲਾ ਨੀਤੀ ਦੇ ਕਾਰਨ ਵਿਦਿਆਰਥੀ ਸਾਲ ਦੇ ਕਿਸੇ ਵੀ ਸਮੇਂ ਸੰਸਥਾ ਵਿੱਚ ਦਾਖ਼ਲਾ ਲੈ ਸਕਦੇ ਹਨ। ਸਵਰਗਵਾਸੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਗੁਰਬਾਣੀ ਦੇ ਗਿਆਤਾ ਪ੍ਰਿੰਸੀਪਲ ਸੁਰਿੰਦਰ ਸਿੰਘ ਦੀ ਰਹਿਨੁਮਾਈ ਹੇਠ ਇਸ ਸੰਸਥਾ ਨੇ ਵਿਲੱਖਣ ਮੁਕਾਮ ਹਾਸਲ ਕੀਤਾ।

**5. ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ :**

ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਸੰਗੀਤ ਅਕੈਡਮੀ ਸਥਾਪਿਤ ਕੀਤੀ ਗਈ ਹੈ। ਇਸ ਅਕੈਡਮੀ ਦਾ ਨਾਮ ਪਦਮ ਸ੍ਰੀ ਪ੍ਰੋ. ਕਰਤਾਰ ਸਿੰਘ ਜੀ ਦੇ ਨਾਮ 'ਤੇ ਰੱਖਿਆ ਗਿਆ ਹੈ ਜੋ ਗੁਰਮਤਿ ਸੰਗੀਤ ਦੇ ਪ੍ਰਸਿੱਧ ਅਧਿਆਪਕ ਰਹੇ ਹਨ। ਇੱਥੇ ਸੰਗੀਤ ਅਤੇ

ਤਬਲੇ ਦੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਗੁਰਬਾਣੀ ਕੀਰਤਨ, ਤੰਤੀ ਸਾਜ਼ ਅਤੇ ਕਲਾਸੀਕਲ ਸੰਗੀਤ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਇਸ ਅਕੈਡਮੀ ਵਿੱਚ ਆਨਲਾਈਨ ਕੋਰਸ ਵੀ ਉਪਲਬਧ ਹਨ ਜਿਸ ਨਾਲ ਵਿਦਿਆਰਥੀ ਘਰ ਬੈਠੇ ਹੀ ਗੁਰਮਤਿ ਸੰਗੀਤ ਸਿੱਖ ਸਕਦੇ ਹਨ।

**6. ਭਾਈ ਨੰਦ ਲਾਲ ਪਬਲਿਕ ਸਕੂਲ :**

ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਾਪਿਤ ਭਾਈ ਨੰਦ ਲਾਲ ਪਬਲਿਕ ਸਕੂਲ ਸੀ. ਬੀ. ਐਸ. ਈ. ਬੋਰਡ ਵੱਲੋਂ ਮਾਨਤਾ ਪ੍ਰਾਪਤ ਸਕੂਲ ਹੈ। ਇਹ ਸਕੂਲ 1995 ਈ. ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਿਹਾ ਹੈ। ਇਸ ਸਕੂਲ ਦਾ ਮੁੱਖ ਉਦੇਸ਼ ਜਿੱਥੇ ਵਿਦਿਆਰਥੀਆਂ ਨੂੰ ਆਪਣੇ ਅਮੀਰ ਸਭਿਆਚਾਰਕ ਅਤੇ ਧਾਰਮਿਕ ਵਿਰਸੇ ਨਾਲ ਜੋੜਨਾ ਹੈ, ਉੱਥੇ ਹੀ ਸਮੇਂ ਦੇ ਹਾਣ ਦੀ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨਾ ਵੀ ਹੈ। ਸਕੂਲ ਵਿੱਚ ਆਧੁਨਿਕਤਾ ਤਕਨਾਲੋਜੀ ਭਰਪੂਰ ਕਮਰੇ, ਲਾਇਬ੍ਰੇਰੀ, ਖੇਡ ਮੈਦਾਨ ਅਤੇ ਮੈਡੀਕਲ ਕਮਰੇ ਦੀ ਸੁਵਿਧਾ ਉਪਲਬਧ ਹੈ। ਇਸ ਸਕੂਲ ਵਿੱਚ ਲਗਭਗ 2100 ਦੇ ਕਰੀਬ ਵਿਦਿਆਰਥੀ ਵਿੱਦਿਆ ਪ੍ਰਾਪਤ ਕਰ ਰਹੇ ਹਨ। ਇਸ ਸਕੂਲ ਵਿੱਚ ਅੰਗਰੇਜ਼ੀ ਮਾਧਿਅਮ ਰਾਹੀਂ ਵਿਦਿਆਰਥੀਆਂ ਨੂੰ ਨਰਸਰੀ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਵਿੱਦਿਆ ਪ੍ਰਦਾਨ ਕੀਤੀ ਜਾਂਦੀ ਹੈ।

**7. ਦਸਮੇਸ਼ ਅਕੈਡਮੀ :**

ਦਸਮੇਸ਼ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ ਦਾ ਇੱਕ ਪ੍ਰਸਿੱਧ ਡੇ ਬੋਰਡਿੰਗ ਸਕੂਲ ਹੈ ਜੋ ਸੀ. ਬੀ. ਐਸ. ਈ. ਬੋਰਡ ਵੱਲੋਂ ਮਾਨਤਾ ਪ੍ਰਾਪਤ ਹੈ। ਇਹ ਸਕੂਲ 1978 ਈਸਵੀਂ ਵਿੱਚ ਸਥਾਪਿਤ ਹੋਇਆ ਜਿਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਅਤੇ ਚਰਿੱਤਰ ਨਿਰਮਾਣ ਦੇ ਗੁਣਾਂ ਨੂੰ ਵਿਕਸਿਤ ਕਰਨਾ ਹੈ। ਸਕੂਲ ਵਿੱਚ 1100 ਦੇ ਲਗਭਗ ਵਿਦਿਆਰਥੀ ਅੰਗਰੇਜ਼ੀ ਮਾਧਿਅਮ ਰਾਹੀਂ ਪ੍ਰੀ ਨਰਸਰੀ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਵਿੱਦਿਆ ਪ੍ਰਾਪਤ ਕਰ ਰਹੇ ਹਨ। ਇਸ ਸਕੂਲ ਵਿੱਚ ਸਮਾਰਟ ਕਲਾਸ ਰੂਮ, ਖੇਡ ਮੈਦਾਨ, ਆਡੀਟੋਰੀਅਮ, ਹੋਸਟਲ, ਸਵੀਮਿੰਗ ਪੂਲ, ਕਾਨਫ਼ਰੰਸ ਹਾਲ, ਜਿਮ ਅਤੇ ਓਪਨ ਏਅਰ ਥੀਏਟਰ ਦੀ ਸੁਵਿਧਾ ਮੌਜੂਦ ਹੈ। ਇਸ ਸੰਸਥਾ ਵਿੱਚ ਵਿਦਿਆਰਥੀਆਂ ਨੂੰ ਰਾਸ਼ਟਰੀ ਰੱਖਿਆ ਅਕੈਡਮੀ ਐਨ. ਡੀ. ਏ. ਵਿੱਚ ਦਾਖ਼ਲਾ ਲੈਣ ਲਈ ਵਿਸ਼ੇਸ਼ ਤਿਆਰੀ ਕਰਵਾਈ ਜਾਂਦੀ ਹੈ। ਸ. ਪ੍ਰਕਾਸ਼ ਸਿੰਘ ਬਾਦਲ

ਦੀ ਦੂਰਦਰਸ਼ੀ ਸੋਚ ਅਤੇ ਸਿੱਖ ਪਰੰਪਰਾ ਪ੍ਰਤੀ ਸੱਚੀ ਲਗਨ ਨੇ ਦਸਮੇਸ਼ ਅਕੈਡਮੀ ਦੀ ਸਥਾਪਨਾ ਨੂੰ ਮਜ਼ਬੂਤ ਆਧਾਰ ਦਿੱਤਾ।

**8. ਮਾਈਟੀ ਖ਼ਾਲਸਾ ਇੰਟਰਨੈਸ਼ਨਲ ਸਕੂਲ :**

ਮਾਈਟੀ ਖ਼ਾਲਸਾ ਇੰਟਰਨੈਸ਼ਨਲ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਸਥਿਤ ਸੀ. ਬੀ. ਐਸ. ਸੀ. ਬੋਰਡ ਤੋਂ ਮਾਨਤਾ ਪ੍ਰਾਪਤ ਸੰਸਥਾ ਹੈ, ਜਿਸਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਦੇਣਾ ਅਤੇ ਅਕਾਦਮਿਕ ਵਿਕਾਸ ਦੇ ਮੌਕੇ ਪ੍ਰਦਾਨ ਕਰਨਾ ਹੈ। ਇਸ ਸਕੂਲ ਵਿੱਚ ਸਮਾਰਟ ਕਲਾਸ ਰੂਮ, ਲੈਬੋਰਟਰੀਆਂ, ਲਾਇਬ੍ਰੇਰੀ, ਖੇਡ ਮੈਦਾਨ, ਆਡੀਟੋਰੀਅਮ ਅਤੇ ਮੈਡੀਕਲ ਰੂਮ ਦੀ ਸੁਵਿਧਾ ਉਪਲਬਧ ਹੈ। ਇਹ ਸਕੂਲ 2013 ਵਿੱਚ ਸਥਾਪਿਤ ਹੋਇਆ। ਇਸ ਸੰਸਥਾ ਵਿੱਚ ਅਕਾਦਮਿਕ ਸਿੱਖਿਆ ਦੇ ਨਾਲ-ਨਾਲ ਸਹਿ-ਵਿੱਦਿਅਕ ਗਤੀਵਿਧੀਆਂ ਨੂੰ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਸਕੂਲ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਵਿਦਿਆਰਥੀਆਂ ਨੂੰ ਗਤਕਾ, ਸ਼ਬਦ ਕੀਰਤਨ, ਆਰਟ ਅਤੇ ਕਰਾਫਟ ਦੀ ਸਿਖਲਾਈ ਵੀ ਦਿੰਦਾ ਹੈ।

**9. ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ :**

ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਸਥਿਤ ਪ੍ਰਸਿੱਧ ਸਰਕਾਰੀ ਸੰਸਥਾ ਹੈ ਜੋ ਸੀ. ਬੀ. ਐਸ. ਸੀ. ਬੋਰਡ ਤੋਂ ਮਾਨਤਾ ਪ੍ਰਾਪਤ ਹੈ। ਪੰਜਾਬ ਐਜੂਕੇਸ਼ਨ ਡਿਵੈਲਪਮੈਂਟ ਬੋਰਡ ਚੰਡੀਗੜ੍ਹ ਦੁਆਰਾ ਇਸ ਸਕੂਲ ਦਾ ਪ੍ਰਬੰਧ ਦੇਖਿਆ ਜਾਂਦਾ ਹੈ। ਇਸ ਸਕੂਲ ਵਿੱਚ ਜ਼ਿਲ੍ਹਾ ਰੂਪਨਗਰ ਦੀ ਪਹਿਲੀ ਸ਼ੂਟਿੰਗ ਰੇਂਜ ਬਣਾਈ ਜਾ ਰਹੀ ਹੈ। ਇਸ ਸਕੂਲ ਵਿੱਚ ਕੁੱਲ 737 ਵਿਦਿਆਰਥੀ ਐਲ. ਕੇ. ਜੀ. ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਵਿੱਦਿਆ ਪ੍ਰਾਪਤ ਕਰ ਰਹੇ ਹਨ। ਇਸ ਸਕੂਲ ਵਿੱਚ ਵਧੀਆ ਕਮਰੇ ਅਤੇ ਖੇਡ ਮੈਦਾਨ ਮੌਜੂਦ ਹੈ।

**10. ਸਰਕਾਰੀ ਲੜਕੀਆਂ ਸੀਨੀਅਰ ਸੈਕੰਡਰੀ ਸਕੂਲ :**

ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਿਤ ਸਰਕਾਰੀ ਲੜਕੀਆਂ ਸੀਨੀਅਰ ਸੈਕੰਡਰੀ ਸਕੂਲ ਸਰਕਾਰੀ ਵਿੱਦਿਅਕ ਸੰਸਥਾ ਜੋ ਲੜਕੀਆਂ ਨੂੰ ਛੇਵੀਂ ਸ਼੍ਰੇਣੀ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਪੰਜਾਬੀ ਮਾਧਿਅਮ ਰਾਹੀਂ ਸਿੱਖਿਆ ਪ੍ਰਦਾਨ ਕਰ ਰਹੀ ਹੈ। ਸਕੂਲ ਵਿੱਚ ਵਿਦਿਆਰਥੀਆਂ ਨੂੰ ਵਿੱਦਿਅਕ ਗਤੀਵਿਧੀਆਂ ਦੇ ਨਾਲ-ਨਾਲ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਵੀ ਸ਼ਮੂਲੀਅਤ ਕਰਵਾਈ ਜਾਂਦੀ ਹੈ। ਸਕੂਲ ਦਾ ਮੁੱਖ ਉਦੇਸ਼ ਲੜਕੀਆਂ ਨੂੰ ਆਧੁਨਿਕ ਅਤੇ ਗੁਣਵਤਾ

ਭਰਪੂਰ ਸਿੱਖਿਆ ਪ੍ਰਦਾਨ ਕਰਨਾ ਹੈ, ਜਿਸ ਨਾਲ ਉਹ ਬੌਧਿਕ ਤੌਰ 'ਤੇ ਮਜ਼ਬੂਤ ਬਣ ਸਕਣ।

**11. ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ :**

1972 ਈਸਵੀਂ ਵਿੱਚ ਸਥਾਪਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦਾ ਅੰਗਰੇਜ਼ੀ ਮਾਧਿਅਮ ਵਾਲਾ ਸਕੂਲ ਹੈ। ਇਹ ਸਕੂਲ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੀ ਦੇਖ-ਰੇਖ ਵਿੱਚ ਚੱਲ ਰਿਹਾ ਹੈ। ਇਸ ਸਕੂਲ ਦਾ ਪ੍ਰਮੁੱਖ ਉਦੇਸ਼ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਦੇ ਨਾਲ-ਨਾਲ ਸਿੱਖ ਧਰਮ ਦੇ ਸਿਧਾਂਤਾਂ ਬਾਰੇ ਗਿਆਨ ਪ੍ਰਦਾਨ ਕਰਨਾ ਹੈ। ਇੱਥੇ ਵਿਦਿਆਰਥੀਆਂ ਨੂੰ ਪ੍ਰੀ ਪ੍ਰਾਇਮਰੀ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਸਿੱਖਿਆ ਅੰਗਰੇਜ਼ੀ ਮਾਧਿਅਮ ਰਾਹੀਂ ਪ੍ਰਦਾਨ ਕੀਤੀ ਜਾਂਦੀ ਹੈ। ਇਹ ਸਕੂਲ ਅਨੰਦਪੁਰ ਸਾਹਿਬ ਦੇ ਮੁੱਖ ਬਾਜ਼ਾਰ ਅੰਦਰ ਸਥਿਤ ਹੈ।

**12. ਐਸ. ਜੀ. ਐਸ. ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ :**

ਐਸ. ਜੀ. ਐਸ. ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਹੈ ਅਤੇ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਦੁਆਰਾ ਚਲਾਇਆ ਜਾਂਦਾ ਹੈ। ਇਸ ਸੰਸਥਾ ਵਿੱਚ ਸਿੱਖ ਧਰਮ ਅਤੇ ਸੰਸਕਾਰਾਂ ਦੀ ਸਿੱਖਿਆ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਇੱਥੇ ਸਮਾਜਿਕ ਮੁੱਲਾਂ ਅਤੇ ਸੇਵਾ ਭਾਵਨਾ ਨੂੰ ਉਤਸ਼ਾਹਿਤ ਵੀ ਕੀਤਾ ਜਾਂਦਾ ਹੈ। ਇਸ ਸਕੂਲ ਦੇ ਕਈ ਵਿਦਿਆਰਥੀ ਆਈ. ਏ. ਐਸ., ਆਈ. ਪੀ. ਐਸ., ਜੱਜ ਅਤੇ ਕੌਮੀ ਪੱਧਰ ਦੇ ਖਿਡਾਰੀ ਬਣੇ, ਜੋ ਵੱਖ-ਵੱਖ ਖੇਤਰਾਂ ਵਿੱਚ ਸਮਾਜ ਦੀ ਸੇਵਾ ਕਰ ਰਹੇ ਹਨ।

**13. ਮਾਰਸ਼ਲ ਅਕੈਡਮੀ :**

ਮਾਰਸ਼ਨ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ ਵਿੱਚ ਸਥਿਤ ਅਜਿਹੀ ਵਿਸ਼ੇਸ਼ ਸੰਸਥਾ ਹੈ ਜੋ ਮਾਰਸ਼ਲ ਆਰਟ ਅਤੇ ਖੇਡਾਂ ਦੇ ਖੇਤਰ ਵਿੱਚ ਤਾਲੀਮ ਦਿੰਦੀ ਹੈ। ਇਹ ਅਕੈਡਮੀ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਮੁਹਾਰਤ ਹਾਸਿਲ ਕਰਵਾਉਣ ਦੇ ਨਾਲ-ਨਾਲ ਸਰੀਰਕ ਅਤੇ ਮਾਨਸਿਕ ਯੋਗਤਾਵਾਂ ਨੂੰ ਵਿਕਸਿਤ ਕਰਦਾ ਹੈ। ਇਸ ਸੰਸਥਾ ਵਿੱਚ ਕਰਾਟੇ, ਤੈਕਵਾਂਡੋ, ਜੂਡੋ, ਕੰਗਫੂ ਅਤੇ ਸੈਲਫਡਿਫੈਂਸ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਹ ਅਕੈਡਮੀ ਦੀ ਵਿਸ਼ੇਸ਼ਤਾ ਹੈ ਕਿ ਇਹ ਵਿਦਿਆਰਥੀਆਂ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਵਿੱਚ ਭਾਗੀਦਾਰੀ ਕਰਵਾਉਂਦੀ ਹੈ। ਇਸ ਸੰਸਥਾ ਦਾ ਮੁੱਖ ਉਦੇਸ਼

ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਲੀਡਰਸ਼ਿਪ ਦੇ ਗੁਣਾਂ ਨੂੰ ਵਿਕਸਿਤ ਕਰਨਾ ਹੈ। ਇਸ ਅਕੈਡਮੀ ਵਿੱਚ ਰਿਹਾਇਸ਼ ਦੀ ਸੁਵਿਧਾ ਵੀ ਉਪਲਬਧ ਹੈ।

**14. ਭਾਈ ਗੁਰਦਾਸ ਐਡਵਾਂਸ ਇੰਸਟੀਚਿਊਟ :**

ਭਾਈ ਗੁਰਦਾਸ ਐਡਵਾਂਸ ਇੰਸਟੀਚਿਊਟ ਸ੍ਰੀ ਅਨੰਦਪੁਰ ਸਾਹਿਬ ਸਿੱਖ ਧਰਮ, ਇਤਿਹਾਸ ਅਤੇ ਸੰਸਕ੍ਰਿਤੀ ਦੇ ਅਧਿਐਨ ਅਤੇ ਪ੍ਰਚਾਰ ਲਈ ਸਮਰਪਿਤ ਸੰਸਥਾ ਹੈ। ਭਾਈ ਹਰਸਿਮਰਨ ਸਿੰਘ ਇਸ ਸੰਸਥਾ ਦੇ ਡਾਇਰੈਕਟਰ ਹਨ। ਇਹ ਇੰਸਟੀਚਿਊਟ ਸਿੱਖ ਧਰਮ, ਗੁਰਬਾਣੀ ਅਤੇ ਇਤਿਹਾਸਕ ਵਿਸ਼ਿਆਂ ਦੇ ਅਧਿਐਨ ਅਤੇ ਖੋਜ ਲਈ ਮੌਕੇ ਪ੍ਰਦਾਨ ਕਰਦਾ ਹੈ। ਇਸ ਸੰਸਥਾ ਦੀ ਵਿਸ਼ੇਸ਼ਤਾ ਹੈ ਕਿ ਇਹ ਸਿੱਖ ਧਰਮ ਦੇ ਇਤਿਹਾਸਕ ਦਸਤਾਵੇਜ਼ਾਂ ਅਤੇ ਲਿਖਤਾਂ ਦੀ ਸੰਭਾਲ ਅਤੇ ਅਧਿਐਨ ਵਿੱਚ ਵੀ ਯੋਗਦਾਨ ਪਾਉਂਦੀ ਹੈ।

**ਮੁਖੀ, ਪੰਜਾਬੀ ਵਿਭਾਗ**
**ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ**
**ਸ੍ਰੀ ਅਨੰਦਪੁਰ ਸਾਹਿਬ।**
ਮੋ. 95920-99002

●

# ਸ੍ਰੀ ਅਨੰਦਪੁਰ ਸਾਹਿਬ ਦੀ ਮੁੜ ਪੁਨਰ-ਸਥਾਪਨਾ ਕਿੰਞ ਹੋਈ ?

**• ਪ੍ਰੋ. ਰਵਿੰਦਰ ਸਿੰਘ**

1705 ਈ. ਤੇ ਛੇ-ਸੱਤ ਪੋਹ ਮਹੀਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਰਿਵਾਰ ਅਤੇ ਸਿੰਘਾਂ ਸਮੇਤ ਅਨੰਦਗੜ੍ਹ ਦੇ ਕਿਲ੍ਹੇ ਨੂੰ ਅਲਵਿਦਾ ਕਹਿਣਾ ਪਿਆ। ਬਹੁਤ ਸਾਰੀ ਸੈਨਾ ਨੇ ਅਨੰਦਪੁਰ ਸਾਹਿਬ ਸ਼ਹਿਰ ਵਿਚ ਤਬਾਹੀ ਮਚਾਉਣੀ ਸ਼ੁਰੂ ਕਰ ਦਿੱਤੀ। ਦੁਸ਼ਮਣਾਂ ਦੀਆਂ ਸੈਨਾਵਾਂ ਨੇ ਅਨੰਦਪੁਰ ਸਾਹਿਬ ਸ਼ਹਿਰ ਦੇ ਘਰਾਂ ਨੂੰ ਤਬਾਹ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਣਾਏ ਗਏ ਕਿਲ੍ਹਿਆਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ। ਅਨੰਦਪੁਰ ਸਾਹਿਬ ਸ਼ਹਿਰ ਅੰਦਰ ਬਣੇ ਸਾਰੇ ਸਥਾਨ ਜੋ ਸਿੱਖਾਂ ਨਾਲ ਜਾਂ ਸਿੱਖ ਗੁਰੂਆਂ ਨਾਲ ਸੰਬੰਧਿਤ ਸੀ, ਤਬਾਹ ਕਰ ਦਿੱਤੇ ਗਏ। ਰਾਜਾ ਅਜਮੇਰ ਚੰਦ ਦੀ ਫ਼ੌਜ ਨੇ ਭਾਵੇਂ ਅਨੰਦਪੁਰ ਸਾਹਿਬ ਸ਼ਹਿਰ ਤਬਾਹ ਕਰ ਦਿੱਤਾ ਪਰ ਉਹ ਇੱਥੇ ਸ਼ਹਿਰ ਵਿਚ ਨਾ ਠਹਿਰਿਆ, ਕਿਉਂਕਿ ਉਸਨੂੰ ਗੁਰੂ ਦੇ ਵਾਪਿਸ ਆਉਣ ਦਾ ਡਰ ਸੀ। ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਛੱਡਣ ਤੋਂ ਪਹਿਲਾਂ ਮਹਾਤਮਾ ਭਾਈ ਗੁਰਬਖ਼ਸ਼ ਦਾਸ ਨੂੰ (ਜੋ ਮਹਾਦੇਵ ਉਦਾਸੀ ਸਾਧੂ ਦਾ ਚੇਲਾ ਸੀ) ਅਨੰਦਪੁਰ ਸਾਹਿਬ ਦੇ ਸਾਰੇ ਗੁਰਦੁਆਰਿਆਂ ਦਾ ਰਖਵਾਲਾ ਥਾਪ ਗਏ ਸਨ। ਗੁਰਬਖ਼ਸ਼ ਦਾਸ ਨੂੰ ਸੀਸ ਗੰਜ ਸਾਹਿਬ ਤੇ ਗੁਰੂ ਕੇ ਮਹਲਾ ਦਾ ਖ਼ਾਸ ਧਿਆਨ ਰੱਖਣ ਲਈ ਕਿਹਾ ਗਿਆ ਸੀ। ਸੈਨਾ ਵੱਲੋਂ ਭਾਵੇਂ ਇਹ ਸਥਾਨ ਤਬਾਹ ਕਰ ਦਿੱਤੇ ਗਏ ਪਰ ਫਿਰ ਵੀ ਭਾਈ ਗੁਰਬਖ਼ਸ਼ ਦਾਸ ਇਹਨਾਂ ਸਥਾਨਾਂ ਤੋਂ ਗੁਰੂ ਦੀ ਬੰਦਗੀ ਕਰਦਾ ਰਿਹਾ ਸੀ। ਅਜਮੇਰ ਚੰਦ ਨੇ ਉਦੋਂ ਤੱਕ ਕੀਰਤਪੁਰ ਸਾਹਿਬ ਤੇ ਅਨੰਦਪੁਰ ਸਾਹਿਬ 'ਤੇ ਕਬਜਾ ਨਹੀਂ ਕੀਤਾ ਜਦੋਂ ਤੱਕ ਉਸਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਦੀ ਖ਼ਬਰ ਨਾ ਮਿਲੀ। ਅਜਮੇਰ ਚੰਦ ਨੂੰ ਡਰ ਸੀ ਕਿ ਸਿੱਖ ਗੁਰੂ ਕਦੇ ਵੀ ਵਾਪਿਸ ਅਨੰਦਪੁਰ ਸਾਹਿਬ ਆ ਸਕਦਾ ਹੈ। ਗੁਰੂ ਸਾਹਿਬ ਦੇ ਇੱਕ ਹੁਕਮਨਾਮੇ ਮਿਤੀ 15 ਅਕਤੂਬਰ, 1707 ਵਿਚ ਲਿਖਿਆ ਮਿਲਦਾ ਹੈ ਕਿ ਗੁਰੂ ਜੀ ਨੇ ਸਿੱਖਾਂ ਨੂੰ ਲਿਖਿਆ ਕਿ ਜਦੋਂ ਮੈਂ ਵਾਪਿਸ ਅਨੰਦਪੁਰ ਸਾਹਿਬ ਆ ਜਾਵਾਂਗਾ ਤਾਂ ਮੇਰੇ ਸਿੱਖ ਮੈਨੂੰ ਆ ਕੇ ਮਿਲਣ। ਕੀਰਤਪੁਰ ਸਾਹਿਬ ਵਿਖੇ ਜੋ ਬਾਬਾ ਸੂਰਜ ਮੱਲ ਦੇ ਵੰਸ਼ਕ ਰਹਿੰਦੇ ਸਨ, ਉਹ ਵੀ ਕੀਰਤਪੁਰ ਛੱਡ ਕੇ ਨਾਹਣ ਵੱਲ ਚੱਲ ਗਏ। ਦਸੰਬਰ, 1705 ਤੋਂ ਅਕਤੂਬਰ, 1708

ਤੱਕ ਕੀਰਤਪੁਰ ਤੇ ਅਨੰਦਪੁਰ ਸਾਹਿਬ ਸ਼ਹਿਰ ਵਿਚ ਉਜਾੜਾ ਪਿਆ ਰਿਹਾ। ਕੋਈ ਪਰਿਵਾਰ ਵੀ ਅਜਮੇਰ ਚੰਦ ਦੇ ਡਰ ਕਾਰਨ ਇੱਥੇ ਰਹਿਣ ਨੂੰ ਰਾਜ਼ੀ ਨਹੀਂ ਸੀ। ਸਿਰਫ਼ ਭਾਈ ਗੁਰਬਖ਼ਸ਼ ਦਾਸ ਹੀ ਅਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਦੇ ਸਥਾਨਾਂ ਦੀ ਦੇਖ-ਰੇਖ ਕਰਦਾ ਸੀ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ 7 ਅਕਤੂਬਰ, 1708 ਨੂੰ ਜੋਤੀ ਜੋਤ ਸਮਾ ਗਏ ਤਾਂ ਇਹ ਖ਼ਬਰ ਅਜਮੇਰ ਚੰਦ ਕੋਲ ਪਹੁੰਚ ਗਈ। ਉਸਨੇ ਹੁਣ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ 'ਤੇ ਆਪਣਾ ਕਬਜ਼ਾ ਕਰ ਲਿਆ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬੰਦਾ ਸਿੰਘ ਬਹਾਦਰ ਨੂੰ ਹੁਕਮਨਾਮੇ ਦੇ ਕੇ ਪੰਜਾਬ ਵੱਲ ਭੇਜਿਆ।

ਬੰਦਾ ਸਿੰਘ ਬਹਾਦਰ ਨੇ ਪੰਜਾਬ ਪਹੁੰਚ ਕੇ ਸਿੱਖਾਂ ਨੂੰ ਆਪਣੇ ਨਾਲ ਰਲਾ ਕੇ ਸਿੱਖ ਸੈਨਾ ਬਣਾਈ ਤੇ ਕਈ ਜਿੱਤਾਂ ਪ੍ਰਾਪਤ ਕੀਤੀਆਂ। ਇਕ ਸਾਲ ਦੇ ਅੰਦਰ ਹੀ ਸਮਾਣਾ, ਸਢੋਰਾ ਤੇ ਸਰਹੰਦ 'ਤੇ ਬੰਦਾ ਸਿੰਘ ਬਹਾਦਰ ਨੇ ਜਿੱਤਾਂ ਪ੍ਰਾਪਤ ਕੀਤੀਆਂ। ਦਸੰਬਰ 28, 1710 ਨੂੰ ਬੰਦਾ ਸਿੰਘ ਬਹਾਦਰ ਬਿਲਾਸਪੁਰ ਰਾਜ ਦੀ ਸਰਹੱਦ 'ਤੇ ਪਹੁੰਚਿਆ। ਅਜਮੇਰ ਚੰਦ ਨੂੰ ਬੰਦਾ ਸਿੰਘ ਬਹਾਦਰ ਦੀ ਸੈਨਾ ਦੇ ਆਉਣ ਦੀ ਖ਼ਬਰ ਪਹਿਲਾਂ ਹੀ ਮਿਲ ਚੁੱਕੀ ਸੀ। ਅਜਮੇਰ ਚੰਦ ਤੇ ਬੰਦਾ ਸਿੰਘ ਬਹਾਦਰ ਦੀ ਸੈਨਾ ਵਿਚਕਾਰ ਯੁੱਧ ਹੋਇਆ ਤੇ ਬੰਦਾ ਸਿੰਘ ਬਹਾਦਰ ਦੀ ਜਿੱਤ ਹੋਈ। ਅਜਮੇਰ ਚੰਦ ਨੇ ਹਾਰ ਸਵੀਕਾਰ ਕਰ ਲਈ ਤੇ ਬੰਦਾ ਸਿੰਘ ਬਹਾਦਰ ਨੂੰ ਤੋਹਫ਼ਿਆਂ ਦੀ ਪੇਸ਼ਕਸ਼ ਕੀਤੀ। ਬੰਦਾ ਸਿੰਘ ਬਹਾਦਰ ਨੇ ਹਰਜਾਨਾ ਲੈ ਕੇ ਅਜਮੇਰ ਚੰਦ ਦੀ ਜਾਨ ਬਖ਼ਸ਼ ਦਿੱਤੀ। ਬੰਦਾ ਸਿੰਘ ਬਹਾਦਰ ਦੀ ਜਿੱਤ ਤੋਂ ਬਾਅਦ ਕਈ ਸਿੱਖ ਪਰਿਵਾਰ ਕੀਰਤਪੁਰ ਤੇ ਅਨੰਦਪੁਰ ਸਾਹਿਬ ਆ ਕੇ ਰਹਿਣ ਲੱਗ ਪਏ। ਪਰ ਇਹ ਸ਼ਹਿਰ ਪਹਿਲਾਂ ਦੀ ਤਰ੍ਹਾਂ ਨਾ ਵਸ ਸਕਿਆ। ਛੇਤੀ ਹੀ ਦਸੰਬਰ 1715 ਨੂੰ ਬੰਦਾ ਸਿੰਘ ਬਹਾਦਰ ਮੁਗ਼ਲ ਸੈਨਾ ਕੋਲ ਫੜਿਆ ਗਿਆ ਤੇ 9 ਜੂਨ, 1716 ਨੂੰ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰ ਦਿੱਤਾ ਗਿਆ। ਬਹੁਤ ਸਾਰੇ ਸਿੱਖ ਪਰਿਵਾਰ ਫਿਰ ਇੱਕ ਵਾਰ ਕੀਰਤਪੁਰ ਤੇ ਅਨੰਦਪੁਰ ਛੱਡ ਕੇ ਹੋਰ ਸੁਰੱਖਿਅਤ ਸਥਾਨਾਂ 'ਤੇ ਚਲੇ ਗਏ। ਅਜਮੇਰ ਚੰਦ ਨੇ ਫਿਰ ਇਕ ਵਾਰ ਕੀਰਤਪੁਰ ਤੇ ਅਨੰਦਪੁਰ ਸਾਹਿਬ 'ਤੇ ਆਪਣਾ ਕਬਜ਼ਾ ਜਮਾ ਲਿਆ। ਕੁਝ ਕੁ ਸਾਲਾਂ ਬਾਅਦ ਕੀਰਤਪੁਰ ਸਾਹਿਬ ਦੇ ਸੋਢੀ ਪਰਿਵਾਰ ਦੇ ਦੋ ਭਰਾ ਗੁਲਾਬ ਸਿੰਘ ਤੇ ਸ਼ਾਮ ਸਿੰਘ ਨੇ ਰਾਜੇ ਅਜਮੇਰ ਚੰਦ ਨਾਲ ਕੀਰਤਪੁਰ ਸਾਹਿਬ ਤੇ ਅਨੰਦਪੁਰ ਸਾਹਿਬ ਸ਼ਹਿਰ ਖਰੀਦਣ ਦੀ ਗੱਲ

ਕੀਤੀ। ਗੁਲਾਬ ਸਿੰਘ ਤੇ ਸ਼ਾਮ ਸਿੰਘ ਨੇ ਰਾਜੇ ਅਜਮੇਰ ਚੰਦ ਨੂੰ ਇਹ ਕਿਹਾ ਕਿ ਉਹ ਆਪਣੇ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਰਹਿਣਾ ਚਾਹੁੰਦੇ ਹਨ।

ਰਾਜੇ ਅਜਮੇਰ ਚੰਦ ਨੇ ਦੋਵੇਂ ਸ਼ਹਿਰਾਂ ਦੀ ਪ੍ਰਤੀ ਏਕੜ ਨਾਲ ਬਣਦੀ ਰਕਮ ਅਦਾ ਕਰਨ ਲਈ ਕਿਹਾ। ਭਾਵੇਂ ਦੋਵੇਂ ਸ਼ਹਿਰਾਂ ਦੀ ਬਣਦੀ ਰਕਮ ਗੁਰੂ ਸਾਹਿਬਾਨਾਂ ਕੋਲੋਂ ਪਹਿਲਾਂ ਹੀ ਅਦਾ ਕੀਤੀ ਜਾ ਚੁੱਕੀ ਸੀ ਪਰ ਫਿਰ ਵੀ ਸੋਢੀ ਭਰਾਵਾਂ ਵੱਲੋਂ ਰਾਜੇ ਅਜਮੇਰ ਚੰਦ ਨੂੰ ਪੂਰੀ ਰਕਮ ਦੁਬਾਰਾ ਅਦਾ ਕੀਤੀ ਗਈ। ਹੁਣ ਗੁਲਾਬ ਸਿੰਘ ਤੇ ਸ਼ਾਮ ਸਿੰਘ ਦੇ ਪਰਿਵਾਰ ਕੀਰਤਪੁਰ ਸਾਹਿਬ ਤੇ ਅਨੰਦਪੁਰ ਸਾਹਿਬ ਦੇ ਮਾਲਕ ਬਣ ਚੁੱਕੇ ਸਨ। ਗੁਲਾਬ ਸਿੰਘ ਨੇ ਅਨੰਦਪੁਰ ਸਾਹਿਬ ਵਿਖੇ ਰਹਿਣਾ ਸ਼ੁਰੂ ਕਰ ਦਿੱਤਾ। ਗੁਲਾਬ ਸਿੰਘ ਨੇ ਆਪਣੇ ਆਪ ਨੂੰ ਸਿੱਖਾਂ ਦਾ ਗੁਰੂ ਕਹਿ ਕੇ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ ਤੇ ਉਹ ਸਿੱਖ ਪਰਿਵਾਰਾਂ ਵੱਲੋਂ ਲਿਆਉਂਦੇ ਤੋਹਫ਼ੇ ਤੇ ਭੇਟਾਵਾਂ ਸਵੀਕਾਰ ਕਰਨ ਲੱਗਾ। ਭਾਈ ਗੁਰਬਖ਼ਸ਼ ਦਾਸ ਨੇ ਗੁਲਾਬ ਸਿੰਘ ਨੂੰ ਅਜਿਹਾ ਕਰਨ ਤੋਂ ਮਨ੍ਹਾ ਕੀਤਾ ਤੇ ਕਿਹਾ ਕਿ ਗੁਰੂ ਜੀ ਦੇ ਹੁਕਮਾਂ ਅਨੁਸਾਰ ਸਾਰੇ ਸਿੱਖਾਂ ਦਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਤਾਂ ਗੁਲਾਬ ਸਿੰਘ ਵੱਲੋਂ ਭਾਈ ਗੁਰਬਖ਼ਸ਼ ਦਾਸ ਨੂੰ ਮਾਰਿਆ-ਕੁਟਿਆ ਗਿਆ। ਇਸ ਤੋਂ ਬਾਅਦ ਭਾਈ ਗੁਰਬਖ਼ਸ਼ ਦਾਸ ਨੇ ਅਨੰਦਪੁਰ ਸਾਹਿਬ ਸ਼ਹਿਰ ਛੱਡ ਦਿੱਤਾ ਤੇ ਨੱਕੀਆਂ ਪਿੰਡ ਜਾ ਕੇ ਰਹਿਣ ਲੱਗਾ। ਜਲਦੀ ਹੀ ਗੁਲਾਬ ਸਿੰਘ ਦੇ ਚਾਰੇ ਪੁੱਤਰਾਂ ਦੀ ਮੌਤ ਹੋ ਗਈ ਤੇ ਗੁਲਾਬ ਸਿੰਘ ਆਪ ਵੀ ਥੋੜ੍ਹੇ ਸਮੇਂ ਬਾਅਦ ਚਲ ਵਸਿਆ। ਗੁਲਾਬ ਸਿੰਘ ਦੀ ਮੌਤ ਪਿੱਛੋਂ ਉਸਦਾ ਭਰਾ ਸ਼ਾਮ ਸਿੰਘ ਅਨੰਦਪੁਰ ਸਾਹਿਬ ਆ ਗਿਆ ਤੇ ਉਸਨੇ ਸਿੱਖ ਪਰਿਵਾਰਾਂ ਕੋਲੋਂ ਤੋਹਫ਼ੇ ਤੇ ਭੇਟਾਵਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਪਰ ਸ਼ਾਮ ਸਿੰਘ ਨੇ ਆਪਣੇ ਆਪ ਨੂੰ ਕਦੇ ਗੁਰੂ ਨਹੀਂ ਸੀ ਕਿਹਾ। ਸ਼ਾਮ ਸਿੰਘ ਸੋਢੀ ਦਾ ਵੰਸ਼ ਅੱਜ ਵੀ ਅਨੰਦਪੁਰ ਸਾਹਿਬ ਵਿਚ ਚੱਲ ਰਿਹਾ ਹੈ। ਸ਼ੁਰੂ ਵਿਚ ਸੋਢੀ ਪਰਿਵਾਰ ਕੋਲ ਸਿਰਫ਼ ਗੁਰੂ ਕੇ ਮਹਲ, ਭੋਰਾ ਸਾਹਿਬ, ਦਮਦਮਾ ਸਾਹਿਬ, ਸੀਸ ਗੰਜ ਸਾਹਿਬ ਤੇ ਅਕਾਲ ਬੁੰਗਾ ਸਾਹਿਬ ਸਥਾਨ ਹੀ ਸਨ। ਬਾਕੀ ਅਨੰਦਪੁਰ ਦਾ ਰਹਿੰਦਾ ਇਲਾਕਾ ਜੋ ਤਬਾਹ ਹੋ ਚੁੱਕਿਆ ਸੀ, ਅਜਮੇਰ ਚੰਦ ਦੇ ਅਧੀਨ ਹੀ ਸੀ। ਅਜਮੇਰ ਚੰਦ ਨੇ ਆਪਣੇ ਆਖ਼ਰੀ ਸਮੇਂ ਵਿਚ ਇਹ ਜ਼ਮੀਨ ਅਨੰਦਪੁਰ ਸਾਹਿਬ ਦੇ ਰਾਜਪੂਤ ਪਰਿਵਾਰਾਂ ਵਿਚ ਵੰਡ ਦਿੱਤੀ ਸੀ। ਸਰਕਾਰੀ ਦਸਤਾਵੇਜਾਂ ਵਿਚ ਅੱਜ ਵੀ ਸ਼ਾਮਿਲ ਹੈ ਕਿ ਚੱਕ ਨਾਨਕੀ ਅਨੰਦਪੁਰ ਸਾਹਿਬ ਦੇ ਨੰਬਰਦਾਰ ਸਰਦਾਰ ਹਰਦਿਆਲ ਸਿੰਘ ਰਾਜਪੂਤ ਪਰਿਵਾਰ ਨਾਲ ਸੰਬੰਧਿਤ ਹਨ। ਮਿਸਲਾਂ

ਦੇ ਸਮੇਂ ਦੌਰਾਨ ਬਹੁਤ ਸਾਰੇ ਸਿੱਖ ਪਰਿਵਾਰ ਕੀਰਤਪੁਰ ਸਾਹਿਬ ਤੇ ਅਨੰਦਪੁਰ ਸਾਹਿਬ ਜਾ ਕੇ ਵਸੇ। ਜਦੋਂ ਕਦੇ ਮੁਗ਼ਲ ਜਾਂ ਬਾਹਰੀ ਹਮਲਾਵਰ ਇਸ ਇਲਾਕੇ 'ਤੇ ਹਮਲਾ ਕਰਦੇ ਤਾਂ ਇੱਥੋਂ ਦੇ ਸਿੱਖ ਪਹਾੜੀ ਇਲਾਕੇ ਨਾਹਨ ਤੇ ਮੰਡੀ ਵੱਲ ਨੂੰ ਪਰਿਵਾਰਾਂ ਸਮੇਤ ਚਲੇ ਜਾਂਦੇ ਸਨ। ਹੋਲੇ-ਮਹੱਲੇ ਦੇ ਸਮੇਂ ਬਹੁਤ ਸਾਰੇ ਸਿੱਖ ਪਰਿਵਾਰ ਅਨੰਦਪੁਰ ਸਾਹਿਬ ਆਉਂਦੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨ ਕੇ ਇੱਥੇ ਹੋਲਾ ਮਹੱਲਾ ਮਨਾਉਂਦੇ ਸਨ। ਸਾਲ 1753 ਵਿਚ ਜਦੋਂ ਸਾਰੇ ਸਿੱਖ ਪਰਿਵਾਰ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਮਨਾ ਰਹੇ ਸਨ ਤਾਂ ਅਦੀਨਾ ਬੇਗ ਜੋ ਜਲੰਧਰ ਦੇ ਇਲਾਕੇ ਦਾ ਮੁਗ਼ਲਾਂ ਦਾ ਮੁੱਖ ਸੂਬੇਦਾਰ ਸੀ, ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਤੇ ਬਹੁਤ ਸਾਰੇ ਸਿੱਖ ਪਰਿਵਾਰਾਂ ਨੂੰ ਕਤਲ ਕੀਤਾ ਗਿਆ।

18ਵੀਂ ਸਦੀ ਦੇ ਦੂਜੇ ਅੱਧ ਵਿਚ ਸਿੱਖਾਂ ਦਾ ਅਨੰਦਪੁਰ ਸਾਹਿਬ ਰਹਿਣਾ ਬੜਾ ਔਖਾ ਸੀ। ਜਦੋਂ ਮੁਗ਼ਲਾਂ ਦਾ ਹਮਲਾ ਹੁੰਦਾ ਤਾਂ ਸਿੱਖ ਪਹਾੜੀ ਇਲਾਕਿਆਂ ਵੱਲ ਨੂੰ ਖਿਸਕ ਜਾਂਦੇ ਤੇ ਬਾਅਦ ਵਿਚ ਫਿਰ ਅਨੰਦਪੁਰ ਸਾਹਿਬ ਵਾਪਸ ਆ ਜਾਂਦੇ। ਇਸ ਔਖੇ ਸਮੇਂ ਦੌਰਾਨ ਭਾਈ ਸ਼ੇਰ ਸਿੰਘ ਤੇ ਬਾਬਾ ਜਲਮਸਤ ਸਿੰਘ ਨੇ ਅਨੰਦਪੁਰ ਸਾਹਿਬ ਰਹਿਣ ਦਾ ਫ਼ੈਸਲਾ ਕੀਤਾ। ਉਹ ਇੱਥੇ ਰਹਿ ਕੇ ਗੁਰੂ ਦੇ ਸਥਾਨਾਂ ਦੀ ਦੇਖਭਾਲ ਕਰਦੇ ਰਹੇ। ਭਾਈ ਸ਼ੇਰ ਸਿੰਘ ਮੁਗ਼ਲਾਂ ਵੱਲੋਂ ਕੀਤੇ ਹਮਲੇ ਵਿਚ ਮਾਰਿਆ ਗਿਆ ਸੀ। ਉਸ ਤੋਂ ਬਾਅਦ ਬਾਬਾ ਜਲਮਸਤ ਸਿੰਘ ਅਨੰਦਪੁਰ ਸਾਹਿਬ ਸੇਵਾ ਨਿਭਾਉਂਦੇ ਰਹੇ। ਇਹਨਾਂ ਦੋਨਾਂ ਤੋਂ ਬਾਅਦ ਲਗਭਗ 10 ਸਾਲ ਬਾਬਾ ਗੁਰਬਖ਼ਸ਼ ਸਿੰਘ ਜੋ ਕਿ ਲੀਲ ਪਿੰਡ ਦੇ ਸਨ, ਉਨ੍ਹਾਂ ਨੇ ਅਨੰਦਪੁਰ ਸਾਹਿਬ ਸੇਵਾ ਨਿਭਾਈ। ਬਾਬਾ ਗੁਰਬਖ਼ਸ਼ ਸਿੰਘ ਆਪਣੇ 30 ਸਾਥੀਆਂ ਨਾਲ ਅੰਮ੍ਰਿਤਸਰ ਅਕਾਲ ਤਖ਼ਤ ਵਿਖੇ ਗਏ ਹੋਏ ਸਨ ਤਾਂ 1 ਦਸੰਬਰ, 1764 ਨੂੰ ਅਹਿਮਦਸ਼ਾਹ ਅਬਦਾਲੀ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਹਨਾਂ 31 ਸਿੰਘਾਂ ਨੇ ਅਹਿਮਦ ਸ਼ਾਹ ਅਬਦਾਲੀ ਦੀ ਅਫ਼ਗਾਨ ਸੈਨਾ ਨਾਲ ਟੱਕਰ ਲਈ ਤੇ ਸ਼ਹੀਦੀ ਪ੍ਰਾਪਤ ਕੀਤੀ। ਇਹਨਾਂ 31 ਸਿੰਘਾਂ ਨੇ ਅਬਦਾਲੀ ਦੇ 3000 ਸੈਨਿਕ ਮੌਤ ਦੇ ਘਾਟ ਉਤਾਰੇ। ਬਾਬਾ ਗੁਰਬਖ਼ਸ਼ ਸਿੰਘ ਦੀ ਸ਼ਹੀਦੀ ਤੋਂ ਬਾਅਦ ਭਾਈ ਸੁੱਖਾ ਸਿੰਘ ਅਨੰਦਪੁਰ ਸਾਹਿਬ ਦੇ ਸਥਾਨਾਂ ਦਾ ਰਖਵਾਲਾ ਬਣਿਆ। ਭਾਈ ਸੁੱਖਾ ਸਿੰਘ ਨੇ ਅਨੰਦਪੁਰ ਸਾਹਿਬ ਰਹਿੰਦੇ ਹੋਏ ਗੁਰਬਿਲਾਸ ਪਾਤਸ਼ਾਹੀ ਦਸਵੀਂ ਦੀ ਰਚਨਾ ਕੀਤੀ। 1790 ਵਿਚ ਬਾਬਾ ਬਘੇਲ ਸਿੰਘ ਜੋ ਕਿ ਕਰੋੜ ਸਿੰਘੀਆ ਮਿਸਲ ਨਾਲ ਸੰਬੰਧ ਰੱਖਦੇ ਸਨ ਤੇ

ਉਹਨਾਂ ਨੇ ਦਿੱਲੀ ਵਿਚ ਵੀ ਗੁਰਦੁਆਰਾ ਸਾਹਿਬ ਬਣਵਾਏ ਸਨ, ਸ੍ਰੀ ਅਨੰਦਪੁਰ ਸਾਹਿਬ ਆਏ। ਅਨੰਦਪੁਰ ਸਾਹਿਬ ਦੇ ਬਹੁਤ ਸਾਰੇ ਗੁਰਦੁਆਰਿਆਂ ਦੀਆਂ ਇਮਾਰਤਾਂ ਬਾਬਾ ਬਘੇਲ ਸਿੰਘ ਵੱਲੋਂ ਬਣਾਈਆਂ ਗਈਆਂ ਹਨ। 19ਵੀਂ ਸਦੀ ਦੀ ਸ਼ੁਰੂਆਤ ਵਿਚ ਪਟਿਆਲਾ ਰਿਆਸਤ ਦੇ ਰਾਜਾ ਕਰਮ ਸਿੰਘ ਤੇ ਉਸਦੇ ਪੁੱਤਰ ਨਰਿੰਦਰ ਸਿੰਘ ਨੇ ਅਨੰਦਪੁਰ ਸਾਹਿਬ ਵਿਚ ਕਈ ਸਰਾਵਾਂ ਬਣਵਾਈਆਂ ਤੇ ਉਹਨਾਂ ਸਰਾਵਾਂ ਨੂੰ ਰਾਜੇ ਦਾ ਬੁੰਗਾ ਕਿਹਾ ਜਾਂਦਾ ਹੈ। 19ਵੀਂ ਸਦੀ ਦੀ ਸ਼ੁਰੂਆਤ ਵਿਚ ਸ਼ਾਮ ਸਿੰਘ ਸੋਢੀ ਦੇ ਪੁੱਤਰ ਨਾਹਰ ਸਿੰਘ ਤੇ ਉਸ ਤੋਂ ਬਾਅਦ ਸ਼ਾਮ ਸਿੰਘ ਦੇ ਪੋਤਰੇ ਸੁਰਜਨ ਸਿੰਘ ਸੋਢੀ ਨੇ ਅਨੰਦਪੁਰ ਸਾਹਿਬ ਦੀ ਵਾਗਡੋਰ ਆਪਣੇ ਕੋਲ ਸੰਭਾਲੀ ਹੋਈ ਸੀ। 1812 ਈ. ਵਿਚ ਅਜਮੇਰ ਚੰਦ ਦੇ ਪੋਤਰੇ ਮਾਹਨ ਚੰਦ ਨੇ ਸੁਰਜਨ ਸਿੰਘ ਨੂੰ ਸਾਲਾਨਾ ਕਰ ਅਦਾ ਕਰਨ ਲਈ ਕਿਹਾ। ਸੁਰਜਨ ਸਿੰਘ ਸੋਢੀ ਨੂੰ ਇਹ ਗੱਲ ਸਹੀ ਨਹੀਂ ਲੱਗੀ, ਕਿਉਂਕਿ ਉਸਦੇ ਪਿਤਾ ਪੁਰਖਿਆਂ ਨੇ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਦੀ ਜ਼ਮੀਨ ਦੇ ਬਦਲੇ 'ਚ ਬਣਦੀ ਰਕਮ ਅਜਮੇਰ ਚੰਦ ਨੂੰ ਅਦਾ ਕਰ ਦਿੱਤੀ ਸੀ। ਸੁਰਜਨ ਸਿੰਘ ਸੋਢੀ ਨੇ ਆਪਣੇ ਨਾਲ ਦੇ ਸਿੱਖ ਸਾਥੀਆਂ ਨਾਲ ਸਲਾਹ ਕਰਕੇ ਕਰ ਅਦਾ ਕਰਨ ਤੋਂ ਮਨ੍ਹਾ ਕਰ ਦਿੱਤਾ। ਮਾਹਨ ਚੰਦ ਨੂੰ ਜਦੋਂ ਇਹ ਖ਼ਬਰ ਮਿਲੀ ਤਾਂ ਉਸਨੇ ਸੁਰਜਨ ਸਿੰਘ ਸੋਢੀ ਨੂੰ ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਦੀ ਧਮਕੀ ਦਿੱਤੀ। ਉਸ ਸਮੇਂ ਹੀ ਹੁਕਮ ਸਿੰਘ ਚਿਮਨੀ ਜੋ 1814 ਤੋਂ 1818 ਤੱਕ ਹਜਾਰਾ ਦਾ ਸੂਬੇਦਾਰ ਸੀ ਤੇ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਦਾ ਮੁੱਖ ਸਿਪਾਹੀ ਸੀ, ਅਨੰਦਪੁਰ ਸਾਹਿਬ ਵੱਲ ਆਪਣੀ ਸੈਨਾ ਲੈ ਕੇ ਆਇਆ ਹੋਇਆ ਸੀ। ਜਦੋਂ ਹੁਕਮ ਸਿੰਘ ਚਿਮਨੀ ਨੂੰ ਮਾਹਨ ਚੰਦ ਦੇ ਅਨੰਦਪੁਰ ਹਮਲੇ ਦੀ ਯੋਜਨਾ ਦਾ ਪਤਾ ਲੱਗਾ ਤਾਂ ਉਸਨੇ ਆਪਣੀ ਸੈਨਾ ਨਾਲ ਮਾਹਨ ਚੰਦ ਦੀ ਸੈਨਾ ਨੂੰ ਹਰਾਇਆ ਤੇ ਭਾਂਜ ਦਿੱਤੀ। ਆਪਣੀ ਸੈਨਾ ਦਾ ਬਹੁਤ ਜ਼ਿਆਦਾ ਨੁਕਸਾਨ ਹੁੰਦਾ ਵੇਖਕੇ ਮਾਹਨ ਚੰਦ ਨੇ ਹੁਕਮ ਸਿੰਘ ਦੀ ਈਨ ਮੰਨ ਲਈ ਤੇ ਅਨੰਦਪੁਰ ਸਾਹਿਬ 'ਤੇ ਕੋਈ ਵੀ ਟੈਕਸ ਨਾ ਲੈਣਾ ਮਨਜ਼ੂਰ ਕਰ ਲਿਆ। ਨਾਲ ਹੀ ਯੁੱਧ ਦੇ ਹਰਜਾਨੇ ਵਜੋਂ ਹੁਕਮ ਸਿੰਘ ਚਿਮਨੀ ਨੂੰ ਰਕਮ ਅਦਾ ਕੀਤੀ।

1814 ਵਿਚ ਮਹਾਰਾਜਾ ਰਣਜੀਤ ਸਿੰਘ ਤੇ ਅਕਾਲੀ ਫੂਲਾ ਸਿੰਘ ਵਿਚਕਾਰ ਮਤਭੇਦ ਹੋ ਜਾਣ ਕਾਰਨ ਅਕਾਲੀ ਫੂਲਾ ਸਿੰਘ ਅਗਸਤ 28, 1814 ਨੂੰ ਅੰਮ੍ਰਿਤਸਰ ਛੱਡ ਕੇ ਸ੍ਰੀ ਅਨੰਦਪੁਰ ਸਾਹਿਬ ਆ ਗਏ। ਉਸ ਸਮੇਂ

ਹੀ ਸਤੰਬਰ 29, 1814 ਨੂੰ ਜੀਂਦ ਰਿਆਸਤ ਦਾ ਰਾਜਾ ਪ੍ਰਤਾਪ ਸਿੰਘ ਜੋ ਅੰਗਰੇਜ਼ਾਂ ਦੇ ਵਿਰੋਧ ਵਿਚ ਸੀ, ਅੰਗਰੇਜ਼ਾਂ ਤੋਂ ਬਚ ਕੇ ਅਨੰਦਪੁਰ ਸਾਹਿਬ ਪਹੁੰਚ ਗਿਆ ਤੇ ਇੱਥੇ ਹੀ ਉਸਨੇ ਸ਼ਰਨ ਲੈ ਲਈ। ਅੰਗਰੇਜ਼ੀ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ, ਨਾਭੇ ਦੇ ਰਾਜੇ ਜਸਵੰਤ ਸਿੰਘ ਤੇ ਮਲੇਰਕੋਟਲੇ ਦੇ ਨਵਾਬ ਤੋਂ ਮਦਦ ਲਈ ਤੇ ਇਹਨਾਂ ਤਿੰਨਾਂ ਸਾਂਝੀਆਂ ਸੈਨਾਵਾਂ ਅਨੰਦਪੁਰ ਸਾਹਿਬ ਵੱਲ ਅਕਾਲੀ ਫੂਲਾ ਸਿੰਘ ਤੇ ਰਾਜਾ ਪ੍ਰਤਾਪ ਸਿੰਘ ਨੂੰ ਬੰਦੀ ਬਣਾਉਣ ਲਈ ਗਈਆਂ ਪਰ ਕੁਝ ਸਮੇਂ ਬਾਅਦ ਹੀ ਸਾਹਿਬ ਸਿੰਘ ਬੇਦੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਤੇ ਅਕਾਲੀ ਫੂਲਾ ਸਿੰਘ ਵਿਚਕਾਰ ਸਮਝੌਤਾ ਕਰਵਾ ਦਿੱਤਾ ਗਿਆ। ਅਕਾਲੀ ਫੂਲਾ ਸਿੰਘ ਸਮਝੌਤਾ ਹੋਣ ਤੋਂ ਬਾਅਦ ਅੰਮ੍ਰਿਤਸਰ ਵਾਪਿਸ ਚਲੇ ਗਏ। 1815 ਤੋਂ ਬਾਅਦ ਭਾਈ ਕਰਮ ਸਿੰਘ, ਬਾਬਾ ਖੜਕ ਸਿੰਘ, ਭਾਈ ਬੁੱਧ ਸਿੰਘ, ਭਾਈ ਪੂਰਨ ਸਿੰਘ ਤੇ ਭਾਈ ਅਮਰ ਸਿੰਘ ਨੇ ਅਨੰਦਪੁਰ ਸਾਹਿਬ ਸ਼ਹਿਰ ਤੇ ਗੁਰੂ ਸਥਾਨਾਂ ਦੀ ਦੇਖਭਾਲ ਕੀਤੀ। 1815 ਤੋਂ 1900 ਈ. ਤੱਕ ਇਹਨਾ ਸਿੱਖ ਸ਼ਰਧਾਲੂਆਂ ਦੁਆਰਾ ਹੀ ਅਨੰਦਪੁਰ ਸਾਹਿਬ ਵਿਚ ਸਮੇਂ-ਸਮੇਂ 'ਤੇ ਕੰਮ ਕਰਵਾਏ ਗਏ ਤੇ ਸ਼ਹਿਰ ਨੂੰ ਆਬਾਦ ਰੱਖਿਆ ਗਿਆ। 20ਵੀਂ ਸਦੀ ਦੀ ਸ਼ੁਰੂਆਤ ਵਿਚ ਬਾਬਾ ਸੰਪੂਰਨ ਸਿੰਘ ਸ੍ਰੀ ਕੇਸਗੜ੍ਹ ਸਾਹਿਬ ਪਹੁੰਚੇ ਤੇ ਇਸ ਸਮੇਂ ਸ੍ਰੀ ਅਨੰਦਪੁਰ ਸਾਹਿਬ ਤੇ ਕੇਸਗੜ੍ਹ ਸਾਹਿਬ ਦੀ ਦੇਖਭਾਲ ਉਨ੍ਹਾਂ ਦੇ ਹਿੱਸੇ ਆ ਗਈ।

ਬਾਬਾ ਸੰਪੂਰਨ ਸਿੰਘ ਬਹੁਤ ਬੁੱਧੀਮਾਨ ਵਿਅਕਤੀ ਸਨ। ਉਹਨਾਂ ਨੂੰ ਦਵਾਖਾਨੇ ਦੀ ਬਹੁਤ ਜਾਣਕਾਰੀ ਸੀ। ਬਹੁਤ ਲੰਬੇ ਸਮੇਂ ਉਹ ਅਨੰਦਪੁਰ ਸਾਹਿਬ ਰਹੇ ਤੇ ਗੁਰੂ ਸਥਾਨਾਂ ਤੇ ਅਨੰਦਪੁਰ ਵਾਸੀਆਂ ਦੀ ਸੇਵਾ ਕਰਦੇ ਰਹੇ। ਉਹਨਾਂ ਤੋਂ ਬਾਅਦ ਭਾਈ ਅਮਰ ਸਿੰਘ ਜੀ ਨੇ ਅਨੰਦਪੁਰ ਸਾਹਿਬ ਸ਼ਹਿਰ ਵਿਚ ਗੁਰੂ ਸਥਾਨਾਂ ਦੀ ਸੇਵਾ ਕੀਤੀ। ਭਾਈ ਅਮਰ ਸਿੰਘ ਆਪਣੀ ਜ਼ਿੰਦਗੀ ਦੇ ਆਖ਼ਰੀ ਸਾਹ ਤੱਕ ਅਨੰਦਪੁਰ ਸਾਹਿਬ ਰਹੇ ਤੇ 1948 ਵਿਚ ਇੱਥੇ ਹੀ ਉਹਨਾਂ ਦੀ ਮੌਤ ਹੋਈ। ਭਾਈ ਅਮਰ ਸਿੰਘ ਦੇ ਸਮੇਂ ਦੌਰਾਨ ਹੀ ਉਹਨਾਂ ਨੇ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਭਾਈ ਬਖ਼ਸ਼ੀਸ਼ ਸਿੰਘ ਨੂੰ ਮੁੱਖ ਗ੍ਰੰਥੀ ਵੀ ਲਗਾਇਆ। ਭਾਈ ਬਖ਼ਸ਼ੀਸ਼ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪਹਿਲੇ ਮੈਂਬਰ ਸਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਅਨੰਦਪੁਰ ਸਾਹਿਬ ਸਿੱਖਾਂ ਦੇ ਕੈਂਪ, ਸੈਮੀਨਾਰ ਤੇ ਜ਼ਰੂਰੀ ਇੱਕਤਰਤਾ ਦਾ ਸਥਾਨ ਬਣ ਗਿਆ। ਸ਼੍ਰੋਮਣੀ ਅਕਾਲੀ ਦਲ ਤੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਮੈਂਬਰਾਂ ਨੇ ਬਹੁਤ ਸਾਰੇ

ਧਾਰਮਿਕ ਕੈਂਪ ਅਨੰਦਪੁਰ ਸਾਹਿਬ ਵਿਖੇ ਲਗਾਏ। ਮਾਸਟਰ ਤਾਰਾ ਸਿੰਘ ਜੀ ਵੱਲੋਂ ਜੋ ਲਹਿਰ ਪੰਜਾਬੀ ਸੂਬੇ ਦੀ ਮੰਗ ਨੂੰ ਲੈ ਕੇ ਚਲਾਈ ਗਈ ਸੀ, ਉਹ ਵੀ ਸਭ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਦੇ ਰੇਲਵੇ ਸਟੇਸ਼ਨ ਤੋਂ ਸ਼ੁਰੂ ਹੋਈ। 8 ਮਾਰਚ, 1966 ਨੂੰ ਪੰਜਾਬੀ ਸੂਬੇ ਦੀ ਮੰਗ ਨੂੰ ਲੈ ਕੇ ਸਭ ਤੋਂ ਪਹਿਲਾਂ ਹਿੰਦੀ ਵਿਚ ਲਿਖਿਆ ਬੋਰਡ ਅਨੰਦਪੁਰ ਸਾਹਿਬ ਰੇਲਵੇ ਸਟੇਸ਼ਨ ਤੋਂ ਹਟਾਇਆ ਗਿਆ ਸੀ। ਪੰਜਾਬੀ ਸੂਬੇ ਲਈ ਸ੍ਰੀ ਅਨੰਦਪੁਰ ਸਾਹਿਬ ਮਤਾ ਵੀ ਇੱਥੇ ਮਤਾ ਪਾਸ ਕੀਤਾ ਗਿਆ ਸੀ। ਅਪ੍ਰੈਲ 1999 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖ਼ਾਲਸਾ ਪੰਥ ਦੀ ਸਾਜਨਾ ਦੇ 300 ਸਾਲ ਪੂਰੇ ਹੋਣ ’ਤੇ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਤੇ 300 ਸਾਲਾ ਮਨਾਇਆ ਗਿਆ। ਸਰਕਾਰੀ ਰਿਕਾਰਡ ਅਨੁਸਾਰ 8 ਅਪ੍ਰੈਲ ਤੋਂ ਲੈ ਕੇ 14 ਅਪ੍ਰੈਲ, 1999 ਤੱਕ ਕੁੱਲ 80 ਲੱਖ ਸਿੱਖ ਅਨੰਦਪੁਰ ਸਾਹਿਬ ਨਤਮਸਤਕ ਹੋਏ ਤੇ ਇਹਨਾਂ ਛੇ ਦਿਨਾਂ ਵਿਚ 80 ਲੱਖ ਸਿੱਖਾਂ ਦਾ ਅਨੰਦਪੁਰ ਸਾਹਿਬ ਆਉਣਾ ਇਕ ਰਿਕਾਰਡ ਕਾਇਮ ਹੋਣ ਵਾਲੀ ਗੱਲ ਸੀ। 1925 ਤੋਂ ਲੈ ਕੇ ਵਰਤਮਾਨ ਸਮੇਂ ਤੱਕ ਸ੍ਰੀ ਕੀਰਤਪੁਰ ਸਾਹਿਬ ਤੇ ਸ੍ਰੀ ਅਨੰਦਪੁਰ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਅਧੀਨ ਹੈ। ਗੁਰੂ ਸਾਹਿਬਾਨ ਦੇ ਸਾਰੇ ਸਥਾਨ ਤੇ ਸਾਰੇ ਕਿਲ੍ਹੇ ਸ਼੍ਰੋਮਣੀ ਕਮੇਟੀ ਦੇ ਅਧੀਨ ਹਨ ਤੇ ਉਹਨਾਂ ਦਾ ਸੰਚਾਲਨ ਸੁਚੱਜੇ ਢੰਗ ਨਾਲ ਚੱਲ ਰਿਹਾ ਹੈ।

**ਦਰਸ਼ਨ ਕਰਨਯੋਗ ਅਸਥਾਨ :**

ਸ੍ਰੀ ਕੇਸਗੜ੍ਹ ਸਾਹਿਬ ਤਖ਼ਤ ਗੁਰਦੁਆਰਾ ਸਾਹਿਬ, ਪੰਜ ਨਵੇਂ ਉਸਾਰੇ ਕਿਲ੍ਹੇ, ਗੁਰਦੁਆਰਾ ਸੀਸ ਗੰਜ ਸਾਹਿਬ ਜਿੱਥੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ, ਮਾਤਾ ਸਾਹਿਬ ਕੌਰ ਦਾ ਤਪ ਅਸਥਾਨ, ਬਾਉਲੀ ਸਾਹਿਬ, ਗੁਰਦੁਆਰਾ ਥੜਾ ਸਾਹਿਬ ਜਿੱਥੇ ਗੁਰੂ ਗੋਬਿੰਦ ਸਿੰਘ ਸੰਗਤਾਂ ਨੂੰ ਮੁਖ਼ਾਤਿਬ ਹੁੰਦੇ ਸਨ, ਗੁਰੂ ਕੇ ਮਹਿਲ, ਭੌਰਾ ਸਾਹਿਬ ਜਿੱਥੇ ਸ੍ਰੀ ਗੁਰੂ ਤੇਗ਼ ਬਹਾਦਰ ਨੇ ਤਪ ਕੀਤਾ ਤੇ ਮੋੜੀ ਗੱਡੀ, ਜਨਮ-ਅਸਥਾਨ ਤਿੰਨ ਸਾਹਿਬਜ਼ਾਦਿਆਂ ਦਾ (ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ), ਦਸਮ ਪਾਤਸ਼ਾਹੀ ਦਾ ਗੁਰ-ਗੱਦੀ ਅਸਥਾਨ, ਵਿਰਾਸਤ-ਏ-ਖ਼ਾਲਸਾ ਆਦਿਕ।

ਇਸ ਤੋਂ ਬਿਨਾਂ ਸੰਗਤਾਂ ਦੀ ਸਹੂਲਤ ਲਈ ਪੁੱਛਗਿੱਛ ਦਫ਼ਤਰ, ਮੈਨੇਜਰ ਦਫ਼ਤਰ, ਗੁਰੂ ਕਾ ਲੰਗਰ, ਮੀਟਿੰਗ-ਹਾਲ, ਪ੍ਰਬੰਧਕੀ ਕਰਮਚਾਰੀਆਂ ਦੇ

ਰਿਹਾਇਸ਼ੀ ਕਮਰੇ, ਵਾਸ਼-ਰੂਮ, ਐਨ. ਆਰ. ਆਈ. ਲਈ ਰਿਹਾਇਸ਼ੀ ਕਮਰੇ, ਜੋੜਾ-ਘਰ ਆਦਿਕ ਸੁੰਦਰੀਕਰਨ ਕੀਤੇ ਗਏ ਹਨ। ਹੋਰ ਕਾਰ ਸੇਵਾ ਵੀ ਚੱਲ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਪੂਰੇ ਜ਼ੋਰ-ਸ਼ੋਰ ਨਾਲ ਇਸ ਅਸਥਾਨ ਨੂੰ ਨਵਾਂ ਰੂਪ ਦੇ ਰਹੀ ਹੈ। ਇਸ ਵੇਲੇ ਸ੍ਰੀ ਅਨੰਦਪੁਰ ਸਾਹਿਬ ਜ਼ਿਲ੍ਹਾ ਰੂਪਨਗਰ ਦੀ ਪ੍ਰਮੁੱਖ ਤਹਿਸੀਲ ਹੈ ਜਿੱਥੋਂ ਨੈਣਾਂ ਦੇਵੀ ਮੰਦਿਰ ਨੂੰ ਸੜਕ (12 ਕਿਲੋਮੀਟਰ) ਜਾਂਦੀ ਹੈ ਅਤੇ ਭਾਖੜਾ ਨੰਗਲ ਡੈਮ ਹਾਈਵੇ 'ਤੇ ਲਗਭਗ 20-22 ਕਿਲੋਮੀਟਰ ਹੈ। ਭਰਵਾਂ ਬਾਜ਼ਾਰ ਹੈ, ਸਿਵਲ ਹਸਪਤਾਲ, ਉਪ-ਮੰਡਲ ਦਫ਼ਤਰ, ਕਚਹਿਰੀਆਂ, ਵਪਾਰਕ ਅਦਾਰੇ, ਕੰਪਨੀਆਂ ਦੇ ਦਫ਼ਤਰ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਦਫ਼ਤਰ, ਸਿੱਖਿਆ ਵਿਭਾਗ ਸੰਸਥਾਵਾਂ ਤੇ ਕਾਲਜ, ਨਵੀਆਂ ਇਮਾਰਤਾਂ ਆਦਿ ਉਸਰ ਰਹੀਆਂ ਹਨ। ਸੈਲਾਨੀਆਂ ਦੇ ਆਉਣ-ਜਾਣ ਦੀ ਗਹਿਮਾ-ਗਹਿਮੀ ਲੱਗੀ ਰਹਿੰਦੀ। ਸਿੱਖ ਧਰਮ ਅਤੇ ਗੁਰੂ ਸਾਹਿਬਾਨ ਦੇ ਗੁਰਪੁਰਬ, ਕਾਨਫਰੰਸਾਂ, ਸਾਹਿਤਕ ਤੇ ਸਭਿਆਚਾਰਕ ਸਮਾਗਮਾਂ ਦਾ ਕੇਂਦਰ ਬਣ ਗਿਆ ਹੈ। ਇਸ ਵੇਲੇ ਸ੍ਰੀ ਅਨੰਦਪੁਰ ਸਾਹਿਬ ਵਿਕਾਸ ਅਤੇ ਪ੍ਰਗਤੀ ਦੇ ਪੰਧ ਵਾਲਾ ਨਗਰ ਬਣਦਾ ਜਾ ਰਿਹਾ ਹੈ। ਪੁਆਧ ਖੇਤਰ ਦੀ ਖ਼ਾਲਸਾ ਪੰਥ ਦੀ ਜਨਮ-ਭੂਮੀ ਸ੍ਰੀ ਅਨੰਦਪੁਰ ਸਾਹਿਬ ਸਿੱਖ ਗੁਰੂ ਸਾਹਿਬਾਨ ਦੀ ਵਰੋਸਾਈ ਹੋਈ ਹੈ।

**ਪੀ. ਜੀ., ਇਤਿਹਾਸ ਵਿਭਾਗ,**
**ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ**
**ਸ੍ਰੀ ਅਨੰਦਪੁਰ ਸਾਹਿਬ।**
**ਮੋ. 94645-21622**

●

# ਦੂਜਾ ਖੰਡ
(ਸਿੱਖ ਇਤਿਹਾਸ ਨਾਲ ਸਬੰਧਿਤ
ਦ੍ਰਿਸ਼ ਚਿਤਰਨ)

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸ਼ਹਾਦਤ ਦੇਣ ਲਈ ਤੁਰਨ ਵੇਲਾ

• ਮਨਮੋਹਨ ਸਿੰਘ ਦਾਊਂ

ਸ਼ਿਵਾਲਿਕ ਦੀਆਂ ਪਹਾੜੀਆਂ ਦੀ ਪੂਰਬੀ ਗੁੱਠ ਤੋਂ ਅੱਜ ਵੀ ਸੂਰਜ ਉਦੈ ਹੋਇਆ। ਸਾਵਣ ਦਾ ਮਹੀਨਾ ਚੁਫ਼ੇਰੇ ਹਰਿਆਵਲ ਵੰਡ ਰਿਹਾ ਸੀ। ਬਿਰਖ਼ਾਂ 'ਤੇ ਬਾਰਸ਼ ਕਾਰਨ ਗਰਦ-ਗੁਬਾਰ ਧੁਲ ਚੁੱਕੀ ਸੀ। ਇਕ ਗਰਦ-ਗੁਬਾਰ ਨੂਰੀ ਸੂਰਜ ਨੇ ਧੋਅ ਦੇਣੀ ਸੀ। ਪਹਾੜੀਆਂ ਖ਼ਾਮੋਸ਼ ਸਨ। ਬਿਰਖ਼ ਵੀ ਸਵੇਰੇ-ਸਵੇਰੇ ਅਡੋਲ ਜਾਪ ਰਹੇ ਸਨ। ਪੰਛੀ ਵੀ ਆਪਣੀ ਉਡਾਣ ਦੀ ਉਡੀਕ ਵਿਚ ਸਨ। ਚਾਰੇ ਪਾਸੇ ਵਿਸਮਾਦੀ ਰੰਗ ਦਾ ਪਹਿਰਾ ਸੀ।

ਗੁਰੂ ਤੇਗ਼ ਬਹਾਦਰ ਦੀ ਵਰੋਸਾਈ ਧਰਤੀ ਮਾਤਾ ਨਾਨਕੀ ਚੱਕ ਹੁਣ ਅਨੰਦਪੁਰੀ ਬਣ ਗਿਆ ਸੀ। ਸੁਰੱਖਿਆ ਲਈ ਗੁਰੂ ਪਰਿਵਾਰ ਇਕ ਕਿਲ੍ਹਾਨੁਮਾ ਠਾਠ 'ਚ ਰਹਿ ਰਿਹਾ ਸੀ। ਵਿਰੋਧੀ ਤੇ ਦੁਸ਼ਮਣ ਪਹਾੜੀ ਰਾਜਿਆਂ ਦੀ ਅੱਖ ਕੈਰੀ ਸੀ। ਕਸ਼ਮੀਰ ਤੋਂ ਪੰਡਿਤ ਕਿਰਪਾ ਰਾਮ ਦੀ ਟੋਲੀ ਗੁਰੂ ਜੀ ਦਾ ਧਰਵਾਸ ਲੈ ਕੇ ਮੁੜੀ ਨੂੰ ਕਈ ਮਹੀਨੇ ਹੋ ਗਏ ਸਨ। ਕੀ ਵਾਪਰੇਗਾ, ਕਿਸੇ ਨੂੰ ਕੁਝ ਨਹੀਂ ਸੀ ਪਤਾ। ਕਸ਼ਮੀਰ ਦਾ ਗਵਰਨਰ ਇਫ਼ਤਖਾਰ ਖ਼ਾਨ ਉੱਸਲਵੱਟੇ ਲੈ ਰਿਹਾ ਸੀ। ਦਿੱਲੀ ਔਰੰਗਜ਼ੇਬ ਨੂੰ ਸੂਚਨਾ ਦੇ ਦਿੱਤੀ ਗਈ ਕਿ ਸਿੱਖਾਂ ਦਾ ਨੌਂਵਾਂ ਗੁਰੂ ਆ ਕੇ ਆਪੇ ਹਿੰਦੂਆਂ ਦੀ ਰੱਖਿਆ ਲਈ ਪੇਸ਼ੀਨਗੋਈ ਤਸਲੀਮ ਕਰੇਗਾ। ਪੰਡਿਤ ਕਿਰਪਾ ਰਾਮ ਨੇ ਤਸੱਲੀ ਦੀ ਗੰਢ ਬੰਨ੍ਹੀ ਹੋਈ ਸੀ ਤੇ ਆਉਣ ਵਾਲੇ ਸਮੇਂ ਲਈ ਫ਼ਿਕਰਮੰਦੀ 'ਚ ਸੀ। ਉਸ ਦੇ ਕੰਨ ਅਨੰਦਪੁਰੀ ਨੂੰ ਲੱਗੇ ਹੋਏ ਸਨ। ਸੰਗਤਾਂ ਜੁੜਨੀਆਂ ਸ਼ੁਰੂ ਹੋ ਗਈਆਂ। ਗੁਰੂ ਜੀ ਨੇ ਆਪਣੀ ਕਾਰਜ-ਸੂਚੀ ਤਿਆਰ ਕਰ ਲਈ ਸੀ। ਗੁਰੂ ਜੀ ਨਾਲ ਸੰਗਤ ਦਾ ਮੋਹ ਅਣਕਿਆਸਿਆ ਹੋ ਗਿਆ ਸੀ। ਹਰ ਕੋਈ ਗੁਰੂ ਜੀ ਦੇ ਤੁਰਨ ਵੇਲੇ ਲਈ ਬਿਹਬਲ ਹੋ ਰਿਹਾ ਸੀ। ਗੁਰੂ ਜੀ ਦਾ ਸੰਗ ਵਡਮੁੱਲਾ ਸੀ। ਗੁਰੂ ਜੀ ਨੇ ਹਾਜ਼ਰ ਸੰਗਤ ਨੂੰ ਨੂਰਾਨੀ ਤੱਕਣੀ ਨਾਲ ਨਿਹਾਰਿਆ। ਅਕੀਦਤ ਕੀਤੀ। ਇਕ ਜਲੋਅ ਗੁਰੂ ਜੀ ਦੇ ਚਿਹਰੇ 'ਤੇ ਸੀ ਤੇ ਇਕ ਜਲੌਅ ਸੰਗਤ ਦੇ ਹਿਰਦਿਆਂ 'ਚ ਉਮੜ ਰਿਹਾ ਸੀ। ਕਿਲ੍ਹੇ 'ਤੇ ਸੂਰਜ ਦੀਆਂ ਕਿਰਨਾਂ ਸੁਨਹਿਰੀ ਭਾਹ ਮਾਰ ਰਹੀਆਂ ਸਨ। ਕਿਲ੍ਹੇ ਦਾ ਅੰਦਰ ਸ਼ਬਦੀ ਚਾਨਣ ਨਾਲ ਭਰਿਆ ਹੋਇਆ ਸੀ ਤੇ ਕਿਲ੍ਹੇ ਦੀ ਦਹਿਲੀਜ਼ ਤੋਂ ਇਕ ਅਗੰਮੀ-ਨੂਰ ਨੇ ਚਾਨਣ ਵੰਡਣ ਲਈ ਤੁਰਨਾ ਸੀ। ਬੜਾ ਕੁਝ

ਤਿਆਗਣਾ ਸੀ ਤੇ ਬੜਾ ਕੁਝ ਜ਼ਿੰਮੇਵਾਰੀਆਂ ਦਾ ਬੋਝ ਬਾਲ ਗੋਬਿੰਦ ਰਾਏ ਦੇ ਮਾਸੂਮ ਮੋਢਿਆਂ 'ਤੇ ਪਾਉਣਾ ਸੀ। ਚਰੰਜਵੀਂ ਅਉਸਰ ਅੱਗੇ ਇਕ ਦਹਾਕਾ ਅਉਸਰ ਦੀ ਪ੍ਰੀਖਿਆ ਦਾ ਵੇਲਾ ਖੜੋਤਾ, ਨੂਰੋ-ਨੂਰ ਹੋ ਰਿਹਾ ਸੀ। ਸੰਗਤਾਂ 'ਚ ਉਦਾਸੀ ਦਾ ਆਲਮ ਸੀ। ਪੂਰਬ ਤੋਂ ਉਦੈ ਹੋਏ ਚਾਨਣ ਨੇ ਪੂਰਬ ਦੇ ਕੂੜ-ਤਖ਼ਤ ਦਿੱਲੀ ਨੂੰ ਹਰਾਉਣਾ ਸੀ। ਇਕ ਪਾਸੇ ਹਥਿਆਰਾਂ ਤੇ ਸੱਤਾ ਦਾ ਜਬਰ ਸੀ ਤੇ ਦੂਜੇ ਪਾਸੇ ਸ਼ਬਦ-ਸ਼ਕਤੀ ਤੇ ਸਹਿਣਸ਼ੀਲਤਾ ਦਾ ਪ੍ਰਕਾਸ਼ ਸੀ। ਸਮਾਂ ਦੁਚਿੱਤੀ ਵਿਚ ਸੀ, ਪਰ ਸਿਰੜ ਬੇਖ਼ੌਫ਼ (ਨਿਰਭਉ) ਸੀ।

ਸੰਗਤ 'ਤੇ ਉੱਡਦਾ ਹੋਇਆ ਬੱਦਲ ਸ਼ਾਮਿਆਨੇ ਵਾਂਗ ਠੰਢਕ ਵਰਤਾਅ ਰਿਹਾ ਸੀ। ਗੁਰੂ ਜੀ ਨੇ ਮਰਿਯਾਦਾ ਦੀ ਪਾਲਣਾ ਕਰਦਿਆਂ ਪੁੱਤਰ ਗੋਬਿੰਦ ਰਾਏ ਨੂੰ ਮੱਥੇ ਰੂਹਾਨੀ ਤਿਲਕ ਲਾ ਕੇ ਵਾਰਸ ਬੰਨ੍ਹ ਦਿੱਤਾ। ਇਕ ਜੋਤ ਨਾਲ ਦੂਜੀ ਜੋਤ ਪ੍ਰਜਵੱਲਤ ਹੋ ਗਈ। ਗੁਰੂ ਜੀ ਨੇ ਅਰਧੰਗੀ ਗੁਜਰੀ ਨੂੰ ਆਪਣੀ ਤੱਕਣੀ ਨਾਲ ਬਲ-ਬੁੱਧ ਕਰ ਦਿੱਤਾ। ਗੁਜਰੀ ਜੀ ਨੇ ਸਿਰ 'ਤੇ ਲਿਆ ਦੁਪੱਟਾ ਸਾਂਭਦਿਆਂ, ਆਪਣੀ ਵਫ਼ਾਦਾਰੀ ਅਤੇ ਅਡੋਲਤਾ ਦਾ ਸਬੂਤ ਦਿੱਤਾ। ਬਹੁਤ ਕੁਝ ਸੁਣਨ ਨਾਲੋਂ ਖ਼ਾਮੋਸ਼ੀ ਨੇ ਅਰਥਾਂ ਨੂੰ ਤਸਦੀਕ ਕਰ ਦਿੱਤਾ। ਲੰਮੇ ਸਫ਼ਰ ਦੇ ਬਿਰਤਾਂਤ, ਪਲਾਂ-ਛਿਣਾਂ 'ਚ ਮੁੱਕ ਜਾਣੇ ਸਨ। ਇਕ ਨਵਾਂ ਅਧਿਆਇ ਪ੍ਰਾਰੰਭ ਹੋਣ ਵਾਲਾ ਸੀ। ਗੁਜਰੀ ਜੀ ਨੇ ਵੱਡਾ ਜਿਗਰਾ ਕਰਕੇ ਭਵਿੱਖ ਨੂੰ ਸਮਝ ਲਿਆ ਸੀ। ਸਿਰ ਦੇ ਸਾਈਂ ਪਤੀ ਗੁਰੂ ਲਈ ਅਰਦਾਸ ਬਣੀ ਗੁਜਰੀ, ਸਿੱਖੀ ਦਾ ਥੰਮ੍ਹ ਬਣੀ ਖੜ੍ਹੋਤੀ ਸੀ ਅਤੇ ਲਡਿਕੇ ਪੁੱਤਰ ਲਈ ਅਸੀਸਾਂ ਦੀਆਂ ਛੱਲਾਂ ਦਾ ਪ੍ਰਤੀਕ ਬਣ ਗਈ ਸੀ।

ਗੋਬਿੰਦ ਰਾਏ ਦਾ ਮਾਮਾ ਕਿਰਪਾਲ ਚੰਦ ਗੁਰੂ ਜੀ ਦੇ ਬੋਲਾਂ ਨੂੰ ਪੱਲੇ ਬੰਨ੍ਹ ਰਿਹਾ ਸੀ। "ਹੁਣ ਗੋਬਿੰਦ ਤੁਹਾਡੇ ਜ਼ਿੰਮੇ ਹੈ, ਹਰ ਤਰ੍ਹਾਂ ਨਾਲ ਸਿੱਖਿਆ ਦਾ ਖ਼ਿਆਲ ਰੱਖਣਾ।" ਗੁਰੂ ਜੀ ਕਿਰਪਾਲ ਚੰਦ ਨੂੰ ਜ਼ਿੰਮੇਵਾਰੀ ਸੌਂਪ ਰਹੇ ਸਨ। ਇਹ ਕਿਹੋ ਜਿਹਾ ਗੂੜ੍ਹਾ ਰਿਸ਼ਤਾ ਸੀ ਜੋ ਮੁਹੱਬਤ ਦਾ ਸ਼ਗੁਫ਼ਾ ਬਣ ਗਿਆ ਸੀ ਜਦੋਂਕਿ ਗੁਰ-ਗੱਦੀ ਦੇ ਲੋਭੀ ਰਾਜ-ਸੱਤਾ ਦੇ ਕੰਨ ਭਰ ਰਹੇ ਸਨ।

ਗੁਰੂ ਜੀ ਦੀ ਵੱਡੀ ਭੈਣ ਬੀਰੋ ਭੈਣ-ਭਰਾ ਦੇ ਪਿਆਰ 'ਚ ਗੜੂੰਦ ਗੁਰੂ-ਵੀਰ ਨੂੰ ਨਮ ਅੱਖਾਂ ਨਾਲ ਨਿਹਾਰ ਰਹੀ ਸੀ। "ਇਕੋ ਅਰਜੋਈ, ਵੀਰ ਦੀ ਲਾਜ ਰਹਿ ਜਾਏ।" ਬੀਰੋ ਅੰਦਰੋਂ-ਅੰਦਰੀ ਸੁੱਖਾਂ ਸੁੱਖ ਰਹੀ ਸੀ। ਬੀਰੋ ਦੇ ਪੁੱਤਰ ਸੰਗੋਂ ਸ਼ਾਹ, ਗੁਲਾਬ ਚੰਦ, ਜੀਤ ਮੱਲ, ਗੰਗਾ ਰਾਮ ਤੇ ਮਾਹਰੀ ਚੰਦ ਹਰ ਤਰ੍ਹਾਂ ਨਾਲ ਬਾਲ ਗੋਬਿੰਦ ਨਾਲ ਭਰਾ ਬਣੇ ਖੜੋਤੇ ਸਨ। ਇਹ ਰਿਸ਼ਤਿਆਂ

ਦੀ ਕਰੰਗੜੀ ਗੁਰੂ ਮਹਿਮਾ ਕਰ ਕੇ ਸਦਾ ਅੰਗ-ਸੰਗ ਰਹਿਣ ਲਈ ਵਿਸ਼ਵਾਸ ਦੁਆ ਰਹੀ ਸੀ।

ਗੁਰੂ ਜੀ ਦੀ ਗੰਭੀਰਤਾ ਸਮੁੰਦਰ ਜਿੰਨੀ ਡੂੰਘੀ ਸੀ। ਉਨ੍ਹਾਂ ਦੀ ਦ੍ਰਿਸ਼ਟੀ ਦਿਸਹੱਦਿਆਂ ਨੂੰ ਛੋਹ ਰਹੀ ਸੀ। ਉਨ੍ਹਾਂ ਦਾ ਪ੍ਰਕਾਸ਼ ਬ੍ਰਹਿਮੰਡ 'ਚ ਪਸਰ ਰਿਹਾ ਸੀ। ਉਨ੍ਹਾਂ ਦਾ ਸਫ਼ੈਦ ਚੋਲਾ ਸੱਚ ਦੇ ਅਰਥ ਸਮਝਾ ਰਿਹਾ ਸੀ। ਬੋਲਾਂ ਦੀ ਹਲੀਮੀ 'ਚ ਸਵੈ-ਮਾਣ ਦੀ ਪੁਖ਼ਤਗੀ ਸੀ। 'ਨਿਰਭਉ ਤੇ ਨਿਰਵੈਰੁ' ਨਾਨਕ ਬਾਣੀ 'ਤੇ ਪਹਿਰਾ ਦੇਣ ਦੀ ਅਟੱਲਤਾ ਸੀ। "ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨਾ ਛੋੜੀਐ।" ਗੁਰੂ ਜੀ ਨੇ ਪਿੰਡੇ ਓੜੀ ਚਾਦਰ ਨਾਲ ਅਹਿਸਾਸ ਕਰਵਾ ਦਿੱਤਾ ਕਿ ਇਹ ਮਜ਼ਲੂਮਾਂ ਦੀ ਰੱਖਿਆ ਲਈ ਹੈ। ਚਾਦਰ ਨੇ ਇਤਿਹਾਸ ਬਣਨਾ ਸੀ, ਮਾਨਵੀ ਹੱਕਾਂ ਦੀ ਰਖਵਾਲੀ ਦਾ ਦਸਤਾਵੇਜ਼ ਬਣਨਾ ਸੀ। ਅਨੰਦਪੁਰੀ ਤੋਂ ਤੁਰਨ ਦਾ ਵੇਲਾ ਹੋ ਗਿਆ ਸੀ। ਹਰ ਕੋਈ ਠਠੰਬਰਿਆ ਹੋਇਆ ਸੀ। ਸੂਰਜ ਕਾਫ਼ੀ ਚੜ੍ਹ ਆਇਆ ਸੀ।

ਗੁਰੂ ਜੀ ਨੇ ਪੋਥੀ-ਪਰਮੇਸ਼ਰ ਨੂੰ ਨਮਨ ਕੀਤਾ। ਅਕਾਲ-ਪੁਰਖ ਤੋਂ ਦਿੱਲੀ ਨੂੰ ਤੁਰਨ ਦੀ ਆਗਿਆ ਲਈ। ਗੁਰੂ-ਘਰ ਦੇ ਅਨਿਨ ਸ਼ਰਧਾਵਾਨ ਭਾਈ ਹੀਰਾ ਨੰਦ ਦੇ ਪੁੱਤਰ ਮਤੀ ਦਾਸ ਜੀ ਤੇ ਸਤੀ ਦਾਸ ਜੀ ਗੁਰੂ ਜੀ ਦੇ ਪੰਧ ਦੇ ਪਾਂਧੀ ਬਣੇ। ਗੁਰਦਿੱਤਾ ਜੀ, ਉਦਾ ਜੀ ਤੇ ਜੈਤਾ ਜੀ ਪਹਿਲਾਂ ਹੀ ਤਿਆਰ-ਬਰ-ਤਿਆਰ ਸਨ। ਗੁਰੂ ਜੀ ਦੇ ਨਾਲ ਪੰਜ ਭਾਈ (ਪਿਆਰੇ) ਸਿਰੜੀ ਤੇ ਸਿਦਕੀ ਬਣ ਨਾਲ ਹੋ ਤੁਰੇ। ਭਾਈ ਜੈਤਾ ਜੀ ਦਾ ਪਹਿਲਾਂ ਹੀ ਦਿੱਲੀ ਦੇ ਰਸਤਿਆਂ 'ਤੇ ਆਉਣ-ਜਾਣ ਸੀ।

ਅਨੰਦਪੁਰੀ ਦੀ ਜੂਹ 'ਚੋਂ ਗੁਰੂ ਜੀ ਦਾ ਕਾਫ਼ਲਾ ਬਾਣੀ ਉਚਾਰਦਾ ਤੁਰ ਪਿਆ। ਗੁਰੂ ਤੇਗ ਬਹਾਦਰ ਜੀ ਤੇਗ਼ ਦੇ ਧਨੀ ਹੁੰਦੇ ਹੋਏ, ਤਲਵਾਰ ਦਾ ਜ਼ੁਲਮ ਸਾਹਮਣਾ ਕਰਨ ਲਈ, ਫ਼ਤਹਿ ਪਾਉਣ ਲਈ, ਮਜ਼ਲੂਮਾਂ ਦੀ ਰੱਖਿਆ ਲਈ, ਔਰੰਗਜ਼ੇਬ ਦੇ ਦਿੱਲੀ ਦਰਬਾਰ 'ਚ ਹਾਜ਼ਰ ਹੋਣ ਲਈ ਲਾਸਾਨੀ ਸ਼ਹਾਦਤ ਦਾ ਬਚਿੱਤਰ ਇਤਿਹਾਸ ਸਿਰਜਣ ਲਈ, ਮੋਹ-ਮੁਹੱਬਤ ਨੂੰ ਤਿਲਾਂਜਲੀ ਦੇ, ਧਰਮ ਦੀ ਰੱਖਿਆ ਦੀਆਂ ਕੂੰਜੀਆਂ ਬਾਲ ਨੂੰ ਸੰਭਾਲ ਗਏ।

ਅਨੰਦਪੁਰੀ ਸੁੰਨ ਹੋ ਗਈ। ਆਉਣ ਵਾਲੇ ਸਮੇਂ 'ਚ ਕੀ ਹੋਵੇਗਾ, ਨਤੀਜੇ ਦਾ ਇੰਤਜ਼ਾਰ ਸੀ...। ਵੱਡਾ ਸਾਕਾ ਹੋਣਾ ਸੀ। ਗੁਰੂ ਜੀ ਦੇ ਅੱਗੇ-ਅੱਗੇ ਚਾਨਣ ਸੀ ਤੇ ਪਿੱਛੇ ਚਾਨਣ ਆਪਣੀ ਹਾਜ਼ਰੀ ਭਰ ਰਿਹਾ ਸੀ।

**ਮੋ. 98151-23900**

# ਸ੍ਰੀ ਅਨੰਦਪੁਰ ਸਾਹਿਬ ਦਾ ਅਗੰਮੀ ਨਜ਼ਾਰਾ

**• ਸ਼ਮਸ਼ੇਰ ਸਿੰਘ ਡੂਮੇਵਾਲ**

ਸਤਲੁਜ ਦਰਿਆ ਦੇ ਕਿਨਾਰੇ ਅਤੇ ਸ਼ਿਵਾਲਿਕ ਦੇ ਨੀਮ ਪਰਬਤਾਂ ਦੀ ਗੋਦ 'ਚ ਵੱਸਦੀ-ਰਸਦੀ ਅਨੰਦਾਂ ਦੀ ਪੁਰੀ ਅੱਜ ਤੋਂ ਸਵਾ ਕੁ ਤਿੰਨ ਸੌ ਸਾਲ ਪਹਿਲਾਂ ਇੱਕ ਬਚਿੱਤਰ ਸਰੂਪ ਦਾ ਪ੍ਰਤੀਕ ਸੀ, ਜਿਸ ਦੇ ਖੰਡਾਂ, ਬ੍ਰਹਿਮੰਡਾਂ ਤੱਕ ਇਲਾਹੀ ਬਾਣੀ ਦੀਆਂ ਧੁਨਾਂ ਗੂੰਜਦੀਆਂ ਸਨ। ਪਰਬਤਾਂ ਦੀ ਗੋਦ 'ਚ ਵਸਦੀ ਅਨੰਦਾਂ ਦੀ ਇਸ ਪੁਰੀ (ਸ੍ਰੀ ਅਨੰਦਪੁਰ ਸਾਹਿਬ) ਦੀ ਹਿੱਕ 'ਤੇ ਘੋੜਿਆਂ ਦੀਆਂ ਟਪਕਾਂ ਪੈਂਦੀਆਂ ਸਨ। ਭਾਗਾਂ ਭਰੀ ਇਹ ਧਰਤੀ ਕਿੰਨੀ ਕਿਸਮਤ ਦੀ ਧਨੀ ਕਿ ਇਸ ਨੂੰ ਬਾਜ਼ਾਂ ਵਾਲੇ ਗੁਰੂ ਸਾਹਿਬ ਦੇ ਦੀਦਾਰ ਹੁੰਦੇ ਰਹੇ। ਰਣਜੀਤ ਨਗਾਰੇ ਦੀਆਂ ਗੂੰਜਾਂ ਫਿਜ਼ਾਵਾਂ ਵਿਚ ਘੁੱਲਦੀਆਂ ਅਤੇ ਇਲਾਹੀ ਅਤੇ ਅਗੰਮੀ ਵੀਰਗਤੀ ਭਰਪੂਰ ਤਰੰਨੁਮ ਵਿਚ ਲਬਰੇਜ਼ ਨਗ਼ਮੇ ਸਿਰਜਦੀਆਂ ਹਨ।

ਨੌਂਵੇਂ ਨਾਨਕ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਵੱਲੋਂ ਬਿਲਾਸਪੁਰ ਦੀ ਰਾਣੀ ਚੰਪਾ ਤੋਂ ਜ਼ਮੀਨ ਖਰੀਦ ਕੇ ਵਸਾਈ ਇਹ ਨਗਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਤੋਂ ਲੈ ਕੇ ਜਵਾਨੀ ਤੱਕ ਦੇ ਕਾਰਨਾਮਿਆਂ ਦੀ ਜਿੱਥੇ ਪ੍ਰਤੀਕ ਬਣੀ, ਉੱਥੇ ਸਮੇਂ ਦੀ ਰਾਜਨੀਤੀ ਦੇ ਉਤਰਾਅ-ਚੜ੍ਹਾਅ ਤੇ ਇਤਿਹਾਸਕ ਪੱਖ ਵੀ ਇਸ ਧਰਤੀ ਨਾਲ ਸਮੇਂ-ਸਮੇਂ ਜੁੜਦੇ ਗਏ। ਦਸਮ ਪਾਤਸ਼ਾਹ ਨੇ ਆਪਣੀ 42 ਸਾਲਾਂ ਦੀ ਉਮਰ ਵਿੱਚੋਂ 31 ਸਾਲਾਂ ਦਾ ਅਰਸਾ ਇਸ ਧਰਤੀ 'ਤੇ ਗੁਜ਼ਾਰਿਆ। ਸੰਨ 1700 ਤੋਂ ਪਹਿਲਾਂ ਵਰਤੇ ਘਟਨਾਕ੍ਰਮ ਅਤੇ ਇਸ ਤੋਂ ਬਾਅਦ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਛੱਡਣ ਦੇ ਦੁਖਾਂਤਕ ਬਿਰਤਾਂਤ ਤੱਕ ਇਸ ਦਾ ਇਲਾਹੀ ਅਗੰਮੀ ਤੇ ਅਲੌਕਿਕ ਸਰੂਪ ਕਿਹੋ ਜਿਹਾ ਸੀ। ਇਸ ਦੀ ਹਿੱਕ 'ਤੇ ਲਹੂ ਰੱਤੜੀ ਤਵਾਰੀਖ ਪਰਤ-ਦਰ-ਪਰਤ ਕਿਸ ਕਦਰ ਲਹੂ ਰੰਗੇ ਹਰਫ਼ ਉਕਰਦੀ ਗਈ। ਇਹ ਇਤਿਹਾਸਕ ਪੱਖ ਗੁਰੂ ਜੀ ਦੇ ਕਿਲ੍ਹਾ ਛੱਡਣ ਦੇ ਬੇਨਜ਼ੀਰ ਘਟਨਾਕ੍ਰਮ ਤੋਂ ਪਹਿਲਾਂ ਕਲਮਬੱਧ ਕਰਨੇ ਜ਼ਰੂਰੀ ਹਨ। ਉਸ ਸਮੇਂ ਦੇ ਸੰਗੀਨ ਹਾਲਾਤ 'ਤੇ ਨਜ਼ਰ ਮਾਰਨੀ ਵੀ ਜ਼ਰੂਰੀ ਹੈ, ਜਿਸ ਹਾਲਾਤ ਨੇ ਗੁਰੂ ਸਾਹਿਬ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਛੱਡਣ ਲਈ ਮਜਬੂਰ ਕੀਤਾ। ਲਾਸਾਨੀ ਸ਼ਹਾਦਤਾਂ ਦੀ ਰੁੱਤ ਦੇ ਆਗਾਜ਼ ਤੋਂ

ਪਹਿਲਾਂ ਆਓ ਪਾਉਂਦੇ ਹਾਂ ਇਸ ਧਰਤੀ ਨਾਲ ਸਬੰਧਿਤ ਵਾਪਰੀਆਂ ਘਟਨਾਵਾਂ 'ਤੇ ਇਕ ਪੰਛੀ ਝਾਤ।

**ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ :**

ਗੁਰੂ ਜੀ ਦੇ 9 ਸਾਲਾਂ ਦੀ ਉਮਰ ਵਿਚ ਜਦੋਂ ਮੁਗ਼ਲ ਸਾਮਰਾਜ ਦੇ ਸਭ ਤੋਂ ਕੱਟੜ ਅਤੇ ਪੱਥਰ ਦਿਲ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮ-ਓ-ਸਿਤਮ ਦੇ ਸਤਾਏ ਕਸ਼ਮੀਰੀ ਪੰਡਿਤ ਗੁਰੂ ਦਰਬਾਰ 'ਚ ਫਰਿਆਦੀ ਬਣ ਕੇ ਪੁੱਜੇ ਤਾਂ ਦਸਮੇਸ਼ ਪਿਤਾ ਨੇ 9 ਸਾਲ ਦੀ ਉਮਰ ਵਿਚ ਆਪਣੇ ਪਿਤਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਦਿੱਲੀ ਸ਼ਹਾਦਤ ਦੇਣ ਲਈ ਹੱਥੀਂ ਤੋਰਿਆ ਜਿੱਥੇ ਉਨ੍ਹਾਂ ਨੂੰ ਹਿੰਦੂ ਧਰਮ ਦੀ ਰੱਖਿਆ ਲਈ ਆਪਣਾ ਸੀਸ ਨਿਛਾਵਰ ਕਰ ਦਿੱਤਾ ਪਰ ਈਨ ਨਹੀਂ ਮੰਨੀ। ਉਨ੍ਹਾਂ ਦੀ ਇਸ ਵੱਡੀ ਕੁਰਬਾਨੀ ਨਾਲ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਤੱਕ ਹਿੱਲ ਗਈਆਂ। ਉਨ੍ਹਾਂ ਦਾ ਸੀਸ ਕੁਝ ਅਰਸੇ ਬਾਅਦ ਜਦੋਂ ਅਨੰਦਪੁਰ ਪੁੱਜਿਆ ਤਾਂ ਸੀਸ ਦਾ ਸਸਕਾਰ ਵਰਤਮਾਨ ਗੁਰਦੁਆਰਾ ਸੀਸ ਗੰਜ ਸਾਹਿਬ ਵਾਲੇ ਅਸਥਾਨ 'ਤੇ ਦਸਮ ਪਾਤਸ਼ਾਹ ਨੇ ਹੱਥੀਂ ਕੀਤਾ।

ਰੰਗਰੇਟੇ ਗੁਰੂ ਕੇ ਬੇਟੇ ਭਾਈ ਜੀਵਨ ਸਿੰਘ ਨੂੰ ਹਿੱਕ ਨਾਲ ਲਾ ਕੇ ਗੁਰੂ ਜੀ ਨੇ ਜਿੱਥੇ ਦਲਿਤ ਸਮਾਜ ਨੂੰ ਵਡਮੁੱਲਾ ਰੁਤਬਾ ਪ੍ਰਦਾਨ ਕੀਤਾ, ਉੱਥੇ ਧਰਮ ਨਿਰਪੇਖਤਾ ਦੀ ਨੀਤੀ ਦੀ ਮਿਸਾਲ ਪੈਦਾ ਕੀਤੀ ਅਤੇ ਮਨੁੱਖਤਾ ਨੂੰ ਜਬਰ-ਜ਼ੁਲਮ ਦੇ ਖਿਲਾਫ਼ ਆਵਾਜ਼ ਬੁਲੰਦ ਕਰਨ ਦੀ ਪ੍ਰੇਰਨਾ ਦਿੱਤੀ। ਇਸੇ ਸਥਾਨ 'ਤੇ ਵਿਚਰਦਿਆਂ ਗੁਰੂ ਜੀ ਦਾ ਵਿਆਹ ਗੁਰੂ ਕਾ ਲਾਹੌਰ ਦੀ ਧਰਤੀ ਅਤੇ ਭਾਈ ਹਰਜਸ ਸੁਭੱਖੀ ਦੀ ਸਪੁੱਤਰੀ ਮਾਤਾ ਜੀਤੋ ਜੀ ਨਾਲ ਹੋਇਆ ਅਤੇ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੀ ਉਨ੍ਹਾਂ ਦੀ ਕੁੱਖੋਂ ਤਿੰਨ ਸਾਹਿਬਜ਼ਾਦਿਆਂ ਨੇ ਜਨਮ ਲਿਆ। ਇਸੇ ਹੀ ਧਰਤੀ 'ਤੇ ਗੁਰੂ ਜੀ ਨੇ ਅਨੇਕਾਂ ਹੋਰ ਕੌਤਕ ਅਤੇ ਸਮਾਜ ਨੂੰ ਸੇਧ ਦੇਣ ਵਾਲੇ ਕਾਰਨਾਮੇ ਕੀਤੇ ਜੋ ਇਤਿਹਾਸ ਦਾ ਅਨਿੱਖੜਵਾਂ ਅੰਗ ਹੋ ਨਿਬੜੇ।

**ਖ਼ਾਲਸਾ ਸਾਜਨਾ :**

ਗੁਰੂ ਜੀ ਨੇ 1699 ਦੀ ਵਿਸਾਖੀ ਦੇ ਮੁਕੱਦਸ ਦਿਹਾੜੇ 'ਤੇ ਇਸੇ ਹੀ ਧਰਤੀ 'ਤੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਉਹ ਵਿਲੱਖਣ ਕਾਰਨਾਮਾ ਕਰ ਦਿਖਾਇਆ। ਖ਼ਾਲਸਾ ਪੰਥ ਦੀ ਸਾਜਨਾ ਨਾਲ ਜਿੱਥੇ ਨਿਵੇਕਲੀ ਪਛਾਣ ਕਾਇਮ ਕੀਤੀ ਗਈ, ਉੱਥੇ ਇਹ ਪੰਥ ਜ਼ੁਲਮ ਦਾ ਖ਼ਾਤਮਾ ਕਰਨ ਲਈ

ਲੋੜਵੰਦਾਂ ਦੀ ਢਾਲ ਬਣਿਆ। ਸਭ ਤੋਂ ਪ੍ਰਮੁੱਖ ਗੱਲ ਗੁਰੂ ਸਾਹਿਬ ਨੇ ਸਭਨਾਂ ਨੂੰ ਇਕ ਹੀ ਜਾਣਿਆਂ ਅਤੇ ਕੋਈ ਭੇਦ-ਭਾਵ ਨਾ ਕਰਨ ਦਾ ਮਾਨਵਤਾ ਨੂੰ ਸੱਦਾ ਦਿੱਤਾ। ਦਸਮੇਸ਼ ਪਿਤਾ ਨੇ ਊਚ-ਨੀਚ ਦੇ ਭੇਦਭਾਵ ਖ਼ਤਮ ਕਰਕੇ ਸਮੁੱਚੀ ਮਨੁੱਖਤਾ ਨੂੰ ਬਰਾਬਰਤਾ ਦਾ ਦਰਜਾ ਪ੍ਰਦਾਨ ਕੀਤਾ। ਸਦੀਆਂ ਤੋਂ ਲਿਤਾੜੇ ਜਾ ਰਹੇ ਨਿਮਾਣੇ-ਨਿਤਾਣੇ ਲੋਕਾਂ ਨੂੰ ਸੂਰਬੀਰਤਾ ਪ੍ਰਦਾਨ ਕੀਤੀ।

ਗੁਰੂ ਜੀ ਨੇ ਜਪੁਜੀ ਸਾਹਿਬ ਤੋਂ ਭਗਤੀ, ਜਾਪੁ ਸਾਹਿਬ ਤੋਂ ਸ਼ਕਤੀ ਸਵੱਯੇ ਤੋਂ ਵੈਰਾਗ, ਚੌਪਈ ਸਾਹਿਬ ਤੋਂ ਨਿਮਰਤਾ ਅਤੇ ਅਨੰਦ ਸਾਹਿਬ ਤੋਂ ਖੇੜਾ ਲੈ ਕੇ ਸਰਬ ਲੋਹ ਦੇ ਬਾਟੇ ਵਿਚ ਅੰਮ੍ਰਿਤਪਾਨ ਕਰਾ ਕੇ ਊਚ-ਨੀਚ ਦੇ ਭੇਦਭਾਵ ਨੂੰ ਖ਼ਤਮ ਕਰ ਦਿੱਤਾ ਅਤੇ ਸਦੀਆਂ ਤੋਂ ਦੁਰਕਾਰੀ ਜਾਂਦੀ ਅਬਲਾ ਤੋਂ ਪਤਾਸਿਆਂ ਰਾਹੀਂ ਮਿਠਾਸ ਲੈ ਕੇ ਦੱਬੇ-ਕਬਚਲੇ ਲੋਕਾਂ ਨੂੰ ਜ਼ੁਲਮ ਨਾਲ ਟੱਕਰ ਲੈਣ ਦੇ ਸਮਰੱਥ ਬਣਾ ਦਿੱਤਾ। ਗੁਰੂ ਜੀ ਦਾ ਸਰਬੱਤ ਦੇ ਭਲੇ ਦਾ ਪ੍ਰਤੀਕ ਇਹ ਖ਼ਾਲਸਾ ਸਮੇਂ-ਸਮੇਂ ਜਬਰ, ਜ਼ੁਲਮ ਵਿਰੁੱਧ ਲੜਿਆ ਅਤੇ ਉਸਨੇ ਕੁਰਬਾਨੀਆਂ ਦੀ ਲੰਮੀ ਤੇ ਅਤੁੱਟ ਕਤਾਰ ਸਿਰਜ ਦਿੱਤੀ।

ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲੇ-ਮਹੱਲੇ ਦੇ ਜੰਗਜੂ ਕਰਤਬ ਦਾ ਆਗਾਜ਼ ਕਰਕੇ ਗੁਰੂ ਜੀ ਨੇ ਖ਼ਾਲਸੇ ਵਿਚ ਵੀਰਗਤੀ ਦਾ ਅਨੋਖਾ ਅਤੇ ਕ੍ਰਾਂਤੀਕਾਰੀ ਜਜ਼ਬਾ ਭਰਿਆ। ਗੁਰੂ ਜੀ ਦਾ ਇਹ ਅਲੌਕਿਕ ਵਰਤਾਰਾ ਦਿੱਲੀ ਦਰਬਾਰ ਅਤੇ ਬਾਈ ਧਾਰ ਦੇ ਪਹਾੜੀ ਰਾਜਿਆਂ ਲਈ ਇਕ ਵੱਡੀ ਚੁਣੌਤੀ ਸਾਬਤ ਹੋਇਆ, ਜਿਸ ਨਾਲ ਗੁਰੂ ਜੀ ਦੀ ਟੱਕਰ ਹਕੂਮਤ ਨਾਲ ਸ਼ੁਰੂ ਹੋਈ ਅਤੇ ਭਵਿੱਖ ਵਿਚ ਇਸ ਸੰਕਲਪ ਨੂੰ ਅੰਜ਼ਾਮ ਦੇਣ ਲਈ ਗੁਰੂ ਜੀ ਨੂੰ ਸਮੁੱਚੇ ਸਰਬੰਸ ਦੀ ਦੇਸ਼, ਕੌਮ ਅਤੇ ਵਤਨਪ੍ਰਸਤੀ ਲਈ ਕੁਰਬਾਨੀ ਦੇਣੀ ਪਈ।

**ਅਨੰਦਪੁਰ ਸਾਹਿਬ ਦੀ ਕਿਲ੍ਹਾਬੰਦੀ :**

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਸ੍ਰੀ ਅਨੰਦਪੁਰ ਸਾਹਿਬ ਦੇ ਆਲੇ-ਦੁਆਲੇ ਕੁਝ ਕਿਲ੍ਹੇ ਹਿਫ਼ਾਜ਼ਤੀ ਪ੍ਰਬੰਧਾਂ ਲਈ ਬਣਾਏ ਜੋ ਕਿ ਬਾਅਦ ਵਿਚ ਕਿਲ੍ਹਾ ਫ਼ਤਿਹਗੜ੍ਹ ਸਾਹਿਬ, ਕਿਲ੍ਹਾ ਤਾਰਾਗੜ੍ਹ ਸਾਹਿਬ, ਕਿਲ੍ਹਾ ਲੋਹਗੜ੍ਹ ਸਾਹਿਬ ਅਤੇ ਕਿਲ੍ਹਾ ਹੋਲਗੜ੍ਹ ਸਾਹਿਬ ਦੇ ਰੂਪ ਵਿਚ ਪ੍ਰਚੱਲਿਤ ਹੋਏ। ਕਿਲ੍ਹਾ ਅਨੰਦਗੜ੍ਹ ਸਾਹਿਬ ਗੁਰੂ ਜੀ ਦੀ ਯੁੱਧਨੀਤੀ ਦਾ ਕੇਂਦਰ-ਬਿੰਦੂ ਬਣਿਆ, ਜੋ ਕਿ ਸਮੇਂ-ਸਮੇਂ ਹਕੂਮਤ ਦੀਆਂ ਨਜ਼ਰਾਂ ਵਿਚ ਰੜਕਦਾ ਰਿਹਾ। ਸ੍ਰੀ ਅਨੰਦਪੁਰ ਸਾਹਿਬ 'ਚ ਰਹਿੰਦਿਆਂ ਜਿਨ੍ਹਾਂ

ਜਰਨੈਲਾਂ ਨੇ ਗੁਰੂ ਜੀ ਤੋਂ ਸ਼ਸਤਰ ਵਿੱਦਿਆ ਅਧਿਐਨ ਕੀਤੀ, ਉਨ੍ਹਾਂ 'ਚ ਸ਼ਹੀਦ ਬਾਬਾ ਦੀਪ ਸਿੰਘ ਜੀ, ਭਾਈ ਬਚਿੱਤਰ ਸਿੰਘ ਜੀ, ਭਾਈ ਉਦੈ ਸਿੰਘ ਜੀ, ਭਾਈ ਆਲਮ ਸਿੰਘ ਜੀ, ਬਾਬਾ ਜੀਵਨ ਸਿੰਘ ਜੀ ਤੋਂ ਇਲਾਵਾ ਚਾਰ ਸਾਹਿਬਜ਼ਾਦੇ ਅਤੇ ਪੰਜ ਪਿਆਰੇ ਮੁੱਖ ਰੂਪ ਵਿਚ ਸ਼ਾਮਿਲ ਸਨ। ਭਾਈ ਨੰਦ ਲਾਲ ਅਤੇ ਬਾਬਾ ਦੁੰਨਾ ਸਿੰਘ ਹੰਡੂਰੀਆ ਜਿਹੇ ਕਲਮਕਾਰ ਵੀ ਇਸੇ ਧਰਤੀ 'ਤੇ ਗੁਰੂ ਜੀ ਦੇ ਜੀਵਨ ਨੂੰ ਆਪਣੀਆਂ ਲਿਖਤਾਂ ਰਾਹੀਂ ਕਲਮਬੱਧ ਕਰਦੇ ਰਹੇ। ਅਨੰਦਪੁਰ ਸਾਹਿਬ ਦੀ ਸਥਾਪਨਾ ਨੌਂਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਕੀਤੀ। ਅਨੰਦਪੁਰ ਸਾਹਿਬ ਦੀ ਸਿੱਖ ਪੰਥ ਵਿਚ ਇਤਿਹਾਸਿਕ ਮਹੱਤਤਾ ਬਹੁਤ ਜ਼ਿਆਦਾ ਹੈ।

ਇਸ ਅਗੰਮੀ ਨਗਰੀ ਦੀ ਸਥਾਪਨਾ 1665 ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਵੱਲੋਂ ਭੋਰਾ ਸਾਹਿਬ ਦੇ ਸਥਾਨ 'ਤੇ ਸਮੇਂ ਦੀ ਪਰੰਪਰਾ ਅਨੁਸਾਰ ਮੋੜ੍ਹੀ ਗੱਡ ਕੇ ਕੀਤੀ ਗਈ ਸੀ। ਗੁਰੂ ਤੇਗ਼ ਬਹਾਦਰ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਉਪਰੰਤ ਕੀਰਤਪੁਰ ਸਾਹਿਬ ਤੋਂ 9 ਕਿਲੋਮੀਟਰ ਦੂਰ ਪਹਾੜਾਂ ਵੱਲ ਅਨੰਦਪੁਰ ਸਾਹਿਬ ਵਸਾਇਆ। ਇਸ ਦਾ ਪਹਿਲਾ ਨਾਮ ਮਾਖੋਵਾਲ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪਣੀ ਪੂਜਨੀਕ ਮਾਤਾ ਨਾਨਕੀ ਜੀ ਦੇ ਨਾਂ 'ਤੇ 'ਚੱਕ ਨਾਨਕੀ' (ਬਾਅਦ ਵਿਚ ਅਨੰਦਪੁਰ ਸਾਹਿਬ) ਨਗਰ ਵਸਾਇਆ। ਇੱਥੋਂ ਹੀ 9 ਸਾਲ ਦੀ ਉਮਰ ਵਿੱਚ ਬਾਲਕ ਗੋਬਿੰਦ ਰਾਏ (ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ) ਨੇ ਚੱਕ ਨਾਨਕੀ ਤੋਂ ਆਪਣੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸ਼ਹਾਦਤ ਦੇਣ ਲਈ ਆਪਣੇ ਹੱਥੀਂ ਦਿੱਲੀ ਵੱਲ ਤੋਰਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲਾ ਕਿਲ੍ਹਾ ਅਨੰਦਗੜ੍ਹ ਸਾਹਿਬ ਉਸਾਰਿਆ ਸੀ। ਇਹ 1669 ਵਿਚ ਬਣਨਾ ਸ਼ੁਰੂ ਹੋਇਆ ਜੋ ਸਭ ਤੋਂ ਮਜ਼ਬੂਤ ਅਤੇ ਉੱਚਾ ਮੰਨਿਆ ਜਾਂਦਾ ਸੀ। ਕਿਲ੍ਹਾ ਲੋਹਗੜ੍ਹ ਖ਼ਾਸ ਅਹਿਮੀਅਤ ਰੱਖਦਾ ਸੀ। ਇਹ ਕਿਲ੍ਹਾ ਸਤਲੁਜ ਦਰਿਆ ਦੇ ਕੰਢੇ 'ਤੇ ਸੀ। ਤੀਜੇ ਕਿਲ੍ਹੇ ਹੋਲਗੜ੍ਹ ਦਾ ਫ਼ਲਸਫ਼ਾ ਸਦਾ ਕਿਰਿਆਸ਼ੀਲ ਰਹਿਣ ਦਾ ਸੁਨੇਹਾ ਦਿੰਦਾ ਹੈ। ਚੌਥਾ ਕਿਲ੍ਹਾ ਫ਼ਤਿਹਗੜ੍ਹ ਸਾਹਿਬ ਆਸ਼ਾਵਾਦੀ ਅਤੇ ਚੜ੍ਹਦੀ ਕਲਾ ਵਿਚ ਰਹਿਣ ਦਾ ਸੁਨੇਹਾ ਦਿੰਦਾ ਹੈ। ਕਿਲ੍ਹਾ ਅਨੰਦਪੁਰ ਸਾਹਿਬ ਤੋਂ ਤਕਰੀਬਨ 5 ਕਿਲੋਮੀਟਰ ਦੂਰ ਕਿਲ੍ਹਾ ਤਾਰਾਗੜ੍ਹ ਵੀ ਸਿੱਖ ਨੂੰ ਭਗਤੀ-ਸ਼ਕਤੀ ਦੇ ਸੁਮੇਲ ਦੀ ਜਾਚ ਸਿੱਖਣ ਦਾ ਫ਼ਲਸਫ਼ਾ ਦਿੰਦਾ ਹੈ।

**ਇਨਕਲਾਬ ਦਾ ਪ੍ਰਤੀਕ ਅਨੰਦਪੁਰ ਸਾਹਿਬ :**

ਗੁਰੂ ਜੀ ਦੀ ਵਰੋਸਾਈ ਇਹ ਧਰਤੀ ਇਕ ਆਮ ਸ਼ਹਿਰ ਨਹੀਂ ਬਲਕਿ ਇਕ ਸੰਕਲਪ ਅਤੇ ਇਨਕਲਾਬ ਦੀ ਰੂਪ-ਰੇਖਾ ਹੈ। ਇਹ ਜਿੱਥੇ ਭਗਤੀ ਦੀ ਪ੍ਰਤੀਕ ਹੈ, ਉੱਥੇ ਜ਼ੁਲਮ ਨਾਲ ਮੱਥਾ ਲਾਉਣ ਦੀ ਸਮਰੱਥਾ ਪਾਲਣ ਦਾ ਵੀ ਸੰਦੇਸ਼ ਦਿੰਦੀ ਹੈ। ਇਹ ਨਰੋਏ ਅਤੇ ਵਿਲੱਖਣ ਸਮਾਜ ਦੀ ਪ੍ਰਤੀਕ ਹੈ। ਇਸ ਧਰਤੀ ਦਾ ਸਿਧਾਂਤ ਬਾਜ਼ ਦੀ ਉਸ ਪ੍ਰਵਾਜ਼ ਵਰਗਾ ਹੈ, ਜੋ ਜ਼ਖ਼ਮੀ ਹੋ ਕੇ ਵੀ ਲੜਨ ਅਤੇ ਮਰਨ ਦੀ ਸਮਰੱਥਾ ਰੱਖਦਾ ਹੈ। ਇਸ ਧਰਤੀ 'ਤੇ ਰਹਿੰਦਿਆਂ ਗੁਰੂ ਜੀ ਨੇ ਜੋ ਕਿਹਾ, ਸੋ ਕਰ ਦਿਖਾਇਆ ਹੈ। ਇੱਥੋਂ ਦਾ ਜਨਮਿਆ ਸਿੱਖ ਇਨਕਲਾਬ ਹਜ਼ਾਰਾਂ ਸਾਲਾਂ ਤੋਂ ਦੁਰਕਾਰੇ, ਤ੍ਰਿਸਕਾਰੇ ਇਨਸਾਨ ਨੂੰ ਖੰਡੇ ਦੀ ਪਾਹੁਲ ਛਕਾ ਕੇ ਸੂਰਮਗਤੀ ਪ੍ਰਾਪਤ ਕਰਨ ਦਾ ਜਿੱਥੇ ਬਲ ਸਿਖਾਉਂਦਾ ਹੈ, ਉੱਥੇ ਵੈਰੀਆਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਗਾਉਣ ਦੀ ਜਾਚ ਦੀ ਦੱਸਦਾ ਹੈ।

ਅਨੰਦਪੁਰ ਸਾਹਿਬ ਸਮੁੱਚੇ ਖ਼ਾਲਸੇ ਦੀ ਜਨਮ-ਭੂਮੀ ਹੈ ਅਤੇ ਇਕ ਅਜਿਹੇ ਸਿਧਾਂਤ ਦੀ ਕਰਮ-ਭੂਮੀ ਹੈ ਜੋ ਬਾਬੇ ਨਾਨਕ ਦੇ ਸਿਧਾਂਤ ਦੇ ਮੁਹਤਾਜ ਰਹਿ ਕੇ ਬਾਬਰ ਨੂੰ ਜਾਬਰ ਕਹਿਣ ਤੱਕ ਦੀ ਹਿੰਮਤ ਰੱਖਦਾ ਹੈ। ਗੁਰੂ ਕਾਲ ਵਿਚ ਅਨੰਦਪੁਰ ਸਾਹਿਬ ਵਿਚ ਵਾਪਰੇ ਸੀਸ-ਭੇਟ ਕੌਤਕ ਨੇ ਦੇਸ਼ ਦੀ ਰਾਜਸੀ ਅਤੇ ਸਮਾਜਿਕ ਬਣਤਰ ਵਿਚ ਜੋ ਇਨਕਲਾਬ ਲਿਆਂਦਾ ਉਸਦਾ ਆਧਾਰ ਵਿਅਕਤੀਗਤ ਮਨੁੱਖੀ ਚਰਿੱਤਰ ਦੀ ਉਹ ਉਸਾਰੀ ਸੀ ਜੋ ਗੁਰੂ ਗੋਬਿੰਦ ਸਿੰਘ ਤੋਂ ਪਹਿਲਾਂ 9 ਪਾਤਸ਼ਾਹੀਆਂ ਨੇ ਕੀਤੀ ਸੀ। ਗੁਰੂ ਦੇ ਖ਼ਾਲਸੇ ਨੇ ਜੋ ਮੱਲਾਂ ਪਿਛਲੇ ਸਵਾ ਤਿੰਨ ਕੁ ਸੌ ਸਾਲ ਪਹਿਲੇ ਅਰਸੇ ਵਿਚ ਮਾਰੀਆਂ ਹਨ, ਉਹ ਅਨੰਦਪੁਰ ਸਾਹਿਬ ਦੀ ਸਿਧਾਂਤਕ ਰੌਸ਼ਨੀ ਦਾ ਹੀ ਪ੍ਰਤੀਕ ਹੈ।

**ਮੋ. 98723-31999**

●

# ਚਮਕੌਰ ਦੀ ਗੜ੍ਹੀ 'ਚੋਂ ਅੱਧੀ ਰਾਤੜੀਂ, ਤੇਗ ਦੇ ਅੰਗ-ਸੰਗ : ਸ੍ਰੀ ਗੁਰੂ ਗੋਬਿੰਦ ਸਿੰਘ

**• ਮਨਮੋਹਨ ਸਿੰਘ ਦਾਊਂ**

ਦੋ ਦਿਨਾਂ ਦੀ ਘਮਸਾਣ ਦੀ ਜੰਗ ਹੋ ਚੁੱਕੀ ਹੈ। ਲੱਖਾਂ ਦੀ ਮੁਗਲਈ ਸੈਨਾ ਤੇ ਕਿੱਥੇ ਮੁੱਠੀ ਭਰ ਗੁਰੂ ਦੇ ਮਰਜੀਵੜੇ ਅਤੇ ਦੋ ਵੱਡੇ ਲਾਡਲੇ ਸ਼ਹੀਦੀਆਂ ਪਾ ਚੁੱਕੇ ਹਨ। ਪੋਹ ਦੀਆਂ ਰਾਤਾਂ ਕਹਿਰ ਵਰਤਾਅ ਰਹੀਆਂ ਹਨ ਪਰ ਸਿਦਕੜੇ ਅਜੇ ਵੀ ਅਡੋਲ ਹਨ। ਚਮਕੌਰ ਦੀ ਕੱਚੀ ਗੜ੍ਹੀ ਦੁਨੀਆਂ ਦੇ ਅਸੁਖਾਵੇਂ ਜੰਗ ਦੇ ਪੰਨਿਆਂ 'ਤੇ ਪੱਕੇ ਅੱਖਰ ਉੱਕਰ ਰਹੀ ਹੈ। ਆਉਣ ਵਾਲੇ ਸਮੇਂ ਅਕਾਲ-ਪੁਰਖ ਅੱਗੇ ਕੇਵਲ ਸ਼ਬਦ ਅਤੇ ਅਰਦਾਸ ਦੀ ਅਰਾਧਨਾ ਹੀ ਉਚਰੀ ਜਾ ਰਹੀ ਹੈ। ਗੜ੍ਹੀ ਤੋਂ ਬਾਹਰ ਹਨੇਰ ਦੀ ਰਾਤੜੀ ਲਾਸ਼ਾਂ ਦੀ ਗਿਣਤੀ ਕਰਨ ਤੋਂ ਵੀ ਅਸਮਰਥ ਹੈ। ਬਹੁਤ ਗੰਭੀਰ ਸਥਿਤੀ ਦਾ ਸਾਹਮਣਾ ਕਰਨਾ ਅਜੇ ਬਾਕੀ ਹੈ। ਅੰਬਰ 'ਚ ਤਾਰੇ ਹੀ ਗੁਆਹ ਹਨ। ਖਾਮੋਸ਼ੀ 'ਚ ਕੋਈ ਵਾਕ ਲਿਆ ਜਾਣਾ ਸੀ। "ਸਵਾ ਲਾਖ ਸੇ ਏਕ ਲੜਾਊ ਤਬੈ ਗੋਬਿੰਦ ਸਿੰਘ ਨਾਮ ਕਹਾਊ" ਦਾ ਪੂਰਾ ਵਚਨ ਪਾਲਿਆ ਜਾ ਚੁੱਕਾ ਹੈ। ਪੰਜ ਪਿਆਰੇ, ਗੁਰੂ ਦਸਮੇਸ਼ ਦੀ ਅਲੌਕਿਕ ਪ੍ਰਤਿਭਾ ਅੱਗੇ ਝੁਕਦੇ ਹਨ ਤੇ ਹੁਕਮ ਹੁੰਦਾ ਹੈ : "ਗੁਰੂ ਜੀ ਤੁਸੀਂ ਗੜ੍ਹੀ ਨੂੰ ਅਲਵਿਦਾ ਆਖੋ, ਅਸੀਂ ਹਾਜ਼ਰ ਹੋ ਕੇ ਤੁਹਾਡੇ ਹੁਕਮਾਂ ਦੀ ਪਾਲਣਾ ਕਰਾਂਗੇ-ਬਸ ਹੋਰ ਸਾਡੇ ਕੋਲ ਕੁਝ ਕਹਿਣ ਲਈ ਨਹੀਂ।" ਗੁਰੂ ਜੀ ਵਿਸਮਾਦੀ ਅਵਸਥਾ 'ਚ ਲੀਨ ਹੋ ਜਾਂਦੇ ਹਨ। ਪੰਥ ਅੱਗੇ ਝੁਕ ਕੇ ਨਮਨ ਕਰਦੇ ਹਨ "ਆਪੇ ਗੁਰ ਆਪੇ ਚੇਲਾ-ਧੰਨ-ਧੰਨ ਮਰਦ ਅਗੰਮੜਾ ਵਰਿਆਮ ਅਕੇਲਾ" ਦਾ ਇੱਕ ਹੋਰ ਵਚਨ ਪੂਰਾ ਕਰ ਵਿਖਾਉਂਦੇ ਹਨ। ਆਪਣੀ ਕੀਮਤੀ ਕਲਗੀ ਆਪਣੇ ਹਮ-ਉਮਰ ਸਿੰਘ ਦੇ ਸੀਸ 'ਤੇ ਸਜਾ ਦੇਂਦੇ ਹਨ। ਅਗੰਮੀ ਤੇ ਨੂਰੀ ਨਜ਼ਰਾਂ ਦੀ ਬਖ਼ਸ਼ਿਸ਼ ਕਰਦੇ ਹਨ। ਗੜ੍ਹੀ ਅੰਦਰ ਪ੍ਰਕਾਸ਼ ਹੁੰਦਾ ਹੈ। ਬਾਹਰ ਹਨੇਰਾ ਭਿਣਕ ਲੈ ਰਿਹਾ ਹੈ। ਭੈਅ ਸੁੰਨ ਹੋਇਆ ਫਿਰਦਾ ਹੈ। ਕੌਣ ਹੈ ਜੋ ਇਸ ਵੇਲੜੇ ਸਹਾਈ ਹੋਵੇ, ਗੁਰੂ ਜੀ ਦੀ ਟੇਕ ਇੱਕੋ ਇੱਕ ਅਕਾਲ-ਪੁਰਖ ਹੈ। ਗੜ੍ਹੀ ਗ਼ਮਗੀਨ ਹੈ। ਦਰਵਾਜਾ ਖੁਲ੍ਹਦਾ ਹੈ ਤੇ ਬੰਦ ਹੋ ਜਾਂਦਾ ਹੈ। ਗੁਰੂ ਤੇਗ ਦਾ ਧਨੀ, ਪਾਤਸ਼ਾਹਾਂ ਦਾ ਪਾਤਸ਼ਾਹ, ਫਕੀਰੀ ਦੇ ਭੇਸ 'ਚ ਆਪਣੀ ਸੂਰਜੀ-ਪਿੱਠ ਦੀ ਸ਼ਕਤੀ ਦੇ ਜਲੌਅ ਨਾਲ ਤੁਰ ਪੈਂਦਾ ਹੈ। ਇੱਕੋ ਇੱਕ ਤੇਗ, ਲੱਖਾਂ ਸ਼ਾਸ਼ਤਰਾਂ ਵਰਗੀ ਗੁਰੂ

ਜੀ ਦਾ ਸਾਥ ਕਰਦੀ ਹੈ। ਹੁਕਮਾਂ ਅਨੁਸਾਰ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਹਮਜੋਲੀ ਬਣ, ਗੁਰੂ ਜੀ ਦੇ ਹੁਕਮਾਂ 'ਤੇ ਪਹਿਰਾ ਦੇਣ ਲਈ ਪਿੱਛੇ ਹੋ ਤੁਰਦੇ ਹਨ। ਸ਼ਹੀਦ ਹੋਏ ਸਿੰਘਾਂ ਤੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੀਆਂ ਲਾਸ਼ਾਂ ਨੂੰ ਮੁਕੱਦਸੀ ਨਜ਼ਰਾਂ ਨਾਲ ਸ਼ਰਧਾ ਤੇ ਉਮਾਹ ਨਾਲ, ਅਣਡਿੱਠੇ ਪੈਂਡੇ 'ਤੇ ਹੋ ਤੁਰਦੇ ਹਨ। ਅੱਗੇ ਕੀ ਹੋਵੇਗਾ, ਕੌਣ ਜਾਣੇ ? ਹਨੇਰੇ ਤੇ ਮੁਗਲਈ ਸੱਤਾ ਨੂੰ ਨੰਗੀ ਤਲਵਾਰ ਦੇ ਸਹਾਰੇ ਵੰਗਾਰਦੇ ਹੋਏ, ਅੱਗੇ ਅੱਗੇ ਪੈਂਡਾ ਗੱਛਣ ਲੱਗਦੇ ਹਨ ਜੋ ਟੱਕਰਿਆ, ਸੋਧਿਆ। ਪੋਹ ਦੀ ਸੁਨੰਞੀ ਰਾਤ, ਕਈ ਦਿਨਾਂ ਦਾ ਮੁਗਲਈ ਜ਼ੁਲਮ ਤੇ ਕਹਿਰ, ਹਾਰ ਹੁੱਟ ਜਾਦਾ ਹੈ। ਚਾਰੇ ਪਾਸੇ ਜੰਗਲ ਹੀ ਜੰਗਲ, ਚਾਨਣ ਹੀ ਰਿਸ਼ਮ ਨਾਲ-ਨਾਲ ਤੁਰ ਰਹੀ ਹੈ। ਗੁਰੂ ਜੀ ਦੇ ਪੈਰਾਂ ਦਾ ਚਾਨਣ, ਠੇਡੇ ਖਾਣ ਤੋਂ ਸੰਭਲ-ਸੰਭਲ ਪੱਬ ਧਰਦਾ ਜਾ ਰਿਹਾ ਹੈ। ਦੋਵੇਂ ਸਿੰਘ ਵੀ ਇਸ ਸਿਰ ਆਈ ਘੜੀ ਵੇਲੇ ਅਗੜ-ਪਿਛੜ ਹੋ ਜਾਂਦੇ ਹਨ। ਘੋੜਿਆਂ 'ਤੇ ਅਸਵਾਰ ਹੋਣ ਵਾਲਾ ਕਲਗੀਧਰ ਪਾਤਸ਼ਾਹ ਨੰਗੇ ਪੈਰਾਂ ਦਾ ਬਾਦਸ਼ਾਹ ਬਣ ਤੁਰਦਾ ਜਾ ਰਿਹਾ ਹੈ। ਤੇਗ ਦੀ ਲਿਸ਼ਕ ਅੱਗੇ, ਕਿਸੇ ਦੀ ਜੁਰੱਅਤ ਨਹੀਂ ਕਿ ਅੜਿਕਾ ਬਣੇ। ਜਾਪ ਜਪਿਆ ਜਾ ਰਿਹਾ ਹੈ, ਰਾਤ ਮੁੱਕਣ 'ਤੇ ਹੈ ਪਰੰਤੂ ਗੁਰੂ ਜੀ ਕੋਈ ਨਵਾਂ ਇਤਿਹਾਸ ਲਿਖਣ ਲਈ ਤੁਰਦੇ ਜਾ ਰਹੇ ਹਨ। ਮਿਥਿਆ ਪੰਧ ਮੁੱਕ ਜਾਂਦਾ ਹੈ। ਮਾਛੀਵਾੜੇ ਦਾ ਜੰਗਲ ਆਪਣੇ ਪੀਰ ਦੀ ਉਡੀਕ 'ਚ ਲੱਗਿਆ ਹੋਇਆ। ਥਕਾਵਟ ਪਹਾੜ ਬਣ ਜਾਂਦੀ ਹੈ, ਆਖਰ ਨੀਂਦਰ ਲੈਣ ਦਾ ਪਹਿਰ, ਗੁਰੂ ਜੀ ਨੂੰ ਅਕੀਦਤ ਦੇਣ ਲੱਗਦਾ ਹੈ। ਇਸ ਬੀਆਬਾਨ ਨੂੰ ਕਿਵੇਂ ਗੁਰੂ ਜੀ ਦੀ ਇੰਤਜ਼ਾਰ ਲੱਗੀ ਹੋਵੇ, ਚਰਨ ਛੁਹ ਪ੍ਰਾਪਤ ਕਰਨ ਲਈ। ਨਾ ਘੋੜਾ ਨਾ ਸ਼ਾਹੀ ਜੋੜਾ, ਨਾ ਤਾਜ਼ ਨਾ ਬਾਜ਼। ਦੋ ਜਹਾਨਾਂ ਦਾ ਵਾਲੀ, ਸੁੰਨੀ ਜੰਗਲੀ ਧਰਤੀ 'ਤੇ ਨਿਧੜਕ, ਬੇਖੌਫ ਟਿੰਡ ਦਾ ਸਿਰਹਾਣਾ ਲਈ ਸੁੱਤਾ ਪਿਆ ਹੈ। ਨੰਗੀ ਤਲਵਾਰ ਸੱਜੇ ਹੱਥ ਸਾਥ ਦੇ ਰਹੀ ਹੈ। ਪੰਚਮ ਪਾਤਸ਼ਾਹ ਦੇ ਪ੍ਰਵਚਨ ਪੂਰਾ ਕਰ ਰਿਹਾ "ਤੇਰਾ ਕੀਆ ਮੀਠਾ ਲਾਗੈ," ਘੰਟਿਆਂ ਦਾ ਸਫ਼ਰ ਤਹਿ ਕਰ ਕੇ ਇੱਕ ਅਗੰਮੀ ਅਵਸਥਾ ਦੀ ਮੂਰਤ ਪ੍ਰਕਾਸ਼ਮਾਨ ਹੋ ਰਹੀ ਹੈ। ਪਿੱਛੇ ਆ ਰਹੇ ਸਿੰਘ ਖੱਜਲ-ਖੁਆਰ ਹੁੰਦੇ ਆਖ਼ਰ ਦਿਸ਼ਾ ਲੱਭਦੇ-ਲੱਭਦੇ ਮਾਛੀਵਾੜਾ ਜੰਗਲ ਪੁੱਜ ਜਾਂਦੇ ਹਨ। ਆਖਰ ਗੁਰੂ ਜੀ ਦੇ ਸੱਜੇ ਹੱਥ ਅੰਗੂਠੇ 'ਤੇ ਪਹਿਨਿਆ ਗੁਲਿਸਤ੍ਰਾਣ ਦਾ ਨਗ ਚਮਕਦਾ ਜੰਗਲ ਦੇ ਹਨੇਰ 'ਚ ਨਜ਼ਰ ਪੈਂਦਾ ਹੈ, ਦੋਵੇਂ ਸਿੰਘ ਲਿਸ਼ਕ ਦੀ ਸੇਧ ਵੱਲ ਹੋ ਤੁਰਦੇ ਹਨ। ਵਾਹ! ਸਭ ਕੁਝ ਕੁਰਬਾਨ ਤੇ ਤਿਆਗ ਕਰਨ ਵਾਲੇ ਗੁਰੂ ਦੇ ਦਰਸ਼ਨ ਹੁੰਦੇ ਹਨ। ਮਲਕੜੇ-

ਮਲਕੜੇ ਗੁਰੂ ਦੇ ਚਰਨਾਂ 'ਚ ਜਾ ਹਾਜ਼ਰ ਹੁੰਦੇ ਹਨ। ਜੋਤ ਖੁੱਲ੍ਹਦੀ ਹੈ, ਦਰਸ਼ਨ ਦੀਦਾਰੇ ਹੁੰਦੇ ਹਨ। ਅਦੁੱਤੀ ਖੁਸ਼ੀ ਫੈਲ ਜਾਂਦੀ ਹੈ। ਬਿਨਾਂ ਬੋਲਿਆਂ ਵਾਰਤਾਲਾਪ ਮੁੰਕਮਲ ਹੁੰਦੀ ਹੈ। ਗੁਰੂ ਜੀ ਦੇ ਮੁਖਾਰਬਿੰਦੋਂ ਸ਼ਬਦ ਉਦੈ ਹੁੰਦਾ ਹੈ:

"ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ॥
ਤੁਧ ਬਿਨ ਰੋਗ ਰਜਾਈਆਂ ਦਾ ਓਡਣ
ਨਾਗ ਨਿਵਾਸਾਂ ਦੇ ਰਹਣਾ॥
ਸੂਲ ਸੁਰਾਹੀ ਖੰਜਰ ਪਿਆਲਾ
ਬਿੰਗ ਕਸਾਈਆਂ ਦਾ ਸਹਣਾ॥
ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦੇ ਰਹਣਾ॥"

ਅਜਿਹੇ ਕਹਿਰ ਦੇ ਪਹਿਰ ਅਕਾਲ-ਪੁਰਖ ਨੂੰ ਸ਼ਿਕਵਾ ਕਰਨ ਦੀ ਥਾਂ ਸ਼ੁਕਰਾਨੇ ਦੇ ਬੋਲ ਜੰਗਲ ਦੀਆਂ ਪੌਣਾਂ 'ਚ ਖਿੰਡ ਜਾਂਦੇ ਹਨ। ਸੋਚਦਾ ਹਾਂ ਕਿ ਮਾਛੀਵਾੜੇ ਤੋਂ ਖਿਦਰਾਣੇ ਦੀ ਢਾਬ ਤੋਂ ਅਗਾਂਹ ਨੰਦੇੜ ਸਾਹਿਬ ਨੂੰ ਵਰੋਸਾਂਦੇ ਹੋਏ, ਗੁਰੂ ਜੀ ਦਾ ਪੰਧ ਅਜੇ ਆਰੰਭ ਹੋਣਾ ਸੀ। ਕ੍ਰਿਸ਼ਮੇ ਹੋਣੇ ਸਨ। ਨਾਨਕ ਦੀ ਜੋਤ ਤੋਂ ਦਸਮ ਜੋਤ ਦੇ ਪੰਥ-ਸੁਹੇਲੇ ਨੇ ਸੰਪੂਰਨਤਾ ਦਾ ਰੂਪ ਧਾਰ ਕੇ, ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਕੇ ਨਦਰੀ ਪੈਂਡਿਆਂ 'ਚ ਸਮੋ ਜਾਣਾ ਸੀ।

**ਮੋ. 98151-23900**

●

## ਮਾਤਾ ਗੁਜਰੀ ਜੀ ਦੀਆਂ ਛੋਟੇ ਸਾਹਿਬਜ਼ਾਦਿਆਂ ਨੂੰ ਆਖ਼ਰੀ ਅਸੀਸਾਂ

• ਮਨਮੋਹਨ ਸਿੰਘ ਦਾਊਂ

ਪੋਹ ਮਹੀਨੇ ਦੀਆਂ ਠੰਢੀਆਂ-ਠਾਰ ਦੋ ਰਾਤਾਂ ਕਹਿਰ ਬਣ ਕੇ ਸਰਹਿੰਦ ਦੇ ਠੰਢੇ ਬੁਰਜ ਤੋਂ ਲੰਘ ਚੁੱਕੀਆਂ ਸਨ। ਸੂਬਾ ਸਰਹਿੰਦ ਨੇ ਤਿੰਨ ਬੇਦੋਸ਼ੀਆਂ ਜਿੰਦਾਂ ਨੂੰ ਕੈਦ ਕੀਤਾ ਹੋਇਆ ਸੀ। ਠੰਢੇ ਬੁਰਜ ਦੀ ਪੱਛਮੀ ਵੱਖੀ ਕੋਲੋਂ ਵਗਦਾ ਨਾਲਾ ਸਰਦੀ ਹੋਰ ਵਧਾ ਰਿਹਾ ਸੀ। ਰਾਤ ਦਾ ਹਨ੍ਹੇਰਾ ਡਰਾਉਣੇ ਦੈਂਤ ਦਾ ਰੂਪ ਧਾਰ ਰਿਹਾ ਸੀ। ਤੂਫ਼ਾਨ ਵਰਗੀ ਯਖ਼-ਹਵਾ ਚੌਗਿਰਦੇ ਨੂੰ ਹੋਰ ਵੀ ਠੰਢਾ ਕਰ ਰਹੀ ਸੀ। ਬਿਰਖਾਂ ਦੇ ਪੱਤਿਆਂ ਨੂੰ ਕੋਰਾ ਸੁੰਨ ਕਰਦਾ ਜਾ ਰਿਹਾ ਸੀ। ਸਰਹਿੰਦੀ-ਇੱਟਾਂ ਵਾਲਾ ਬੁਰਜ ਅੰਦਰੋਂ ਬਰਫ਼ ਬਣਦਾ ਜਾ ਰਿਹਾ ਸੀ। ਜ਼ਾਲਮ ਦੀ ਕਟਾਰ ਆਪਣੇ ਭੈਅ ਦਾ ਪਹਿਰਾ ਦੇ ਰਹੀ ਸੀ। ਠੰਢੇ ਬੁਰਜ ਦੇ ਬਾਹਰ ਦਰਬਾਰੀ ਹੁਕਮ ਦਨ-ਦਨਾ ਰਿਹਾ ਸੀ। ਬੁਰਜ ਦੇ ਅੰਦਰ ਬਜ਼ੁਰਗ ਮਾਤਾ ਗੁਜਰੀ, ਆਪਣੇ ਮਾਸੂਮ ਤੇ ਲਾਡਲੇ ਪੋਤਿਆਂ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਨੂੰ ਨਿੱਘ ਨਾਲ ਸਹਿਜ ਕਰ ਰਹੀ ਸੀ। ਇਤਿਹਾਸ ਦੇ ਪੰਨਿਆਂ ਦਾ ਪਾਠ ਅਤੇ ਸ਼ਬਦ ਸਿਮਰਨ ਨਾਲ ਬਲਵਾਨ ਕਰ ਰਹੀ ਸੀ। ਅਣਖ ਅਤੇ ਬਹਾਦਰੀ ਦੇ ਬਿਰਤਾਂਤਾਂ ਤੋਂ ਬਿਨਾਂ ਇਹ ਕਹਿਰ ਭਰੀਆਂ ਰਾਤਾਂ ਨੂੰ ਭੈਅਭੀਤ ਕਰਨ ਦਾ ਇਹੋ ਇਕ ਢਾਰਸ ਸੀ। ਬਾਲ ਮਨਾਂ ਨੂੰ ਡੋਲਣ ਤੋਂ ਬਚਾਉਣ ਲਈ ਮਾਤਾ ਗੁਜਰੀ ਸਿੱਖ ਪਰੰਪਰਾਵਾਂ ’ਤੇ ਪਹਿਰਾ ਦੇ ਰਹੀ ਸੀ। ਬਿਰਧ ਹੱਥਾਂ ’ਚ ਰੂਹਾਨੀਅਤ ਦੀ ਜੋਤ ਦਾ ਸੇਕ, ਬਾਲਕਾਂ ਨੂੰ ਬਲ ਬਖ਼ਸ਼ ਰਿਹਾ ਸੀ। ਵਸਤਰਾਂ ਦੀ ਘਾਟ ਨੂੰ ਮਾਤਾ ਗੁਜਰੀ ਆਪਣੀ ਮਮਤਾ ਦੇ ਨਿੱਘ ਨਾਲ ਪੂਰਾ ਕਰ ਰਹੀ ਸੀ। ਬਾਲ ਭੋਲੇ ਹੁੰਦੇ ਹੋਏ ਵੀ ਇਕ ਪ੍ਰਕਾਸ਼ ਦਾ ਰੂਪ ਧਾਰ ਰਹੇ ਸਨ। ਪ੍ਰੀਖਿਆ ਕਠਿਨ ਸੀ। ਧਰਮ ਅਤੇ ਜ਼ੁਲਮ ਦੀ ਜੰਗ ’ਚ ਜਿੱਤ ਹਾਰ ਦੀਆਂ ਘੜੀਆਂ, ਕਿਸੇ ਵੱਡੇ ਸਾਕੇ ਦੀ ਉਡੀਕ ਵਿਚ ਸਨ।

ਲਗਭਗ ਇਕ ਹਫ਼ਤੇ ਦੇ ਕਾਲ ’ਚ ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਸਰਸਾ ਨਦੀ ਦੇ ਕਹਿਰ ਨੂੰ ਝੱਲਦਿਆਂ, ਠੰਢੇ ਬੁਰਜ ਦੀ ਕੈਦ ਤੱਕ ਮਾਤਾ ਗੁਜਰੀ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਜਿਵੇਂ ਸੰਭਾਲਿਆ, ਸਿੱਖਿਆ ਦੇ ਕੇ ਬਲਵਾਨ ਕੀਤਾ, ਉਸ ਦੀ ਗਾਥਾ ਅਦੁੱਤੀ ਤੇ ਅਨੋਖੀ ਹੈ। ਦੁਨੀਆਂ ਦੇ ਇਤਿਹਾਸ ’ਚ ਅਜਿਹੀ ਘਟਨਾ ਨੇ ਵਾਪਰਨਾ ਸੀ। ਅਣਕਿਆਸੇ ਅਤੇ

ਅਣਸੁਖਾਵੇਂ ਪੈਂਡੇ ਨੂੰ ਤੈਅ ਕਰਦਿਆਂ, ਮਾਤਾ ਗੁਜਰੀ 'ਤੇ ਕੀ-ਕੀ ਬੀਤੀ, ਉਸਨੂੰ ਸ਼ਬਦਾਂ 'ਚ ਬਿਆਨ ਕਰਨਾ ਕਠਿਨ ਹੈ।

ਇਕ ਪਾਸੇ ਠੰਢੇ ਬੁਰਜ 'ਚ ਨੂਰਾਨੀ ਜਿੰਦਾਂ ਸਨ ਤੇ ਸਾਹਮਣੇ ਸੂਬਾ ਸਰਹਿੰਦ ਵਜ਼ੀਰ ਖਾਂ ਦੀ ਕਚਹਿਰੀ ਸੀ। ਫ਼ਤਵੇ ਦਾ ਐਲਾਨ ਹੋਣਾ ਸੀ ਜੋ ਖ਼ੂਨੀ ਭਾਣਾ ਵਰਤਣਾ ਸੀ, ਉਸ ਬਾਰੇ ਮਾਤਾ ਗੁਜਰੀ ਪੂਰੀ ਤਰ੍ਹਾਂ ਸੁਚੇਤ ਸੀ। ਪਰਖ ਦੀਆਂ ਘੜੀਆਂ ਨੇੜੇ ਆ ਰਹੀਆਂ ਸਨ। ਰਾਤੜੀ 'ਚੋਂ ਦੋ ਸੂਰਜੇ ਚਿਹਰਿਆਂ ਨੇ ਉਦੈ ਹੋ, ਤਵਾਰੀਖ ਦੇ ਪੰਨਿਆਂ 'ਤੇ ਹਸਤਾਖ਼ਰ ਕਰਨੇ ਸਨ। ਸਾਹਿਬਜ਼ਾਦਿਆਂ ਨੂੰ ਉਸ ਰਾਤ ਮਾਤਾ ਗੁਜਰੀ ਨੇ ਅਣਖ ਤੇ ਸਿਦਕ ਦੇ ਨਾਲ ਹਰ ਪੱਖੋਂ ਧਰਮੀ-ਮਨੁੱਖ ਬਣਨ ਦਾ ਆਦਰਸ਼ ਸਮਝਾ ਦਿੱਤਾ ਸੀ।

ਆਖਰ 26 ਦਸੰਬਰ 1704 ਦਾ ਦਿਨ ਚੜ੍ਹਿਆ। ਸੂਰਜ ਦੀਆਂ ਕਿਰਨਾਂ ਠੰਢੇ ਬੁਰਜ 'ਤੇ ਹਟਕੋਰੇ ਭਰਨ ਲੱਗੀਆਂ। ਬਾਹਰ ਸ਼ਸਤਰਧਾਰੀ ਚੌਕੀਦਾਰਾਂ ਨੇ ਠੰਢੇ ਬੁਰਜ ਦਾ ਬੂਹਾ ਖੋਲ੍ਹਿਆ। ਨੂਰੀ ਪ੍ਰਕਾਸ਼ ਦੀ ਝਲਕ ਨਾਲ ਉਨ੍ਹਾਂ ਦੀਆਂ ਅੱਖਾਂ ਚੁੰਧਿਆ ਗਈਆਂ। ਮਾਤਾ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਗਲਵਕੜੀ ਪਾ ਚੁੰਮਿਆ। ਲੱਖ-ਲੱਖ ਅਸੀਸਾਂ ਦਿੱਤੀਆਂ। ਪਰਮਾਤਮਾ ਅੱਗੇ ਅਰਦਾਸ ਕੀਤੀ। ਅਡੋਲ ਅਤੇ ਅਬੋਲ ਸ਼ਬਦਾਂ ਰਾਹੀਂ, ਆਪਣੀ ਬਿਰਧ ਤੱਕਣੀ ਰਾਹੀਂ, ਬਾਲਕਾਂ ਨੂੰ ਨਿਹਾਰਿਆ। ਇਕ ਵਿਸਮਾਦੀ ਸ਼ਕਤੀ ਨਾਲ ਥਾਪੜਾ ਦਿੱਤਾ। ਦੋਵੇਂ ਬਾਲਕਾਂ ਦੇ ਸੀਸ ਆਪਣੇ ਨੂਰਾਨੀ ਹੱਥਾਂ ਨਾਲ ਪਲੋਸ ਮਮਤਾ ਦੇ ਨਾਲ ਨੂਰੋ-ਨੂਰ ਕੀਤੇ। ਸਬਰ ਤੇ ਸੰਤੋਖ ਦੇ ਅਸਗਾਹ ਘੁੱਟ ਭਰ ਕੇ, ਬਾਲਕਾਂ ਨੂੰ ਤੁਰਨ ਲਈ ਤਿਆਰ ਕੀਤਾ। ਹਿਕੜੀ 'ਚੋਂ ਉਮੰਗਾਂ ਤੇ ਤਰੰਗਾਂ ਦੇ ਵਸਤਰ ਪਹਿਨਾਏ। ਬਾਲਕਾਂ ਦੇ ਮੋਢਿਆਂ ਨੂੰ ਨਿਰਭੈ ਦਾ ਹੌਸਲਾ ਦਿੱਤਾ। ਬੋਲਾਂ ਨੂੰ ਜੈਕਾਰੇ ਛੱਡਣ ਦਾ ਬਲ ਦਿੱਤਾ। ਕਦਮਾਂ ਨੂੰ ਸਵੈ-ਮਾਣ ਨਾਲ ਤੁਰਨ ਦੀ ਸਿੱਖਿਆ ਦਿੱਤੀ। ਠੰਢੇ ਬੁਰਜ ਤੋਂ ਸੂਬੇ ਦੀ ਕਚਹਿਰੀ ਤੱਕ ਦਾ ਫ਼ਾਸਲਾ ਤੈਅ ਕਰਨਾ ਸੀ। ਕੁਝ ਕਦਮਾਂ ਦੇ ਫ਼ਾਸਲੇ ਵਿਚ ਸਦੀਆਂ ਦਾ ਇਤਿਹਾਸ ਸਿਰਜਿਆ ਜਾਣਾ ਸੀ। ਸੂਬਾ ਸਰਹਿੰਦ ਦੇ ਨੌਕਰ ਆਖ਼ਰ ਦੋਵੇਂ ਸਾਹਿਬਜ਼ਾਦਿਆਂ ਨੂੰ ਲੈ ਤੁਰੇ। ਬਾਲਕਾਂ ਦੇ ਚਿਹਰਿਆਂ ਦਾ ਨੂਰ ਸਰਹਿੰਦ ਦੀ ਧਰਤੀ ਨੂੰ ਅਲਵਿਦਾ ਕਹਿਣ ਲਈ ਪੂਰੇ ਜੋਸ਼ 'ਚ ਸੀ। ਮਾਤਾ ਗੁਜਰੀ ਨੇ ਆਖ਼ਰੀ ਅਸੀਸ ਨਾਲ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਨੂੰ ਅਕਾਲ-ਪੁਰਖ ਦੇ ਭਰੋਸੇ ਨਾਲ ਤੋਰਿਆ। ਦੋਵੇਂ ਬਾਲਕਾਂ ਨੇ ਮਾਤਾ ਜੀ (ਦਾਦੀ ਮਾਂ) ਨੂੰ ਨਮਨ ਕੀਤਾ ਤੇ ਅਡੋਲ ਰਹਿਣ ਦਾ ਵਿਸ਼ਵਾਸ ਦਿੱਤਾ। ਇਹ ਅੰਤਿਮ ਘੜੀਆਂ ਅਲੌਕਿਕ

ਸਨ। ਜਾ ਰਹੇ ਬਾਲਕਾਂ ਦੀਆਂ ਪਿੱਠਾਂ ਦਾਦੀ ਮਾਂ ਬੜੀ ਦੇਰ ਤੱਕ ਤੱਕਦੀ ਰਹੀ। ਅਗੰਮੀ ਸ਼ਕਤੀ ਬਾਲਕਾਂ ਨੂੰ ਥਪਕਦੀ ਰਹੀ। ਅਕਾਲ-ਪੁਰਖ ਦੇ ਭਾਣੇ 'ਚ ਰਹਿਣ ਲਈ ਅਰਦਾਸ ਕਰਦੀ ਰਹੀ। ਕੁਝ ਪਲਾਂ ਪਿੱਛੋਂ ਅੰਬਰੀ ਬੱਦਲਾਂ 'ਚੋਂ ਬੂੰਦਾਂ ਟਪਕੀਆਂ। ਜ਼ੁਲਮ ਦੀ ਇੰਤਹਾ ਹੋਈ। ਮਾਤਾ ਗੁਜਰੀ ਮੁੜ ਠੰਢੇ ਬੁਰਜ ਵਿਚ ਸਮਾ ਗਈ। ਧਰਮ ਦੀ ਜਿੱਤ ਹੋਈ, ਜ਼ਾਲਮ ਦੀ ਹਾਰ ਹੋਈ। ਇਕ ਲਾਸਾਨੀ ਸ਼ਹਾਦਤ ਸਦਾ-ਸਦਾ ਲਈ ਅਮਰ ਹੋ ਗਈ।

> "ਲਾਡਲਿਓ, ਡੋਲਣਾ ਨਾ, ਧਰਮ ਰੱਖਣਾ, ਪੁਰਖਿਆਂ ਦੀ ਲਾਜ ਰੱਖਣੀ, ਅਕਾਲ-ਪੁਰਖ ਸਹਾਈ ਰਹੇਗਾ...।"

ਦਾਦੀ ਮਾਂ ਦੇ ਨਸੀਹਤ ਭਰੇ ਬੋਲ, ਸਾਹਿਬਜ਼ਾਦਿਆਂ ਦੇ ਕੰਨੀਂ ਗੂੰਜ ਰਹੇ ਸਨ।

**ਮੋ. 98151-23900**

●

# ਚੱਪੜਚਿੜੀ ਜੰਗ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਫ਼ਤਹਿ ਦਾ ਪ੍ਰਸੰਗ

• ਮਨਮੋਹਨ ਸਿੰਘ ਦਾਊਂ

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਅਨੰਦਪੁਰ ਸਾਹਿਬ ਦੇ ਕਿਲ੍ਹੇ 1704 ਈਃ ਨੂੰ ਛੱਡਣ ਦਾ ਇਤਿਹਾਸ, ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਬਦਨੀਤੀ ਕਾਰਨ ਬਹੁਤ ਚਣੌਤੀਆਂ ਅਤੇ ਕੁਰਬਾਨੀਆਂ 'ਤੇ ਆਧਾਰਤ ਹੈ। ਚਮਕੌਰ ਸਾਹਿਬ ਦੀ ਅਦੁੱਤੀ ਜੰਗ, ਮਾਛੀਵਾੜੇ ਦਾ ਪ੍ਰਸੰਗ, ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਬਜ਼ੁਰਗ ਮਾਤਾ ਗੁਜਰੀ ਦੀ ਸ਼ਹਾਦਤ, ਸਰਸਾ ਨਦੀ ਦਾ ਪਰਿਵਾਰਕ ਵਿਛੋੜਾ, ਮੁਕਤਸਰ ਦੀ ਲੜਾਈ (1705) ਅਤੇ ਅਖ਼ੀਰ ਸ੍ਰੀ ਗੁਰੂ ਗੋਬਿੰਦ ਸਿੰਘ ਦਾ 3 ਦਸੰਬਰ, 1708 ਨੂੰ ਨੰਦੇੜ ਪੁੱਜਣਾ ਤੇ ਮਾਧੋ ਦਾਸ ਨਾਲ ਮਿਲਾਪ ਹੋਣਾ। ਇਹ ਸਾਰਾ ਘਟਨਾਕ੍ਰਮ ਮਹੀਨੇ, ਦਿਨਾਂ 'ਚ ਵਾਪਰ ਜਾਣਾ, ਦੁਨੀਆਂ ਦੇ ਇਤਿਹਾਸ ਵਿੱਚ ਅਲੌਕਿਕ ਬਿਰਤਾਂਤ ਵਰਗਾ ਹੈ। ਇਸ ਇਤਿਹਾਸ ਵਿੱਚ ਸਿੰਘਾਂ, ਜੋਧਿਆਂ ਅਤੇ ਮਰਜੀਵੜਿਆਂ ਦਾ ਕਿੰਨਾ ਲਹੂ ਕੁਰਬਾਨੀਆਂ ਦੇ ਮੰਡਲ ਵਿੱਚ ਡੁੱਲ੍ਹਿਆ, ਉਸਦਾ ਸੰਪੂਰਨ ਇਤਿਹਾਸ ਲਿਖਣਾ ਤਾਂ ਕੀ, ਚਿਤਵਿਆ ਵੀ ਨਹੀਂ ਜਾ ਸਕਦਾ। ਗੁਰੂ ਗੋਬਿੰਦ ਸਿੰਘ ਜੀ ਨੇ ਜਿਨ੍ਹਾਂ ਹਾਲਾਤ ਦਾ ਸਾਹਮਣਾ ਕੀਤਾ, ਉਸ ਲਈ ਹਰ ਕਿਸੇ ਸਿੱਖ ਦਾ ਤਾਂ ਕੀ, ਗ਼ੈਰ-ਸਿੱਖ ਦਾ ਵੀ ਸਿਰ ਝੁਕ ਜਾਂਦਾ ਹੈ। ਜੋਗੀ ਅੱਲਾ ਯਾਰ ਖਾਂ ਦਾਨਸ਼ਵਰ ਸ਼ਾਇਰ ਆਪਣੀ ਕਲਮ ਦਾ ਵੀ ਲੋਹਾ ਮੰਨਵਾ ਜਾਂਦਾ ਹੈ। ਇਸ ਕਾਲ ਦੀ ਉੱਤਮ ਇਤਿਹਾਸਕ ਜਿੱਤ ਦੀ ਚਿੱਠੀ 'ਜ਼ਫ਼ਰਨਾਮਾ' ਲਿਖ ਕੇ ਦਸਮ ਪਿਤਾ ਨੇ ਅਲੌਕਿਕਤਾ ਦਾ ਰੰਗ ਅਮਰ ਕਰ ਦਿੱਤਾ ਹੈ। ਇਸ ਸਾਰੇ ਕਰੁਣਾਮਈ ਬਿਰਤਾਂਤ ਦੀ ਪ੍ਰਸੰਗਤਾ ਜਦੋਂ ਨਵੇਂ ਇਤਿਹਾਸ ਨੂੰ ਸਿਰਜਣ ਦੀ ਯੋਜਨਾ ਬਣਾਉਂਦੀ ਹੈ ਤਾਂ ਇੱਕ ਤੂਫ਼ਾਨੀ ਜੋਧਾ ਬੰਦਾ ਸਿੰਘ ਬਹਾਦਰ ਮਾਧੋ ਦਾਸ ਤੋਂ ਗੁਰਬਖ਼ਸ਼ ਸਿੰਘ ਸਜ ਕੇ, ਗੁਰੂ ਗੋਬਿੰਦ ਸਿੰਘ ਦਾ ਥਾਪੜਾ ਬੰਦਾ ਬਹਾਦਰ ਦਾ ਰੂਪ ਧਾਰਦਾ। ਇੱਕ ਇਨਕਲਾਬੀ ਸੂਰਜ ਉਦੈ ਹੁੰਦਾ। ਦੱਖਣ ਦੀ ਗੁੱਠ 'ਚੋਂ ਜਵਾਲਾ ਭੜਕਦੀ ਹੋਈ ਪੰਜਾਬ ਦੀ ਮੁਗਲ ਸੱਤਾ ਨੂੰ ਵੰਗਾਰਨ ਤੁਰਦੀ। ਗੁਰੂ ਜੀ ਬੜੀ ਦੂਰ-ਦ੍ਰਿਸ਼ਟੀ ਅਤੇ ਜੰਗ ਦੀਆਂ ਵਿਉਂਤਾਂ ਸਮਝਾ ਬੰਦਾ ਸਿੰਘ ਬਹਾਦਰ 'ਤੇ ਬਖ਼ਸ਼ਿਸ਼ ਕਰਦੇ ਹਨ। ਆਪਣੇ ਪੰਜ

ਤੀਰ, ਨਗਾਰਾ, ਨਿਸ਼ਾਨ ਸਾਹਿਬ ਤੇ ਦੋ-ਤਿੰਨ ਦਰਜਨ ਸਿੰਘਾਂ ਨੂੰ ਜੱਥੇ ਦੇ ਰੂਪ ਵਿੱਚ ਸਰਹਿੰਦ ਫ਼ਤਹਿ ਕਰਨ ਲਈ ਤੋਰਦੇ ਹਨ। ਸੂਬਾ ਸਰਹਿੰਦ ਵਜ਼ੀਰ ਖਾਨ ਨੇ ਜੋ ਜ਼ੁਲਮ ਛੋਟੇ ਸਾਹਿਬਜ਼ਾਦਿਆਂ ਨਾਲ ਕੀਤਾ ਸੀ, ਉਸ ਅਤਿ ਨੀਚਤਾ ਦੇ ਜਬਰ ਵਿਰੁੱਧ ਲੋਕਾਈ ਭਾਵ ਪੰਜਾਬ ਵਿੱਚ ਬਹੁਤ ਗੁੱਸਾ ਸੀ। ਬਦਲਾ ਲੈਣ ਦੀ ਅਣਖ ਅੰਗੜਾਈਆਂ ਲੈ ਰਹੀ ਸੀ।

ਦੂਜੇ ਪਾਸੇ ਸੂਬਾ ਸਰਹਿੰਦ ਨੂੰ ਵੀ ਬੰਦਾ ਸਿੰਘ ਬਹਾਦਰ ਦੇ ਹਮਲੇ ਦੀਆਂ ਸੂਹਾਂ ਜ਼ੋਰਾਂ 'ਤੇ ਸਨ। ਵੱਡੀ ਸਲਤਨਤ ਨਾਲ ਸਿੰਘਾਂ ਦੇ ਚੁਣਵੇ ਧਾਵੇ ਦਾ ਬਹੁਤ ਸਖ਼ਤ ਮੁਕਾਬਲਾ ਹੋਣਾ ਸੀ। ਹੁਕਮਨਾਮੇ ਦੀ ਪਾਲਣਾ ਕਰਦੇ ਹੋਏ ਤੇ ਜੈਕਾਰੇ ਬੁਲਾਉਂਦੇ ਹੋਏ ਬੰਦੇ ਬਹਾਦਰ ਦੇ ਸਿੰਘ ਜੋਧਿਆਂ ਨੇ ਸਭ ਤੋਂ ਪਹਿਲਾਂ ਸੋਨੀਪਤ, ਸਮਾਣਾ, ਘੁੜਾਮ, ਮੁਸਤਾਫਾਬਾਦ, ਕਪੂਰੀ, ਸਢੌਰਾ, ਛੱਤ-ਬਨੂੜ ਨੂੰ ਫ਼ਤਹਿ ਕੀਤਾ ਤੇ ਪੰਜਾਬ ਵਿੱਚ ਬੰਦੇ ਬਹਾਦਰ ਦੀ ਚੜ੍ਹਤ ਦੇ ਨਗਾਰੇ ਵੱਜਣ ਲੱਗੇ। ਸਿੰਘਾਂ ਦਾ ਕਾਫ਼ਲਾ ਵੱਧਦਾ ਗਿਆ। ਵੈਰੀਆਂ ਤੋਂ ਧਨ-ਦੌਲਤ, ਅਸਲਾ, ਹਥਿਆਰ ਆਦਿ ਨਾਲ ਸਿੰਘ ਹੋਰ ਵੀ ਚੜ੍ਹਦੀ ਕਲਾ 'ਚ ਹੋ ਗਏ। ਦੂਜੇ ਪਾਸੇ ਨਵਾਬ ਵਜ਼ੀਰ ਖਾਨ ਬਨੂੜ ਆਉਣ ਦੀ ਬਜਾਏ ਚੱਪੜਚਿੜੀ ਪਹੁੰਚਣ ਲਈ ਕਮਾਨ ਕਸਣ ਲੱਗਾ। ਸਰਹਿੰਦ ਤੋਂ ਚੱਪੜਚਿੜੀ ਸਿੱਧੇ ਰਸਤੇ ਲਗਭਗ 20-25 ਮੀਲ ਪੈਂਦਾ ਸੀ। ਬੰਦੇ ਬਹਾਦਰ ਦੀ ਚੜ੍ਹਤ ਨੂੰ ਹੋਰ ਸ਼ਕਤੀ ਤੇ ਜੋਸ਼ ਦੇਣ ਲਈ ਹੁਕਮਨਾਮਿਆਂ ਦੀ ਪਾਲਣਾ ਕਰਦੇ ਮਾਝੇ ਅਤੇ ਦੁਆਬੇ ਦੇ ਸਿੰਘ ਕੀਰਤਪੁਰ ਅਤੇ ਰੋਪੜ ਤੋਂ ਚੱਪੜਚਿੜੀ ਦੇ ਮੈਦਾਨ ਵਿੱਚ ਪੁੱਜਣੇ ਸ਼ੁਰੂ ਹੋ ਗਏ। ਭਾਰੀ ਗਿਣਤੀ ਵੇਖਕੇ ਬੰਦਾ ਬਹਾਦਰ ਦਾ ਜੋਸ਼ ਠਾਠਾ ਮਾਰਨ ਲੱਗਿਆ।

ਬੰਦਾ ਬਹਾਦਰ ਦਾ ਚੱਪੜਚਿੜੀ ਦੇ ਮੈਦਾਨ ਨੂੰ ਜੰਗ ਲਈ ਚੁਣਨਾ ਕਈ ਪੱਖਾਂ ਤੋਂ ਸੁਯੋਗ ਸੀ। ਇੱਥੋਂ ਦੀ ਭੂਗੋਲਿਕ ਸਥਿਤੀ ਯੁੱਧ ਲਈ ਲਾਭਦਾਇਕ ਸੀ। ਜਨ-ਸਾਧਾਰਨ ਤੋਂ ਦੂਰ ਸੀ। ਪਾਣੀ ਦੀ ਨਦੀ ਪਟਿਆਲਾ ਕੀ ਰਾਓ ਇੱਥੋਂ ਲੰਘਦੀ ਸੀ। ਰੋਪੜ ਤੋਂ ਸਿੰਘਾਂ ਨੂੰ ਆਉਣ ਦਾ ਇਹ ਰਸਤਾ ਸਿੱਧਾ ਸੀ। ਸਿੰਘਾਂ ਨੂੰ ਦੁਸ਼ਮਣ ਤੋਂ ਲੁਕਣ ਲਈ ਇੱਥੇ ਝਿੜੀਆਂ, ਝੂੰਡ, ਸਰਕੜਾ, ਦਿੱਬ, ਕਿੱਕਰਾਂ ਦੇ ਦਰੱਖ਼ਤ ਸਨ। ਇਸ ਦੇ ਨੇੜੇ ਪੈਂਦਾ ਪਿੰਡ ਸੋਹਾਣਾ ਵੱਡਾ ਪਿੰਡ ਸੀ। ਖਰੜ, ਛੱਜੂ ਮਾਜਰਾ, ਬਲੌਂਗੀ, ਬੱਲੋਮਾਜਰਾ ਆਦਿ ਸ਼ਾਂਤ ਰਹਿਣ ਵਾਲੇ ਪਿੰਡ ਸਨ ਜਿਨ੍ਹਾਂ 'ਚੋਂ ਮੁਸਲਮਾਨ ਧਾਵਿਆਂ ਦਾ ਡਰ ਘੱਟ ਸੀ। ਚੱਪੜਚਿੜੀ ਮੈਦਾਨ 'ਚ ਉਦੋਂ 35-40 ਫੁੱਟ ਉੱਚਾ ਟਿੱਬਾ ਸੀ ਜਿੱਥੋਂ ਬੰਦੇ ਬਹਾਦਰ ਨੇ ਆਸਰਾ ਲਿਆ ਤੇ ਜੰਗ ਦੀ ਯੋਜਨਾ ਬਣਾਈ।

ਇਹ ਦੱਸਣਾ ਬਣਦਾ ਕਿ ਵਜ਼ੀਰ ਖਾਨ ਦੀ ਸੂਬੇਦਾਰੀ ਹੇਠ ਬਹੁਤ ਮਹੱਤਵਪੂਰਨ ਸੂਬਾ ਭਾਵ ਸਤਲੁਜ ਤੋਂ ਲੈ ਕੇ ਜਮਨਾ ਤੱਕ ਦਾ ਇਲਾਕਾ ਸੀ ਪਰੰਤੂ ਸੂਬਾ ਸਰਹਿੰਦ ਵਜ਼ੀਰ ਖਾਨ ਨੇ ਚੱਪੜਚਿੜੀ ਜੰਗ ਤੋਂ ਬਿਨਾਂ ਬੰਦਾ ਬਹਾਦਰ ਦੇ ਪਹਿਲੇ ਜਿੱਤੇ ਇਲਾਕਿਆਂ 'ਚ ਕੋਈ ਮੁਕਾਬਲਾ ਨਹੀਂ ਕੀਤਾ ਸੀ। ਇਸ ਪੱਖੋਂ ਉਹ ਘਬਰਾਇਆ ਹੋਇਆ ਸੀ।

ਚੱਪੜਚਿੜੀ ਦੇ ਯੁੱਧ ਲਈ ਵਜ਼ੀਰ ਖਾਨ ਕੋਲ ਬਕਾਇਦਾ ਹਥਿਆਰ ਬੰਦ ਸੈਨਾ ਸੀ। ਸਰਹਿੰਦ ਨੇੜਿਓਂ ਨਵਾਬ ਅਤੇ ਚੌਧਰੀ ਆਪਣੀਆਂ ਫ਼ੌਜਾਂ ਲੈ ਕੇ ਪਹੁੰਚੇ ਹੋਏ ਸਨ। ਵੱਡੀ ਗਿਣਤੀ ਵਿੱਚ ਹਾਥੀ, ਘੋੜ-ਸਵਾਰ, ਬੰਦੂਕਚੀ, ਨੇਜ਼ਾ ਬਰਦਾਰ, ਤਲਵਾਰਚੀ, ਕੁਝ ਤੋਪਾਂ ਆਦਿ ਨਾਲ ਮੈਦਾਨ ਭਰਿਆ ਹੋਇਆ ਸੀ। ਦੂਜੇ ਪਾਸੇ ਬੰਦਾ ਬਹਾਦਰ ਕੋਲ ਗੁਰੂ ਦੇ ਸਿੰਘ ਸਨ, ਗਿਣਤੀ ਪੱਖੋਂ ਦੁਸ਼ਮਣ ਦੇ ਮੁਕਾਬਲੇ ਘੱਟ ਪਰੰਤੂ ਨਿਧੜਕ, ਜੂਝਣ ਵਾਲੇ ਮਰਜੀਵੜੇ ਸਨ ਜਿਹੜੇ ਵਜ਼ੀਰ ਖਾਨ ਨੂੰ ਮਾਰ ਮੁਕਾਉਣ ਉੱਤੇ ਤੁਲੇ ਹੋਏ ਸਨ। ਬੰਦਾ ਬਹਾਦਰ ਦੇ ਸੱਜੇ-ਖੱਬੇ ਭਾਈ ਬਾਜ਼ ਸਿੰਘ, ਭਾਈ ਫ਼ਤਿਹ ਸਿੰਘ, ਭਾਈ ਆਲੀ ਸਿੰਘ, ਭਾਈ ਮਾਲੀ ਸਿੰਘ, ਭਾਈ ਕਰਮ ਸਿੰਘ, ਭਾਈ ਧਰਮ ਸਿੰਘ, ਬਾਵਾ ਬਿਨੋਦ ਸਿੰਘ, ਬਾਵਾ ਕਾਨ੍ਹ ਸਿੰਘ, ਭਾਈ ਰਾਮ ਸਿੰਘ ਅਤੇ ਸ਼ਾਮ ਸਿੰਘ ਆਦਿ ਸਿੰਘ ਘੋੜਿਆਂ 'ਤੇ ਸਵਾਰ ਹੋਏ ਖੜ੍ਹੇ ਸਨ। ਵਜ਼ੀਰ ਖਾਨ ਦੀ ਸੈਨਾ ਅੱਗੇ ਹਾਥੀ ਸਨ, ਪਿੱਛੇ ਫ਼ੌਜ ਸੀ। ਦੋਹਾਂ ਪਾਸਿਆਂ ਘੋੜ-ਸਵਾਰ ਸਨ। ਵਜ਼ੀਰ ਖਾਨ ਹਾਥੀ 'ਤੇ ਅਸਵਾਰ ਆਪਣੀ ਫ਼ੌਜ ਦੇ ਵਿਚਕਾਰ ਸੀ। ਬੰਦਾ ਬਹਾਦਰ ਨੇ ਹੌਸਲੇ ਬੁਲੰਦ ਕਰਨ ਲਈ ਜੈਕਾਰਾ ਛੱਡਿਆ ਤੇ ਸਿੰਘ ਦੁਸ਼ਮਣ 'ਤੇ ਟੁੱਟ ਪਏ। ਘਸਮਾਨ ਛਿੜ ਗਿਆ। ਸਿੰਘ ਜਿੱਤਣ ਤੇ ਸ਼ਹੀਦ ਹੋਣ ਦੀ ਕਸਮ ਖਾ ਕੇ ਲੜਨ ਆਏ ਸਨ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਵਾਲਾ ਜੋਸ਼ ਵਧਦਾ ਹੀ ਜਾ ਰਿਹਾ ਸੀ। ਦੁਸ਼ਮਣ ਬਚਾਓ ਲਈ ਸੋਚ ਰਿਹਾ ਸੀ। ਬੰਦਾ ਬਹਾਦਰ ਵੈਰੀਆ 'ਤੇ ਭੁੱਖੇ ਸ਼ੇਰ ਵਾਂਗ ਵਾਰ ਕਰ ਰਿਹਾ ਸੀ। ਭਾਈ ਬਾਜ਼ ਸਿੰਘ ਤੇ ਭਾਈ ਫ਼ਤਿਹ ਸਿੰਘ ਉਸ ਦੇ ਅੰਗ-ਸੰਗ ਲੜ ਰਹੇ ਸਨ। ਆਹਮੋ-ਸਾਹਮਣੇ ਦੀ ਲੜਾਈ ਸੀ। ਜੰਗ ਸਿਖ਼ਰਾਂ 'ਤੇ ਸੀ। ਬੰਦੇ ਬਹਾਦਰ ਤੇ ਸਿੰਘਾਂ ਦਾ ਜੋਸ਼ ਬਿਆਨੋ ਬਾਹਰ ਸੀ, ਬੰਦੇ ਦੀ ਤਲਵਾਰ ਮਿਆਨੋ ਬਾਹਰ ਸੀ। ਇੱਕੋ ਵਾਰ ਨਾਲ ਉਸਨੇ ਵਜ਼ੀਰ ਖਾਨ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ। ਦੇਖਦੇ-ਦੇਖਦੇ ਮੁਗਲ ਸੈਨਾ ਮੈਦਾਨ ਛੱਡ ਨੱਠੀ। ਸਿੰਘ ਅੱਗੇ ਵਧਦੇ-ਵਧਦੇ ਸਰਹਿੰਦ ਫ਼ਤਿਹ ਕਰ ਗਏ। ਵਜ਼ੀਰ ਖਾਨ ਨੂੰ ਕਤਲ ਕਰਨ ਬਾਰੇ ਭਾਵੇਂ ਵੱਖ-

ਵੱਖ ਇਤਿਹਾਸਕਾਰ ਮਤਭੇਦ ਰੱਖਦੇ ਹੋਣ। ਆਖ਼ਿਰ ਫ਼ਤਿਹ ਤਾਂ ਬੰਦਾ ਬਹਾਦਰ ਦੀ ਹੀ ਮੰਨੀ ਜਾਂਦੀ ਹੈ। ਵਜ਼ੀਰ ਖਾਨ ਦੀ ਲਾਸ਼ ਨੂੰ ਜੰਡ ਨਾਲ ਟੰਗਿਆ ਗਿਆ। ਸੁੱਚਾ ਨੰਦ ਨੂੰ ਨੱਕ 'ਚ ਨਕੇਲ ਪਾ ਕੇ ਸਰਹਿੰਦ ਦੀਆਂ ਗਲੀਆਂ 'ਚ ਘਸੀਟ-ਘਸੀਟ ਕੇ ਮੁਕਾਇਆ ਗਿਆ। ਦੁਸ਼ਮਣਾਂ ਦੇ ਘੋੜੇ, ਹਥਿਆਰ, ਤੰਬੂ, ਤੋਪਾਂ, ਅਸਲਾ ਆਦਿ ਕਬਜ਼ੇ ਕਰ ਲਿਆ ਗਿਆ। ਸਰਹਿੰਦ 'ਤੇ ਕਿਆਮਤ ਪਸਰ ਗਈ। ਇੱਟ ਨਾਲ ਇੱਟ ਖੜਕਾ ਦਿੱਤੀ ਗਈ। ਖ਼ਾਲਸੇ ਦੀ ਜਿੱਤ ਦਾ ਨਿਸ਼ਾਨ-ਸਾਹਿਬ ਲਹਿਰਾਉਣ ਲੱਗਾ। ਸਰਹਿੰਦ ਬੰਦਾ ਬਹਾਦਰ ਦੇ ਪੂਰੇ ਕਬਜ਼ੇ 'ਚ ਆ ਗਈ। ਖ਼ਾਲਸਾ ਦਰਬਾਰ ਲਾਇਆ, ਖ਼ਾਲਸੇ ਰਾਜ ਦੀ ਸਥਾਪਨਾ ਦਾ ਐਲਾਨ ਕੀਤਾ ਤੇ ਜ਼ਮੀਨ ਉਸਦੀ ਹੈ ਜਿਹੜਾ ਇਸ ਦਾ ਵਾਹਕ ਹੈ। ਭਾਈ ਬਾਜ਼ ਸਿੰਘ ਨੂੰ ਸਰਹੰਦ ਪ੍ਰਾਂਤ ਦਾ ਗਵਰਨਰ ਥਾਪਿਆ। ਭਾਈ ਆਲੀ ਸਿੰਘ ਨੂੰ ਉਸਦਾ ਨਾਇਬ ਸੂਬੇਦਾਰ ਲਾਇਆ। ਭਾਈ ਫ਼ਤਿਹ ਸਿੰਘ ਨੂੰ ਸਮਾਣੇ ਦਾ ਗਵਰਨਰ, ਭਾਈ ਰਾਮ ਸਿੰਘ ਨੂੰ ਥਾਨੇਸ਼ਵਰ ਦਾ ਗਵਰਨਰ ਨਿਯੁਕਤ ਕੀਤਾ ਗਿਆ। ਚੱਪੜਚਿੜੀ ਦੀ ਇਹ ਜੰਗ 12 ਮਈ, 1710 ਨੂੰ ਲੜੀ ਗਈ ਸੀ। ਸੋਚਣ ਵਾਲੀ ਗੱਲ ਹੈ ਕਿ ਸ੍ਰੀ ਅਨੰਦਪੁਰ ਛੱਡਣਾ 1704 ਤੋਂ ਲੈ ਕੇ 1710 ਤੱਕ ਦਾ ਅਲੌਕਿਕ ਛੇ ਸਾਲਾਂ ਦਾ ਇਤਿਹਾਸ ਬਹੁਤ ਕੁਝ ਸਿਖਾਉਂਦਾ ਹੈ। ਇਸ ਸਾਰੇ ਇਤਿਹਾਸ ਦੀ ਯਾਦ ਨੂੰ 2011 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੱਲੋਂ ਚੱਪੜਚਿੜੀ ਵਿਖੇ ਫ਼ਤਿਹ ਬੁਰਜ ਦੇ ਰੂਪ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸਾਨੀ ਜਿੱਤ ਨੂੰ ਯਾਦ ਕੀਤਾ ਗਿਆ। 1950 'ਚ ਚੱਪੜਚਿੜੀ ਕਲਾਂ ਅਤੇ ਚੱਪੜਚਿੜੀ ਖ਼ੁਰਦ ਦੇ ਪਿੰਡਾਂ ਨੇ ਸਾਂਝੇ ਤੌਰ 'ਤੇ ਉੱਦਮ ਕਰਕੇ ਸ੍ਰੀ ਗੁਰਦੁਆਰਾ ਸਾਹਿਬ ਉਸਾਰਿਆ ਜੋ ਹੁਣ ਨਵੀਂ ਇਮਾਰਤ ਬਣਕੇ ਸ਼ਾਨਦਾਰ ਸੋਭਾ ਦੇ ਰਿਹਾ ਹੈ। ਅੰਬਰ ਛੂੰਹਦੇ ਫ਼ਤਿਹ ਬੁਰਜ (8 ਭੁਜਾ ਮੀਨਾਰ) 'ਤੇ 46 ਕਰੋੜ ਦੋ ਲੱਖ ਰੁਪਏ ਖਰਚ ਹੋਏ ਅਤੇ ਗਿਆਰ੍ਹਾਂ ਮਹੀਨਿਆਂ 'ਚ ਬਣਾਕੇ ਰਿਕਾਰਡ ਪੈਦਾ ਕੀਤਾ। ਸਟੀਲ ਅਤੇ ਕੰਕਰੀਟ ਮੀਨਾਰ ਦੀਆਂ ਬਣੀਆਂ ਤਿੰਨ ਮੰਜ਼ਿਲਾਂ ਅਹਿਮ ਜਿੱਤਾਂ ਸਮਾਣਾ, ਸਢੌਰਾ ਅਤੇ ਸਰਹਿੰਦ ਨੂੰ ਦਰਸਾਉਂਦੀਆਂ ਹਨ। ਸਿਖ਼ਰ 'ਤੇ ਖੰਡਾ ਹੈ। ਫ਼ਤਿਹ ਬੁਰਜ ਕੰਪਲੈਕਸ 20 ਏਕੜ 'ਚ ਫੈਲਿਆ ਹੋਇਆ। ਚੱਪੜਚਿੜੀ ਪਿੰਡ ਦੀ ਸ਼ਾਮਲਾਤ 'ਚ ਬਣੀ ਇਹ ਯਾਦਗਾਰ ਐਸ. ਏ. ਐਸ. ਨਗਰ ਮੋਹਾਲੀ ਦੇ ਸੈਕਟਰ-93 'ਚ ਸਥਿਤ ਹੈ। ਭਾਰਤ ਵਿੱਚ ਸਭ ਤੋਂ ਉੱਚਾ ਮੀਨਾਰ 328 ਫੁੱਟ ਉੱਚਾਈ ਵਾਲਾ ਪਹਿਲੀ ਨਵੰਬਰ, 2011 ਨੂੰ ਲੋਕ-ਅਰਪਣ ਕੀਤਾ ਗਿਆ। ਸੈਲਾਨੀ ਵੇਖਣ ਆਉਂਦੇ

ਹਨ। ਛੇ ਉੱਚੇ ਟਿੱਲਿਆਂ 'ਤੇ ਛੇ ਬੁੱਤ ਹਾਜ਼ਰੀ ਭਰਦੇ ਹਨ। ਬੰਦਾ ਸਿੰਘ ਬਹਾਦਰ, ਪੰਜ ਜਰਨੈਲ ਬਾਬਾ ਬਾਜ਼ ਸਿੰਘ, ਬਾਬਾ ਰਾਮ ਸਿੰਘ, ਬਾਬਾ ਆਲੀ ਸਿੰਘ, ਬਾਬਾ ਮਾਲੀ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਦੇ ਬੁੱਤ ਚੱਪੜਚਿੜੀ ਯੁੱਧ ਦੇ ਇਤਿਹਾਸ ਨੂੰ ਯਾਦ ਕਰਵਾਉਦੇ ਹਨ। ਓਪਨ ਏਅਰ ਥੀਏਟਰ, ਬਨਾਵਟੀ ਝੀਲ, 3 ਡੀ ਸ਼ੋਅ ਤੇ ਲੇਜਰ ਸ਼ੋਅ ਵੀ ਕੀਤਾ ਜਾਂਦਾ। ਇਹ ਇਤਿਹਾਸਕ ਅਸਥਾਨ ਪੁਆਧ ਖੇਤਰ ਦਾ ਪਛਾਣ-ਚਿੰਨ੍ਹ ਬਣ ਗਿਆ ਹੈ ਜੋ ਸੂਰਬੀਰ ਮਹਾਂਬਲੀ ਬਾਬਾ ਬੰਦਾ ਸਿੰਘ ਬਹਾਦਰ ਦੇ ਇਤਿਹਾਸ ਨੂੰ ਚੇਤੇ ਕਰਵਾਉਂਦਾ। ਇਸ ਯਾਦਗਾਰ ਦੀ ਦੇਖਭਾਲ ਮੋਹਾਲੀ ਦਾ ਗਮਾਡਾ ਅਦਾਰਾ ਕਰਦਾ ਹੈ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ ਦੀ ਅਗਵਾਈ ਅਧੀਨ ਇਸ ਨੂੰ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਰਾਹੀਂ ਤਿਆਰ ਕੀਤਾ ਗਿਆ ਸੀ।

**ਮੋ. 98151-23900**

●

# ਤੀਜਾ ਖੰਡ

(ਪੁਆਧ ’ਚ ਖ਼ਾਲਸਾ ਪੰਥ ਨਾਲ
ਸਬੰਧਿਤ ਇਤਿਹਾਸਕ ਯਾਦਗਾਰਾਂ)

# ਅੱਠਵਾਂ ਅਜੂਬਾ : ਵਿਰਾਸਤ-ਏ-ਖ਼ਾਲਸਾ

• **ਪ੍ਰੋ. ਸੁਖਵਿੰਦਰ ਸਿੰਘ**

ਵਿਸ਼ਵ ਪ੍ਰਸਿੱਧ ਧਾਰਮਿਕ ਨਗਰੀ, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀ ਸੀਮਾ ਉੱਤੇ ਸ਼ਿਵਾਲਿਕ ਦੀਆਂ ਰਮਣੀਕ ਪਹਾੜੀਆਂ ਦੀ ਗੋਦ ਵਿੱਚ ਵਸੇ ਸ੍ਰੀ ਅਨੰਦਪੁਰ ਸਾਹਿਬ ਦੀ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹੱਤਤਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਪੂਜਨੀਕ ਮਾਤਾ ਨਾਨਕੀ ਜੀ ਦੇ ਨਾਮ 'ਤੇ ਚੱਕ ਨਾਨਕੀ ਨਗਰ ਵਸਾਇਆ ਜੋ ਬਾਅਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਇਆ। ਸ੍ਰੀ ਅਨੰਦਪੁਰ ਆਲਮੀ ਜਗਤ ਦੀ ਅਜਿਹੀ ਧਰਤੀ ਹੈ, ਜਿੱਥੋਂ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਤਿਲਕ ਜੰਞੂ ਦੀ ਰਾਖੀ ਲਈ ਆਪ ਚੱਲ ਕੇ ਦਿੱਲੀ ਸ਼ਹਾਦਤ ਦੇਣ ਗਏ ਸਨ। ਭਗਤੀ ਅਤੇ ਸ਼ਕਤੀ ਦੇ ਜਜ਼ਬੇ ਨਾਲ ਲਬਰੇਜ਼ 'ਖ਼ਾਲਸਾ ਪੰਥ' ਦੀ ਜਨਮ ਦਾਤੀ ਹੋਣ ਦਾ ਸੁਭਾਗ ਵੀ ਇਸ ਧਰਤ ਦੇ ਹਿੱਸੇ ਆਇਆ ਹੈ। ਇੱਥੇ ਸੁਸ਼ੋਭਿਤ ਤਖ਼ਤ 'ਸ੍ਰੀ ਕੇਸਗੜ੍ਹ ਸਾਹਿਬ' ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ, ਜਿਸ ਦੀ ਆਪਣੀ ਵਿਸ਼ੇਸ਼ ਮਹਾਨਤਾ ਹੈ। ਇੱਥੇ ਮਨਾਏ ਜਾਂਦੇ ਖ਼ਾਲਸਾਈ ਜਾਹੋ-ਜਲਾਲ ਦੇ ਪ੍ਰਤੀਕ ਹੋਲਾ-ਮਹੱਲੇ ਕਾਰਨ ਵੀ ਸ੍ਰੀ ਅਨੰਦਪੁਰ ਸਾਹਿਬ ਦੀ ਸਮੁੱਚੀ ਦੁਨੀਆਂ ਵਿੱਚ ਵਿਲੱਖਣ ਪਛਾਣ ਹੈ। ਇੱਥੇ ਹੀ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਖ਼ਾਲਸੇ ਦੀ ਅਮੀਰ ਵਿਰਾਸਤ ਦਾ ਦਰਪਣ ਅੱਠਵਾਂ ਅਜੂਬਾ 'ਵਿਰਾਸਤ-ਏ-ਖ਼ਾਲਸਾ' ਸਥਿਤ ਹੈ।

ਮਹਾਂ-ਪੰਜਾਬ ਦੇ ਸੱਭਿਆਚਾਰ ਅਤੇ ਖ਼ਾਲਸੇ ਦੇ ਸ਼ਾਨਾਮੱਤੇ ਇਤਿਹਾਸ ਨੂੰ ਸਦੀਵੀਂ ਸਾਂਭਣ ਲਈ 1999 ਈਸਵੀਂ ਵਿੱਚ ਖ਼ਾਲਸੇ ਦੇ 300 ਸਾਲਾ ਸਾਜਨਾ ਦਿਵਸ ਮੌਕੇ ਤਤਕਾਲੀ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਵਿਰਾਸਤ-ਏ-ਖ਼ਾਲਸਾ ਅਜਾਇਬ ਘਰ ਬਣਾਉਣ ਦਾ ਨਿਰਣਾ ਲਿਆ ਅਤੇ ਇਜ਼ਰਾਇਲ ਦੇ ਰਹਿਣ ਵਾਲੇ ਅੰਤਰ-ਰਾਸ਼ਟਰੀ ਪ੍ਰਸਿੱਧੀ ਹਾਸਿਲ ਆਰਕੀਟੈਕਚਰ ਮੋਸ਼ੇ ਸ਼ੈਫਦੀ ਨੇ ਵਿਰਾਸਤ-ਏ-ਖ਼ਾਲਸਾ ਦਾ ਡਿਜ਼ਾਇਨ ਤਿਆਰ ਕੀਤਾ। ਇਸ ਅਜਾਇਬ ਘਰ ਦਾ ਪਹਿਲਾ ਨਾਂ 'ਖ਼ਾਲਸਾ ਹੈਰੀਟੇਜ ਮੈਮੋਰੀਅਲ ਕੰਪਲੈਕਸ' ਸੀ।

ਵਿਰਾਸਤ-ਏ-ਖ਼ਾਲਸਾ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਸਿੱਖ ਧਰਮ ਦੀ ਪਰੰਪਰਾ ਦੇ 550 ਸਾਲਾਂ ਦੀ ਯਾਦ ਦਿਵਾਉਂਦਾ ਹੈ। 25 ਨਵੰਬਰ, 2011

ਨੂੰ ਇਸ ਅਜਾਇਬ ਘਰ ਦੇ ਉਦਘਾਟਨ ਉਪਰੰਤ ਇਸ ਦਾ ਪਹਿਲਾ ਭਾਗ ਲੋਕਾਂ ਦੇ ਦੇਖਣ ਲਈ ਖੋਲ੍ਹਿਆ ਗਿਆ ਅਤੇ ਦੂਜਾ ਭਾਗ 25 ਨਵੰਬਰ 2016 ਨੂੰ ਲੋਕ ਅਰਪਿਤ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਇਸ ਅਜਾਇਬ ਘਰ ਦੇ ਨਿਰਮਾਣ ਲਈ 450 ਕਰੋੜ ਰੁਪਏ ਦੇ ਕਰੀਬ ਖਰਚ ਕੀਤਾ ਗਿਆ। ਕਈ ਏਕੜ ਵਿੱਚ ਬਣਿਆ ਵਿਰਾਸਤ-ਏ-ਖ਼ਾਲਸਾ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਮੁੱਖ ਦੁਆਰ 'ਚੋਂ ਪ੍ਰਵੇਸ਼ ਹੁੰਦਿਆਂ ਹੀ ਸੱਜੇ ਪਾਸੇ ਡਿਜ਼ੀਟਲ ਲਾਇਬ੍ਰੇਰੀ ਤੇ ਰੀਡਿੰਗ ਹਾਲ ਆਉਂਦਾ ਹੈ। ਖੱਬੇ ਹੱਥ ਪ੍ਰਦਰਸ਼ਨੀ ਹਾਲ ਅਤੇ ਆਧੁਨਿਕ ਤਕਨੀਕਾਂ ਨਾਲ ਲੈਸ ਆਡੀਟੋਰੀਅਮ ਹਾਲ ਹੈ। ਇਸ ਤੋਂ ਅਗਾਂਹ 165 ਮੀਟਰ ਲੰਮਾ ਪੁਲ ਹੈ ਜਿਹੜਾ ਪੂਰਬ ਵੱਲ ਦੀ ਮੁੱਖ ਇਮਾਰਤ ਬਲਾਕ-ਏ ਅਤੇ ਬਲਾਕ-ਬੀ ਨੂੰ ਜੋੜਦਾ ਹੈ। ਪੁਲ ਪਾਰ ਕਰਨ ਸਮੇਂ ਇਕ ਵੱਖਰਾ ਦਿਲਕਸ਼ ਤੇ ਕੁਦਰਤੀ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਹਰੇ-ਭਰੇ ਪਾਰਕ ਤੇ ਸੱਤ ਏਕੜ ਵਿੱਚ ਬਣੀ ਜਲ ਝੀਲ ਦੇ ਮਨਮੋਹਕ ਦ੍ਰਿਸ਼ ਸੈਲਾਨੀਆਂ ਦਾ ਉਚੇਚਾ ਧਿਆਨ ਖਿੱਚਦੇ ਹਨ। ਆਲੇ-ਦੁਆਲੇ ਹਰਿਆਲੀ ਭਰਪੂਰ ਪਹਾੜੀਆਂ ਮਨ ਨੂੰ ਸਕੂਨ ਦਿੰਦੀਆਂ ਹਨ। ਪੁਲ ਦੇ ਹੇਠਾਂ ਹੀ ਸੈਲਾਨੀਆਂ ਦੇ ਖਾਣ-ਪੀਣ ਲਈ ਕੈਫੇਟੇਰੀਆ ਬਣਿਆ ਹੋਇਆ ਹੈ।

ਵਿਰਾਸਤ-ਏ-ਖ਼ਾਲਸਾ ਭਵਨ ਨਿਰਮਾਣ ਕਲਾ ਦਾ ਇੱਕ ਉੱਤਮ ਨਮੂਨਾ ਹੈ। ਸਾਰੀ ਇਮਾਰਤ ਦੀ ਉਸਾਰੀ ਕੰਕਰੀਟ ਤੋਂ ਹੋਈ ਹੈ। ਸਥਾਨਕ ਭੂਰੇ ਰੰਗ ਦੇ ਪੱਥਰ ਇਮਾਰਤ ਨੂੰ ਢੱਕਣ ਲਈ ਵਰਤੇ ਗਏ ਹਨ। ਇਸ ਅਜਾਇਬ ਘਰ ਦੀਆਂ ਵੱਡ-ਆਕਾਰੀ ਸਟੀਲ ਦੀਆਂ ਛੱਤਾਂ ਸੂਰਜ ਦੀ ਰੌਸ਼ਨੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਵੱਲ ਨੂੰ ਪ੍ਰਤੀਬਿੰਬਤ ਕਰਦੀਆਂ ਹਨ। ਆਰਕੀਟੈਕਚਰ ਵੱਲੋਂ ਪੰਜ ਪੱਤੀਆਂ ਅਤੇ ਕਿਸ਼ਤੀਨੁਮਾ ਇਮਾਰਤਾਂ ਰਾਹੀਂ ਪੰਜ ਦਰਿਆਵਾਂ ਦੀ ਧਰਤੀ ਅਤੇ ਪੰਜ ਪਿਆਰਿਆਂ ਦੇ ਸੰਕਲਪ ਨੂੰ ਪ੍ਰਗਟਾਇਆ ਗਿਆ ਹੈ। ਇਨ੍ਹਾਂ ਦੋਵਾਂ ਇਮਾਰਤਾਂ ਵਿੱਚ ਕੁੱਲ 27 ਗੈਲਰੀਆਂ ਹਨ ਜਿਨ੍ਹਾਂ ਵਿੱਚ ਪੁਰਾਣੇ ਪੰਜਾਬੀ ਸੱਭਿਆਚਾਰ, ਦਸ ਗੁਰੂ ਸਾਹਿਬਾਨ, ਬਾਰਾਂ ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਦੇ ਸ਼ਾਹੀ ਦਰਬਾਰ, ਈਸਟ ਇੰਡੀਆ ਕੰਪਨੀ ਦੇ ਪ੍ਰਵੇਸ਼, ਐਂਗਲੋ-ਸਿੱਖ ਜੰਗਾਂ ਅਤੇ ਅੰਗਰੇਜ਼ਾਂ ਦੇ ਕਾਬਜ਼ ਹੋਣ ਬਾਰੇ ਇਤਿਹਾਸਕ ਪਹਿਲੂਆਂ ਨੂੰ ਬਹੁਤ ਹੀ ਸੁੰਦਰ ਅਤੇ ਦਿਲ ਖਿੱਚਵੇਂ ਰੂਪ ਵਿੱਚ ਦਿਖਾਇਆ ਗਿਆ ਹੈ।

ਵਿਰਾਸਤ-ਏ-ਖ਼ਾਲਸਾ ਦੇ ਪਹਿਲੇ ਪੜਾਅ ਵਿੱਚ 14 ਗੈਲਰੀਆਂ ਹਨ ਜਿੱਥੇ ਅਤਿ-ਆਧੁਨਿਕ ਤਕਨੀਕਾਂ ਅਤੇ ਮਲਟੀਮੀਡੀਆ ਦੇ ਜ਼ਰੀਏ ਪੁਰਾਣੇ ਪੰਜਾਬੀ ਸੱਭਿਆਚਾਰ, ਰਹਿਣ-ਸਹਿਣ, ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਮਿਲਣ ਤੱਕ ਦੇ ਇਤਿਹਾਸ ਨੂੰ ਰੂਪਮਾਨ ਕੀਤਾ ਗਿਆ ਹੈ। ਪਹਿਲੀ ਗੈਲਰੀ ਵਿੱਚ ਪ੍ਰਵੇਸ਼ ਕਰਦਿਆਂ ਹੀ ਲੋਕ-ਗੀਤਾਂ ਦੇ ਸੁਰੀਲੇ ਬੋਲ ਸੁਣਾਈ ਦਿੰਦੇ ਹਨ। ਇੱਥੇ ਹੀ 8 ਮਿੰਟਾਂ ਦੇ ਲਾਈਟ ਐਂਡ ਸਾਊਂਡ ਸ਼ੋਅ ਰਾਹੀਂ ਸੂਰਜ ਉਦੈ ਹੋਣ ਤੋਂ ਲੈ ਕੇ ਸ਼ਾਮ ਤੱਕ ਦੇ ਪੰਜਾਬੀ ਸੱਭਿਆਚਾਰ ਦੇ ਝਲਕਾਰੇ ਪੇਸ਼ ਕੀਤੇ ਗਏ ਹਨ। ਇੱਥੇ ਇਹ ਗੱਲ ਦੱਸਣਯੋਗ ਹੈ ਕਿ ਹਰ ਸੈਲਾਨੀ ਨੂੰ ਪਹਿਲੀ ਗੈਲਰੀ ਵਿੱਚ ਪ੍ਰਵੇਸ਼ ਕਰਨ ਸਮੇਂ ਸੁਣਨ ਵਾਲਾ ਯੰਤਰ ਦਿੱਤਾ ਜਾਂਦਾ ਹੈ ਜਿਹੜਾ ਸੈਂਸਰ ਜ਼ਰੀਏ ਹਰ ਗੈਲਰੀ ਵਿੱਚ ਪ੍ਰਵੇਸ਼ ਹੁੰਦਿਆਂ ਸਾਰ ਹੀ ਤਿੰਨ ਭਾਸ਼ਾਵਾਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਉਸ ਗੈਲਰੀ ਦੇ ਇਤਿਹਾਸ ਬਾਰੇ ਜਾਣੂੰ ਕਰਵਾਉਂਦਾ ਹੈ।

ਦੂਜੇ ਪੜਾਅ ਵਿੱਚ 15 ਤੋਂ ਲੈ ਕੇ 27 ਤੱਕ ਗੈਲਰੀਆਂ ਹਨ ਜਿਨ੍ਹਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਭਾਰਤ ਦੀ ਆਜ਼ਾਦੀ ਤੱਕ ਦੇ ਪੰਜਾਬ ਦੇ ਅਮੀਰ ਤੇ ਗੌਰਵਮਈ ਸਿੱਖ ਇਤਿਹਾਸ ਨੂੰ ਹਸਤਕਲਾ ਅਤਿ-ਆਧੁਨਿਕ ਥ੍ਰੀ-ਡੀ ਤਕਨੀਕ ਸਮੇਤ ਆਡੀਓ-ਵਿਜ਼ੂਅਲ (ਸੁਣਨ-ਵੇਖਣ) ਮਾਧਿਅਮ ਰਾਹੀਂ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਇਕ ਲੜੀ ਵਿਚ ਪਰੋਇਆ ਗਿਆ ਹੈ। ਇੱਥੇ ਹੀ ਸਿਲੀਕਾਨ ਤੋਂ ਬਣੇ ਬੁੱਤ ਅਸਲੀ ਅਤੇ ਮੂੰਹੋਂ ਬੋਲਦੇ ਪ੍ਰਤੀਤ ਹੁੰਦੇ ਹਨ। ਮਾਸਟਰ ਤਾਰਾ ਸਿੰਘ ਦਾ ਭਾਸ਼ਣ ਦਿੰਦਾ ਹੋਇਆ ਬੁੱਤ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੋਇਆ ਉਨ੍ਹਾਂ ਦਾ ਧਿਆਨ ਉਚੇਚੇ ਰੂਪ ਵਿੱਚ ਖਿੱਚਦਾ ਹੈ।

ਵਿਰਾਸਤ-ਏ-ਖ਼ਾਲਸਾ ਦੇਸ਼ ਵਿੱਚ ਸਭ ਤੋਂ ਵੱਧ ਵੇਖਿਆ ਜਾਣ ਵਾਲਾ ਅਜਾਇਬਘਰ ਹੈ। ਅਕਸਰ ਹੀ ਵੱਡੀ ਗਿਣਤੀ ਵਿੱਚ ਇੱਥੇ ਸੈਲਾਨੀਆਂ ਦੀ ਆਮਦ ਬਣੀ ਰਹਿੰਦੀ ਹੈ। ਰਿਕਾਰਡ ਤੋੜ ਦਰਸ਼ਕਾਂ ਵੱਲੋਂ ਵੇਖੇ ਜਾਣ ਕਰਕੇ ਇਸ ਦਾ ਨਾਂ 'ਲਿਮਕਾ ਬੁੱਕ ਆਫ ਰਿਕਾਰਡਜ਼', 'ਏਸ਼ੀਆ ਬੁੱਕ ਆਫ ਰਿਕਾਰਡਜ਼' ਅਤੇ 'ਵਰਲਡ ਬੁੱਕ ਆਫ ਰਿਕਾਰਡਜ਼' ਵਿੱਚ ਦਰਜ ਹੋ ਚੁੱਕਾ ਹੈ। ਦੇਸ਼-ਵਿਦੇਸ਼ ਦੀਆਂ ਪ੍ਰਮੁੱਖ ਹਸਤੀਆਂ ਕੈਨੇਡਾ ਦੇ ਪ੍ਰਧਾਨ ਮੰਤਰੀ, ਮੌਰੀਸ਼ਸ਼ ਦੇ ਰਾਸ਼ਟਰਪਤੀ, ਵੱਖ-ਵੱਖ ਸੂਬਿਆਂ ਦੇ ਰਾਜਪਾਲ, ਮੁੱਖ ਮੰਤਰੀ, ਕੈਬਨਿਟ ਮੰਤਰੀ ਰਾਜਦੂਤ ਅਤੇ ਮੈਂਬਰ ਪਾਰਲੀਮੈਂਟ ਇਸ ਦੇ ਦਰਸ਼ਨ ਕਰ ਚੁੱਕੇ ਹਨ।

ਸੈਰ-ਸਪਾਟਾ ਵਿਭਾਗ, ਪੰਜਾਬ ਵੱਲੋਂ ਬੜੇ ਸੁਚੱਜੇ ਢੰਗ ਨਾਲ ਵਿਰਾਸਤ-ਏ-ਖ਼ਾਲਸਾ ਦੀ ਸਾਂਭ-ਸੰਭਾਲ ਅਤੇ ਸੰਚਾਲਨ ਕੀਤਾ ਜਾ ਰਿਹਾ ਹੈ। ਇਸ ਦੀ ਸਾਂਭ-ਸੰਭਾਲ ਅਤੇ ਸੈਲਾਨੀਆਂ ਦੀ ਸਹੂਲਤ ਲਈ ਤਿੰਨ ਤਰ੍ਹਾਂ ਦੇ ਲਗਭਗ 150 ਸਟਾਫ਼ ਮੈਂਬਰਜ਼— 1. ਸਕਿਓਰਿਟੀ ਸਟਾਫ਼- ਦਰਸ਼ਕਾਂ ਤੇ ਬਿਲਡਿੰਗ ਦੀ ਸੁਰੱਖਿਆ ਲਈ, 2. ਸਮਾਨ ਦੇ ਰੱਖ-ਰਖਾਵ ਲਈ ਸਟਾਫ਼, 3. ਮਾਰਗ ਦਰਸ਼ਨ ਲਈ ਸਟਾਫ਼ ਦਾ ਪ੍ਰਬੰਧ ਕੀਤਾ ਗਿਆ ਹੈ ਜਿਹੜੇ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦੇ ਹਨ। ਸੈਲਾਨੀ ਦਿਨ ਸੋਮਵਾਰ ਨੂੰ ਛੱਡ ਕੇ ਹਫ਼ਤੇ ਦੇ ਬਾਕੀ ਦਿਨ ਸਵੇਰੇ 10:00 ਵਜੇ ਤੋਂ ਸ਼ਾਮ 4:30 ਵਜੇ ਤੱਕ ਟਿਕਟ ਕਾਊਂਟਰ ਉੱਤੇ ਆਪਣਾ ਪਛਾਣ ਪੱਤਰ ਦਿਖਾ ਕੇ ਪਾਸ ਲੈ ਕੇ ਇਹ ਅਜਾਇਬਘਰ ਵੇਖ ਸਕਦੇ ਹਨ। ਵਿਰਾਸਤ-ਏ-ਖ਼ਾਲਸਾ ਨੂੰ ਵੇਖਣ ਲਈ ਪਾਸ ਫ੍ਰੀ ਮਿਲਦਾ ਹੈ ਤੇ ਇਕ ਪਾਸ ਨਾਲ 10 ਦਰਸ਼ਕ ਇਸ ਦੇ ਦਰਸ਼ਨ ਕਰ ਸਕਦੇ ਹਨ। ਰੋਜ਼ਾਨਾ ਲਗਭਗ 5000 ਤੋਂ ਵੱਧ ਸੈਲਾਨੀ ਇਸ ਅਜਾਇਬਘਰ ਦੇ ਦਰਸ਼ਨ ਕਰਦੇ ਹਨ। ਇਹ ਮੁਕੱਦਸ ਸਥਾਨ ਚੰਡੀਗੜ੍ਹ ਤੋਂ 95 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਰੇਲ ਤੇ ਸੜਕ ਮਾਰਗ ਰਾਹੀਂ ਇੱਥੇ ਸੌਖਿਆਂ ਪਹੁੰਚਿਆ ਜਾ ਸਕਦਾ ਹੈ। ਚੰਡੀਗੜ੍ਹ ਤੋਂ ਨੰਗਲ-ਊਨਾ ਜਾਣ ਵਾਲੀਆਂ ਸਾਰੀਆਂ ਰੇਲ ਗੱਡੀਆਂ ਅਤੇ ਬੱਸਾਂ ਸ੍ਰੀ ਅਨੰਦਪੁਰ ਸਾਹਿਬ 'ਚੋਂ ਹੋ ਕੇ ਲੰਘਦੀਆਂ ਹਨ। ਸਭ ਤੋਂ ਨੇੜੇ ਦਾ ਹਵਾਈ ਅੱਡਾ ਲਗਭਗ 80 ਕਿਲੋਮੀਟਰ ਦੀ ਦੂਰੀ ਉੱਤੇ ਚੰਡੀਗੜ੍ਹ ਵਿਖੇ ਹੈ।

**ਪੰਜਾਬੀ ਵਿਭਾਗ**
**ਸ੍ਰੀ ਗੁਰੂ ਤੇ.ਗ ਬਹਾਦਰ ਖਾਲਸਾ ਕਾਲਜ,**
**ਸ੍ਰੀ ਅਨੰਦਪੁਰ ਸਾਹਿਬ।**
**ਮੋ. 95924-18152**

●

# ਦਾਸਤਾਨ-ਏ ਸ਼ਹਾਦਤ : ਸ੍ਰੀ ਚਮਕੌਰ ਸਾਹਿਬ

**• ਸਤਵਿੰਦਰ ਸਿੰਘ ਮੜੌਲਵੀ**

- ਪੰਜਾਬ ਦਾ ਪੁਆਧੀ ਖੇਤਰ ਜਿੱਥੇ ਆਪਣੀ ਉਪ-ਬੋਲੀ 'ਪੁਆਧੀ' ਕਰਕੇ ਵਿਲੱਖਣ ਹੈ, ਉਥੇ ਇਸ ਧਰਤੀ ਦੀ ਸਿੱਖ ਇਤਿਹਾਸ ਵਿੱਚ ਵੀ ਆਪਣੀ ਵੱਖਰੀ ਮਹਾਨਤਾ ਹੈ। ਇਸ ਧਰਤੀ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਸ ਨੇ ਸਮੇਂ-ਸਮੇਂ ਗੁਰੂ ਸਾਹਿਬਾਨਾਂ ਦੀ ਨੂਰੀ ਹੋਂਦ ਨੂੰ ਆਪਣੀ ਬੁੱਕਲ ਵਿੱਚ ਸਮੋਈ ਰੱਖਿਆ ਹੈ।
- ਪੇਂਡੂ ਖੇਤਰ ਨਾਲ ਜਾਣੀ ਜਾਂਦੀ ਧਰਤੀ ਸ੍ਰੀ ਚਮਕੌਰ ਸਾਹਿਬ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਉਨ੍ਹਾਂ ਦੇ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਅਤੇ ਹੋਰ ਸਿੱਖ ਯੋਧਿਆਂ ਦੀ ਚਰਨ-ਛੂਹ ਪ੍ਰਾਪਤ ਪਵਿੱਤਰ ਸਥਾਨ ਹੈ।
- ਜ਼ਿਲ੍ਹਾ ਰੂਪਨਗਰ ਦੀ ਤਹਿਸੀਲ ਸ੍ਰੀ ਚਮਕੌਰ ਸਾਹਿਬ ਪਹਿਲਾਂ ਪਹਿਲ ਇਕ ਕਸਬੇ ਦੇ ਰੂਪ ਵਿੱਚ ਜਾਣਿਆ ਜਾਂਦਾ ਸੀ ਪਰ ਹੁਣ ਇਹ ਇਕ ਉੱਘੇ ਸ਼ਹਿਰ ਦਾ ਰੂਪ ਧਾਰਨ ਕਰ ਚੁੱਕਾ ਹੈ।
- ਪੰਜਾਬ ਸਰਕਾਰ ਵੱਲੋਂ ਇਸ ਧਰਤੀ 'ਤੇ ਭਾਖੜਾ-ਸਰਹਿੰਦ ਨਹਿਰ ਕੋਲ ਰਮਣੀਕ ਥਾਂ ਉੱਤੇ ਉਸਾਰਿਆ ਗਿਆ, ਸਿੱਖ ਕੌਮ ਦੀ ਵੱਡੀ ਯਾਦਗਾਰ ਵਜੋਂ ਸਥਾਪਿਤ ਥੀਮ ਪਾਰਕ 'ਦਾਸਤਾਨ-ਏ-ਸ਼ਹਾਦਤ' ਸ੍ਰੀ ਚਮਕੌਰ ਸਾਹਿਬ ਦੀ ਪਛਾਣ ਨੂੰ ਹੋਰ ਜ਼ਿਆਦਾ ਗੂੜ੍ਹਾ ਕਰਦਾ ਹੈ।
- 'ਖ਼ਾਲਸੇ ਦੀ ਧਰਤੀ' ਵਜੋਂ ਜਾਣੀ ਜਾਂਦੀ ਪਵਿੱਤਰ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਤੋਂ ਕਿਲ੍ਹਾ ਅਨੰਦਗੜ੍ਹ ਛੱਡਣ ਉਪਰੰਤ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਆਪਣੇ ਪਰਿਵਾਰ ਅਤੇ ਸਿੰਘਾਂ ਦੀ ਫ਼ੌਜ ਸਮੇਤ, ਸਰਸਾ ਨਦੀ ਵੱਲ ਆਏ ਤਾਂ ਇੱਥੇ ਉਨ੍ਹਾਂ ਦਾ ਪਰਿਵਾਰ ਵਿਛੜ ਗਿਆ।
- ਮਾਤਾ ਗੁਜਰੀ ਜੀ ਅਤੇ ਗੁਰੂ ਸਾਹਿਬ ਦੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਮੋਰਿੰਡਾ ਵੱਲ ਨੂੰ ਹੋ

ਨਿਕਲੇ ਅਤੇ ਗੁਰੂ ਸਾਹਿਬ ਆਪਣੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਅਤੇ 42 ਕੁ ਸਿੰਘ ਸੂਰਮਿਆਂ ਸਮੇਤ ਸ੍ਰੀ ਚਮਕੌਰ ਸਾਹਿਬ ਦੀ ਧਰਤੀ 'ਤੇ ਪਹੁੰਚ ਗਏ।

- ਇੱਥੇ ਆ ਕੇ ਗੁਰੂ ਸਾਹਿਬ ਨੇ 'ਚਮਕੌਰ ਦੀ ਕੱਚੀ ਗੜ੍ਹੀ' ਵਿਖੇ ਆਪਣੇ ਸਾਥੀਆਂ ਸਮੇਤ ਟਿਕਾਣਾ ਕੀਤਾ।
- 1704 ਈਸਵੀਂ ਵਿਚ ਹੋਇਆ ਇਹ ਮਹਾਂਯੁੱਧ, 'ਸਾਕਾ ਚਮਕੌਰ ਸਾਹਿਬ' ਦੇ ਨਾਂ ਨਾਲ ਪ੍ਰਸਿੱਧ ਹੈ।
- ਗੁਰੂ ਸਾਹਿਬ ਦੀ ਯੋਗ ਅਗਵਾਈ ਵਿਚ ਇੱਕ-ਇੱਕ ਸਿੰਘ, ਦਲੇਰੀ ਅਤੇ ਬਹਾਦਰੀ ਨਾਲ ਲੱਖਾਂ ਮੁਗ਼ਲਾਂ ਦੇ ਨਾਲ ਭਿੜਿਆ ਅਤੇ ਜੰਗ ਦੇ ਮੈਦਾਨ ਵਿੱਚ ਲਾਸਾਨੀ ਸ਼ਹਾਦਤ ਪ੍ਰਾਪਤ ਕੀਤੀ। ਇਸ ਯੁੱਧ ਦਾ ਸਭ ਤੋਂ ਦੁਖਾਂਤਕ ਪੰਨਾ ਇਹ ਹੈ ਇਸ ਵਿਚ ਗੁਰੂ ਸਾਹਿਬ ਦੇ ਦੋਵੇਂ ਵੱਡੇ ਸਾਹਿਬਜ਼ਾਦੇ, ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਵੀ ਸ਼ਹੀਦੀ ਪ੍ਰਾਪਤ ਕਰ ਗਏ।
- ਪੰਜਾਬ ਸਰਕਾਰ ਵੱਲੋਂ ਸ੍ਰੀ ਚਮਕੌਰ ਸਾਹਿਬ ਵਿਖੇ ਬਣਾਈ ਗਈ, ਸਿੱਖ ਕੌਮ ਦੇ ਮਹਾਨ ਇਤਿਹਾਸ ਨੂੰ ਵਿਰਾਸਤੀ ਰੂਪ ਵਿਚ ਦਰਸਾਉਂਦੀ ਯਾਦਗਾਰ, 'ਦਾਸਤਾਨ-ਏ-ਸ਼ਹਾਦਤ' ਪੰਜਾਬ ਅਤੇ ਖ਼ਾਸਕਰ ਸਿੱਖ ਕੌਮ ਲਈ ਅਥਾਹ ਸ਼ਰਧਾ ਅਤੇ ਮਾਣ ਕਰਨਯੋਗ ਹੈ।
  ਇਸ ਥੀਮ ਪ੍ਰੋਜੈਕਟ ਦੀ ਨੀਂਹ, ਸੰਨ 2006 ਵਿਚ ਰੱਖੀ ਗਈ ਸੀ ਪਰ ਕਰੀਬ ਪੰਦਰਾਂ ਸਾਲਾਂ ਦੇ ਲੰਮੇ ਵਕਫ਼ੇ ਬਾਅਦ, ਇਹ ਖ਼ੂਬਸੂਰਤ ਯਾਦਗਾਰ ਸਾਲ 2021 ਦੇ ਅੰਤਲੇ ਸਮੇਂ ਵਿਚ ਆ ਕੇ ਮੁਕੰਮਲ ਹੋਈ ਹੈ।
- ਤੱਤਕਾਲੀ ਮੁੱਖ ਮੰਤਰੀ ਪੰਜਾਬ, ਸ. ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪ੍ਰੋਹਿਤ ਨੇ ਇਸ ਵਿਸ਼ਾਲ ਥੀਮ ਪਾਰਕ ਦਾ ਉਦਘਾਟਨ 19 ਨਵੰਬਰ, 2021 ਨੂੰ ਆਪਣੇ ਕਰ ਕਮਲਾਂ ਨਾਲ ਕੀਤਾ।
- 22 ਨਵੰਬਰ 2021 ਨੂੰ ਇਹ ਯਾਦਗਰ ਆਮ ਲੋਕਾਂ ਲਈ ਖੋਲ੍ਹ ਦਿੱਤੀ ਗਈ।
- ਲਗਭਗ 14 ਏਕੜ ਦੇ ਰਕਬੇ ਵਿੱਚ ਫੈਲੀ ਇਹ ਵੇਖਣਯੋਗ ਥੀਮ ਪਾਰਕ, ਇਮਾਰਤ-ਕਲਾ ਦਾ ਇੱਕ ਵਧੀਆ ਨਮੂਨਾ ਹੈ।

- ਜਾਣਕਾਰੀ ਅਨੁਸਾਰ ਇਸਨੂੰ ਡਿਜ਼ਾਇਨ ਸ੍ਰੀ ਅਮਰ ਬਹਿਲ ਅਤੇ ਵਿਰਾਸਤ-ਏ-ਖ਼ਾਲਸਾ ਨੂੰ ਤਿਆਰ ਕਰਨ ਵਾਲੀ ਪ੍ਰਸਿੱਧ ਤਕਨੀਕੀ ਮਾਹਿਰਾਂ ਦੀ ਟੀਮ ਨੇ ਤਿਆਰ ਕੀਤਾ ਹੈ।
- ਕਾਰੀਗਰਾਂ ਨੇ ਇਸ ਨੂੰ ਬੜੀ ਮਿਹਨਤ ਤੇ ਮਜ਼ਬੂਤੀ ਨਾਲ, ਟਾਇਲ ਇੱਟਾਂ ਨਾਲ ਬੜੇ ਸੁੰਦਰ ਢੰਗ ਨਾਲ ਬਣਾਇਆ ਹੈ ਅਤੇ ਲਾਲ ਰੰਗ ਵਿੱਚ ਪ੍ਰਾਚੀਨ ਸਮੇਂ ਦੀ ਇਮਾਤਰਸਾਜ਼ੀ ਦੀ ਦਿੱਖ ਪ੍ਰਦਾਨ ਕੀਤੀ ਹੈ।
- 'ਦਾਸਤਾਨ-ਏ-ਸ਼ਹਾਦਤ' ਦੀ ਮੁੱਖ ਇਮਾਰਤ ਨੂੰ ਗੁਲਾਈਦਾਰ ਉਸਾਰ ਕੇ ਵੱਖ-ਵੱਖ ਗੈਲਰੀਆਂ ਦਾ ਰੂਪ ਦਿੱਤਾ ਅਤੇ ਇਨ੍ਹਾਂ ਦੇ ਬਾਹਰ ਕੰਧਾਂ ਉੱਤੇ ਯੁੱਧ ਨੂੰ ਦਰਸਾਉਂਦੀਆਂ ਕਲਾਕ੍ਰਿਤਾਂ ਬਹੁਤ ਹੀ ਖ਼ੂਬਸੂਰਤ ਰੂਪ ਵਿਚ ਤਿਆਰ ਕੀਤੀਆਂ ਗਈਆਂ ਹਨ ਜੋ ਕਿ ਇਸਨੂੰ ਹੋਰ ਆਕ੍ਰਸ਼ਿਤ ਬਣਾਉਂਦੀਆਂ ਹਨ।
- ਇਸ ਥੀਮ ਪਾਰਕ ਦੇ ਖੁੱਲ੍ਹੇ ਖੇਤਰ ਵਿਚ ਬਹੁਤ ਹੀ ਖ਼ੂਬਸੂਰਤ ਹਰੇ ਭਰੇ ਲਾਅਨ ਹਨ, ਜੋ ਪ੍ਰਵੇਸ਼ ਕਰਦੇ ਸਾਰ ਹੀ ਦਰਸ਼ਕ ਦਾ ਧਿਆਨ ਆਪਣੇ ਵੱਲ ਖਿੱਚਦੇ ਹੋਏ ਮਨ ਨੂੰ ਇਕ ਵੱਖਰੀ ਤਰ੍ਹਾਂ ਦਾ ਸੁਖਦ ਅਹਿਸਾਸ ਕਰਵਾਉਂਦੇ ਹਨ।
- ਇੱਥੇ ਸਟੀਲ ਦਾ ਇੱਕ ਵੱਡਾ ਖੰਡਾ ਸਾਹਿਬ ਬਣਾਇਆ ਗਿਆ ਹੈ, ਜਿਸ ਦੀ ਉੱਚਾਈ ਕੋਈ ਤੀਹ ਫੁੱਟ ਹੈ। ਇਸਦੇ ਆਲੇ-ਦੁਆਲੇ ਫੁਹਾਰੇ ਵੀ ਲਗਾਏ ਗਏ ਹਨ ਜੋ ਸਿੱਖ ਕੌਮ ਦੇ ਪ੍ਰਤੀਕ ਨੂੰ ਚਾਰ ਚੰਨ ਲਗਾ ਦਿੰਦੇ ਹਨ। ਇਹ ਇੱਕ ਕਿਸਮ ਦਾ 'ਵਾਟਰ ਸ਼ੋਅ' ਦਰਸਾਇਆ ਗਿਆ ਹੈ।
- ਸਟੀਲ ਦੇ ਨਾਲ ਹੀ ਅੰਦਰ ਗੈਲਰੀਆਂ ਦੇ ਵਿਹੜੇ ਵਿਚ ਬਣੀਆਂ ਹੋਈਆਂ ਦਸ-ਦਸ ਮੀਟਰ ਉੱਚੀਆਂ ਕਿਰਪਾਨਾਂ ਦਾ ਮਾਡਲ ਵੀ ਦਰਸ਼ਕਾਂ ਦਾ ਖ਼ਾਸ ਤੌਰ 'ਤੇ ਧਿਆਨ ਖਿੱਚਦਾ ਹੈ।
- ਬਾਹਰ, ਇਕ ਪਾਸੇ ਤਾਂਬੇ ਦੀ ਧਾਤ ਦੇ ਵੱਡ-ਅਕਾਰੀ ਪੰਜ ਘੋੜਿਆਂ ਦੇ ਬੁੱਤ/ਮਾਡਲ ਬਣਾਏ ਗਏ ਹਨ ਜਿਨ੍ਹਾਂ ਉੱਤੇ ਸਵਾਰ ਸਿੱਖ ਯੋਧੇ ਪੂਰੇ ਯੁੱਧ ਕਰਨ ਦੇ ਐਕਸ਼ਨ ਵਿਚ ਦਰਸਾਏ ਗਏ ਹਨ।
- ਇਸੇ ਥੀਮ ਪਾਰਕ ਵਿੱਚ ਇੱਕ ਪਾਸੇ 42 ਯਾਦਗਾਰੀ ਸਮਾਰਕ (ਸਤੰਭ) ਸਥਾਪਿਤ ਕੀਤੇ ਗਏ ਹਨ ਜਿਨ੍ਹਾਂ ਉੱਤੇ ਸ੍ਰੀ ਚਮਕੌਰ ਸਾਹਿਬ

ਦੀ ਜੰਗ ਵਿਚ ਸ਼ਹੀਦ ਹੋਏ, ਗੁਰੂ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਸਮੇਤ ਬਾਕੀ ਸਿੱਖ ਯੋਧਿਆਂ ਦੇ ਨਾਮ ਅੰਕਿਤ ਕੀਤੇ ਗਏ ਹਨ। ਇਸ ਜਤਨ ਨਾਲ ਸ਼ਰਧਾਲੂ ਦਰਸ਼ਕਾਂ ਸਾਹਮਣੇ, ਇਨ੍ਹਾਂ ਸਾਰੇ ਸਿੱਖ ਸੂਰਬੀਰਾਂ ਦੀ ਇੱਕ ਸੂਚੀ ਝੱਟ ਹੀ ਸਾਹਮਣੇ ਆ ਜਾਂਦੀ ਹੈ ਜੋ ਵਧੇਰੇ ਯਾਦ ਰੱਖਣ ਯੋਗ ਬਣ ਜਾਂਦੀ ਹੈ।

- ਸਰਕਾਰੀ ਸੂਤਰਾਂ ਮੁਤਾਬਕ ਇਸ ਥੀਮ ਪਾਰਕ ਪ੍ਰੋਜੈਕਟ ਨੂੰ ਮੁਕੰਮਲ ਕਰਨ ਲਈ 55 ਕਰੋੜ ਰੁਪਏ ਖਰਚ ਹੋਏ ਹਨ।
- ਇਸ ਨੂੰ ਬਣਾਉਣ ਲਈ, ਭਾਰਤ ਭਰ ਤੋਂ ਉੱਚ ਦਰਜੇ ਦੇ ਕਾਰੀਗਰਾਂ ਦੀਆਂ ਸੇਵਾਵਾਂ ਲਈਆਂ ਗਈਆਂ ਹਨ, ਜਿਨ੍ਹਾਂ ਨੇ ਇਸ ਨੂੰ ਤਿਆਰ ਕਰਨ ਲਈ ਆਪਣੇ ਹਿੱਸੇ ਆਏ ਕੰਮ ਨੂੰ ਉੱਤਮ ਦਿੱਖ ਪ੍ਰਦਾਨ ਕਰਕੇ ਨੇਪਰੇ ਚਾੜ੍ਹਿਆ ਹੈ। ਉਦਾਹਰਨ ਦੇ ਤੌਰ 'ਤੇ ਜਿਵੇਂ ਤਾਂਬੇ ਦੇ ਘੋੜਿਆਂ 'ਤੇ ਸਵਾਰ ਸਿੱਖ ਯੋਧਿਆਂ ਦੇ ਮਾਡਲਾਂ ਨੂੰ ਵਿਸ਼ੇਸ਼ ਤੌਰ 'ਤੇ ਪੱਛਮੀ ਬੰਗਾਲ ਦੇ ਕਾਰੀਗਰਾਂ ਨੇ ਤਿਆਰ ਕੀਤਾ ਹੈ।
- ਇਸ ਥੀਮ ਪਾਰਕ ਦੇ ਪ੍ਰੋਜੈਕਟ ਅੰਦਰ ਤਿਆਰ ਕੀਤੀ ਗਈ, 'ਦਾਸਤਾਨ-ਏ-ਸ਼ਹਾਦਤ' ਦੀ ਮੁੱਖ ਇਮਾਰਤ ਨੂੰ ਕੁੱਲ 11 ਗੈਲਰੀਆਂ ਦੇ ਰੂਪ ਵਿਚ ਵੰਡ ਕੇ ਬੜੀ ਸੂਝ ਨਾਲ ਤਿਆਰ ਕੀਤਾ ਗਿਆ ਹੈ।
- ਸ਼ਰਧਾਲੂ ਦਰਸ਼ਕਾਂ ਦੀ ਜਾਣਕਾਰੀ ਲਈ ਇਨ੍ਹਾਂ ਗੈਲਰੀਆਂ ਦੀ ਕਾਰਜਸ਼ੈਲੀ ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਤੱਕ ਦੇ ਗੌਰਵਸ਼ਾਲੀ ਇਤਿਹਾਸਿਕ ਘਟਨਾਕ੍ਰਮ ਨੂੰ ਬਹੁਤ ਹੀ ਵਿਉਂਤਬੰਦੀ ਨਾਲ ਤਿਆਰ ਕਰਕੇ ਪ੍ਰਦਰਸ਼ਿਤ ਕਰਨ ਦਾ ਅਤਿ-ਆਧੁਨਿਕ ਕਾਰਜ ਕੀਤਾ ਗਿਆ ਹੈ।
- ਇਨ੍ਹਾਂ ਵਿੱਚੋਂ ਜ਼ਿਆਦਾਤਰ ਗੈਲਰੀਆਂ ਨੂੰ ਵੱਖ-ਵੱਖ ਤਰ੍ਹਾਂ ਦਾ ਥੀਏਟਰ ਰੂਪ ਦੇ ਕੇ, ਇਨ੍ਹਾਂ ਵਿਚ ਚੱਲਣ ਵਾਲੀਆਂ ਐਮੀਨੇਸ਼ਨ ਫ਼ਿਲਮਾਂ ਨੂੰ ਸਿੱਖ ਕੌਮ ਦੇ ਇਤਿਹਾਸ ਦਾ ਕੇਂਦਰ ਬਣਾਇਆ ਗਿਆ ਹੈ; ਤਾਂ ਜੋ ਦਰਸ਼ਕਾਂ ਨੂੰ ਸੰਖੇਪ ਪਰ ਭਾਵਪੂਰਤ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ।
- ਪਹਿਲੀ ਗੈਲਰੀ ਨੂੰ ਇੱਕ ਡੋਮ ਦਾ ਆਕਾਰ ਦੇ ਕੇ ਇਸ ਦੀ ਛੱਤ ਉੱਤੇ ਵਿਸ਼ਾਲ ਸਕ੍ਰੀਨ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ

ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੱਕ ਬਹੁਮੱਲੀ ਜਾਣਕਾਰੀ ਹੈ।

- ਦੂਜੀ ਗੈਲਰੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਉਪਰੰਤ, ਆਪ ਦਾ ਸੀਸ ਚਾਂਦਨੀ ਚੌਕ ਦਿੱਲੀ ਤੋਂ ਬੜੀ ਸ਼ਰਧਾ, ਦਲੇਰੀ ਅਤੇ ਬਹਾਦਰੀ ਨਾਲ ਚੁੱਕ ਕੇ ਲੈ ਕੇ ਆਉਣ ਵਾਲੇ ਮਹਾਨ ਸਿੱਖ ਯੋਧੇ, ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਨਾਲ ਸੰਬੰਧਿਤ ਹੈ। ਇਸ ਮਹਾਨ ਕਾਰਜ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਆਪਣੀ ਛਾਤੀ ਨਾਲ ਲਾ ਕੇ 'ਰੰਘਰੇਟੇ ਗੁਰੂ ਕੇ ਬੇਟੇ' ਹੋਣ ਦਾ ਵੱਡਾ ਮਾਣ ਬਖ਼ਸ਼ਿਆ ਸੀ।
- ਇਸ ਛੋਟੇ ਆਕਾਰ ਦੀ ਗੈਲਰੀ ਨੂੰ ਭਾਵੇਂ ਥੀਏਟਰ ਰੂਪ ਵਿੱਚ ਨਹੀਂ ਦਰਸਾਇਆ ਗਿਆ ਪਰ ਉਸ ਸਮੇਂ ਦੇ ਦ੍ਰਿਸ਼ ਨੂੰ ਇੰਨੀ ਕਮਾਲ ਨਾਲ ਮੂਰਤੀਮਾਨ ਕੀਤਾ ਹੈ ਕਿ ਦੇਖ ਕੇ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਭਾਈ ਜੈਤਾ ਜੀ ਸੱਚਮੁੱਚ ਹੀ ਸਾਡੀਆਂ ਅੱਖਾਂ ਦੇ ਸਾਹਮਣੇ ਬੜੀ ਸ਼ਰਧਾ ਤੇ ਹਿਫ਼ਾਜਤ ਨਾਲ ਨੌਵੇਂ ਪਾਤਸ਼ਾਹ ਦਾ ਨੂਰੀ ਸੀਸ, ਆਪਣੀ ਬੁੱਕਲ ਵਿੱਚ ਲੈ ਕੇ ਬੈਠੇ ਹੋਣ।
- ਇਸੇ ਪ੍ਰਕਾਰ ਅਗਲੀਆਂ ਗੈਲਰੀਆਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਮਹਾਨ ਇਤਿਹਾਸਿਕ ਘਟਨਾਵਾਂ 'ਖਾਲਸਾ ਪੰਥ ਦੀ ਸਾਜਨਾ', ਕਿਲ੍ਹਾ ਅਨੰਦਗੜ੍ਹ ਛੱਡਣ ਤੋਂ ਬਾਅਦ ਸਰਸਾ ਦੇ ਕੰਢੇ 'ਤੇ ਪਿਆ ਆਪ ਜੀ ਦੇ ਪਰਿਵਾਰ ਦਾ ਵਿਛੋੜਾ, ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਦਾ ਗੰਗੂ ਦੇ ਘਰ ਜਾਣਾ ਅਤੇ ਮੋਰਿੰਡਾ ਦੀ ਕੋਤਵਾਲੀ ਤੋਂ ਲੈ ਕੇ ਸੂਬਾ ਸਰਹਿੰਦ ਦੇ ਵਜ਼ੀਰ ਖ਼ਾਨ ਦੀ ਕਚਹਿਰੀ ਦੇ ਦ੍ਰਿਸ਼ ਬਹੁਤ ਹੀ ਭਾਵੁਕ ਕਰ ਦੇਣ ਵਾਲੇ ਪਲਾਂ ਨਾਲ ਪੇਸ਼ ਕੀਤੇ ਗਏ ਹਨ।
- ਇਸੇ ਪ੍ਰਕਾਰ ਦਰਸ਼ਕ, ਅੱਗੇ ਹੋਰ ਵੇਖਦੇ ਹਨ ਕਿ ਕਿਵੇਂ ਸ੍ਰੀ ਚਮਕੌਰ ਸਾਹਿਬ ਵਿਖੇ 'ਕੱਚੀ ਗੜ੍ਹੀ ਚਮਕੌਰ ਦੀ ਮਹਾਂ ਜੰਗ ਹੋਈ। ਇਸ ਗੈਲਰੀ ਵਿਚ ਫ਼ਿਲਮ ਦਾ ਪ੍ਰਦਰਸ਼ਨ, ਛੱਤ ਤੋਂ ਥੱਲੇ ਪੂਰੀਆਂ ਕੰਧਾਂ 'ਤੇ ਆਲੇ-ਦੁਆਲੇ ਫੈਲ ਜਾਂਦਾ ਹੈ ਅਤੇ ਦਰਸ਼ਕਾਂ ਦੀਆਂ ਕੁਰਸੀਆਂ ਦ੍ਰਿਸ਼ ਮੁਤਾਬਿਕ ਘੁੰਮਦੀਆਂ ਰਹਿੰਦੀਆਂ ਹਨ।

- ਇਸ ਤੋਂ ਬਾਅਦ ਕ੍ਰਮਵਾਰ ਗੁਰੂ ਜੀ ਦਾ ਮਾਛੀਵਾੜੇ ਦੇ ਜੰਗਲਾਂ ਵਿਚ ਜਾਣਾ ਅਤੇ ਚਾਲੀ ਮੁਕਤਿਆਂ ਦੀ ਧਰਤੀ ਸ੍ਰੀ ਮੁਕਤਸਰ ਸਾਹਿਬ ਦੀ ਜੰਗ ਦੀਆਂ ਘਟਨਾਵਾਂ ਆਦਿ ਦ੍ਰਿਸ਼ ਬਹੁਤ ਹੀ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕੀਤੇ ਗਏ ਹਨ।
- ਸਿੱਖ ਸ਼ਹਾਦਤ ਬਾਰੇ ਲਿਖਣ ਵਾਲੇ ਲਿਖਾਰੀ ਜੋਗੀ ਅੱਲ੍ਹਾ ਯਾਰ ਖਾਂ ਦੀ ਸ਼ਾਇਰੀ ਅਤੇ ਬੋਲਾਂ ਨੂੰ ਵੀ ਉਚਿੱਤ ਸਥਾਨ ’ਤੇ ਮਾਣ ਦਿੱਤਾ ਗਿਆ ਹੈ।
- ‘ਦਾਸਤਾਨ-ਏ-ਸ਼ਹਾਦਤ’ ਦੀਆ ਅੰਤਿਮ ਤਿੰਨੇ ਗੈਲਰੀਆਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਨਾਲ ਹੀ ਸਬੰਧਿਤ ਹਨ।
- ਇੱਕ ਗੈਲਰੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਦੀ ਹੋਈ ਭੇਂਟ ਦੀ ਪੇਸ਼ਕਾਰੀ ਹੈ। ਗੈਲਰੀ ਦਸ ਵਿਚ ਗੁਰੂ ਜੀ ਦਾ ਥਾਪੜਾ ਲੈਣ ਤੋਂ ਬਾਅਦ ਨਾਂਦੇੜ ਸਾਹਿਬ ਤੋਂ ਪੰਜਾਬ ਵੱਲ ਕੂਚ ਕਰਨ ਦਾ ਦ੍ਰਿਸ਼ ਕੇਵਲ ਦੀਵਾਰਾਂ ’ਤੇ ਹੀ ਮੂਰਤੀਮਾਨ ਕੀਤਾ ਗਿਆ ਹੈ।
- ਅੰਤਿਮ ਗੈਲਰੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਚੱਪੜਚਿੜੀ ਅਤੇ ਸਰਹਿੰਦ ਦੇ ਸਥਾਨ ’ਤੇ ਹੋਈ ਮੁਗ਼ਲਾਂ ਨਾਲ ਗਹਿਗੱਚ ਟੱਕਰ ਨੂੰ ਦਰਸਾਉਂਦੇ ਹੋਏ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਰਹਿੰਦ ਫ਼ਤਹਿ ਕਰਨ ਦੇ ਜੋਸ਼ੀਲੇ ਦ੍ਰਿਸ਼ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤੇ ਗਏ ਹਨ।
- ਇਸ ਪ੍ਰਕਾਰ ਇਨ੍ਹਾਂ ਗਿਆਰਾਂ ਗੈਲਰੀਆਂ ਦੀ ਪਰਿਕਰਮਾ ਕਰਦਾ ਹੋਇਆ ਦਰਸ਼ਕ, ਸਿੱਖ ਸ਼ਹਾਦਤ ਦੇ ਵਿਰਾਸਤੀ ਪਲਾਂ ਨੂੰ ਇੱਕੋ ਸਮੇਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵੇਖ ਲੈਂਦਾ ਹੈ।
- ਹੈਰਾਨੀ ਦੀ ਗੱਲ ਹੈ ਕਿ ਉਕਤ ਸਾਰੀਆਂ ਗੈਲਰੀਆਂ ਵਿੱਚ ਆਪਣੀ ਹਾਜ਼ਰੀ ਭਰਦਿਆਂ, ਸ਼ਰਧਾਲੂ ਦਰਸ਼ਕ ਸਿੱਖ ਕੌਮ ਦੇ ਸਾਰੇ ਇਤਿਹਾਸਕ ਬਿਰਤਾਂਤ ਨੂੰ ਵੇਖਦੇ ਹੋਏ ਇੰਜ ਮਹਿਸੂਸ ਕਰਦਾ ਹੈ ਜਿਵੇਂ ਉਹ ਖ਼ੁਦ ਉਸ ਸਮੇਂ ਦਾ ਅੱਖੀਂ ਡਿੱਠਾ ਹਾਲ ਅਨੁਭਵ ਕਰ ਰਿਹਾ ਹੋਵੇ ਜਾਂ ਉਹ ਖ਼ੁਦ ਉਸ ਯੁੱਗ ਵਿਚ ਵਿਚਰ ਰਿਹਾ ਹੋਵੇ ਜਦੋਂ ਇਹ ਸਭ ਵਾਪਰਿਆ। ਇਹ ਸਭ ਇਨ੍ਹਾਂ ਗੈਲਰੀਆਂ ਨੂੰ ਅਤਿ-ਆਧੁਨਿਕ ਤਕਨੀਕ ਨਾਲ ਤਿਆਰ ਕਰਨ ਦਾ ਹੀ ਕਮਾਲ ਹੈ।

- 'ਦਾਸਤਾਨ-ਏ-ਸ਼ਹਾਦਤ' ਦੀਆਂ ਇਨ੍ਹਾਂ ਗੈਲਰੀਆਂ ਤੋਂ ਜਾਣੂ ਕਰਵਾਉਣ ਲਈ ਇੱਥੋਂ ਦਾ ਪ੍ਰਬੰਧਕੀ ਸਟਾਫ ਦਰਸ਼ਕਾਂ ਨਾਲ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਂਦਾ ਹੈ।
- ਗੈਲਰੀਆਂ ਵਿੱਚ ਕਿਸੇ ਕਿਸਮ ਦੀ ਕੋਈ ਭੀੜ ਜਾਂ ਹੁੱਲੜਬਾਜ਼ੀ ਨਾ ਹੋਵੇ; ਇਸ ਗੱਲ ਤੋਂ ਪ੍ਰਸ਼ਾਸਨ ਵੱਲੋਂ ਕਰੀਬ ਚਾਲੀ ਚਾਲੀ ਦਰਸ਼ਕਾਂ ਨੂੰ ਇਨ੍ਹਾਂ ਗੈਲਰੀਆਂ ਵਿੱਚ ਲੈ ਕੇ ਜਾਣ ਦੀ ਸੁਵਿਧਾ ਪ੍ਰਦਾਨ ਕੀਤੀ ਗਈ ਹੈ।
- ਜਦੋਂ ਚਾਲੀ ਕੁ ਜਾਂ ਇਸ ਤੋਂ ਘੱਟ ਦਰਸ਼ਕਾਂ ਦਾ ਇੱਕ ਗਰੁੱਪ ਬਾਹਰ ਰਿਸੈਪਸ਼ਨ 'ਤੇ ਤਿਆਰ ਹੋ ਜਾਂਦਾ ਹੈ ਤਾਂ ਇੱਥੋਂ ਦਾ ਕੋਈ ਸਟਾਫ਼ ਮੈਂਬਰ ਇਸ ਗਰੁੱਪ ਦੀ ਅਗਵਾਈ ਕਰਦਾ ਹੋਇਆ ਉਸ ਨੂੰ ਪਹਿਲੀ ਗੈਲਰੀ ਵਿੱਚ ਲੈ ਕੇ ਜਾਂਦਾ ਹੈ। ਫੇਰ ਅੱਗੇ ਇਹ ਸਿਲਸਿਲਾ ਚਲਦਾ ਰਹਿੰਦਾ ਹੈ।
- ਇਨ੍ਹਾਂ ਗੈਲਰੀਆਂ ਦੇ ਫਿਲਮਾਂਕਣ ਦੌਰਾਨ ਜੋ ਸੰਗੀਤਕ ਧੁਨਾਂ ਬਿਖੇਰੀਆਂ ਗਈਆਂ ਹਨ ਉਹ ਵੀ ਆਪਣੇ ਆਪ ਵਿੱਚ ਮਾਰਮਿਕ ਹਨ। ਇਹ ਸੰਗੀਤ ਮੁੰਬਈ ਅਤੇ ਦਿੱਲੀ ਦੇ ਪ੍ਰਸਿੱਧ ਸਟੂਡੀਓਜ਼ ਦੁਆਰਾ ਤਿਆਰ ਕੀਤਾ ਗਿਆ ਹੈ।
- ਇਸ ਪ੍ਰੋਜੈਕਟ ਦੀ ਸਕ੍ਰਿਪਟ ਪੰਜਾਬੀ ਦੇ ਮਹਿਬੂਬ ਸ਼ਾਇਰ ਡਾ. ਸੁਰਜੀਤ ਪਾਤਰ ਦੁਆਰਾ ਲਿਖੀ ਗਈ ਹੈ। ਗਾਇਕੀ ਦੀ ਭੂਮਿਕਾ ਬਾਲੀਵੁੱਡ ਦੇ ਪ੍ਰਸਿੱਧ ਗਾਇਕ ਸੁਖਵਿੰਦਰ ਤੇ ਕੈਲਾਸ਼ ਖੈਰ ਸਮੇਤ ਦੁਰਗਾ ਰੰਗੀਲਾ, ਜਸਪਿੰਦਰ ਨਰੂਲਾ, ਹਰਸ਼ਦੀਪ ਕੌਰ ਅਤੇ ਦਿਲਜਾਨ ਆਦਿ ਗਾਇਕਾਂ ਨੇ ਨਿਭਾਈ ਹੈ।
- ਅੰਦਰਲੀਆਂ ਸਾਰੀਆਂ ਗੈਲਰੀਆਂ ਦਾ ਪ੍ਰਦਰਸ਼ਨ ਦੇਖਣ ਲਈ ਸ਼ਰਧਾਲੂ ਦਰਸ਼ਕਾਂ ਨੂੰ ਲਗਪਗ ਢਾਈ ਤੋਂ ਤਿੰਨ ਕੁ ਘੰਟੇ ਦਾ ਸਮਾਂ ਲੱਗ ਜਾਂਦਾ ਹੈ।
- ਮੁੱਖ ਦੁਆਰ 'ਤੇ ਟਿਕਟ ਖਿੜਕੀ ਉੱਤੇ, ਅੰਦਰ ਦਾਖ਼ਲ ਹੋਣ ਵਾਲੇ ਵਿਅਕਤੀ ਦਾ ਕੋਈ ਪਛਾਣ-ਪੱਤਰ ਵੇਖ ਕੇ ਉਸ ਨੂੰ ਪਾਸ ਜਾਰੀ ਕੀਤਾ ਜਾਂਦਾ ਹੈ।
- ਸੋਮਵਾਰ ਵਾਲੇ ਦਿਨ ਦਾਸਤਾਨ-ਏ ਸ਼ਹਾਦਤ ਬੰਦ ਰੱਖਿਆ ਜਾਂਦਾ ਹੈ।

**ਮੋ. 94634-92426**

# ਸਰਹਿੰਦ ਫ਼ਤਿਹ ਦਾ ਪ੍ਰਤੀਕ ਫ਼ਤਿਹ ਬੁਰਜ ਚੱਪੜਚਿੜੀ

**• ਗੁਰਪ੍ਰੀਤ ਸਿੰਘ ਨਿਆਮੀਆਂ**

ਚੱਪੜਚਿੜੀ ਵਿਖੇ ਫ਼ਤਿਹ ਬੁਰਜ 2011 ਵਿੱਚ ਸਾਬਕਾ ਮੁੱਖ-ਮੰਤਰੀ ਪੰਜਾਬ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਲਾਸਾਨੀ ਜਿੱਤ ਦੀ ਯਾਦ ਵਿੱਚ ਬਣਾਇਆ ਗਿਆ ਸੀ। ਇਸ ਨੂੰ ਗ੍ਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਰਾਹੀਂ ਤਿਆਰ ਕਰਵਾਇਆ ਗਿਆ ਅਤੇ ਗਮਾਡਾ ਹੀ ਇਸ ਦੀ ਦੇਖਭਾਲ ਕਰਦੀ ਹੈ। 1950 ਈ. ਤੱਕ ਇੱਥੇ ਸਰਹਿੰਦ ਫ਼ਤਿਹ ਦੀ ਕੋਈ ਯਾਦਗਾਰ ਨਹੀਂ ਸੀ ਬਣੀ ਹੋਈ। 1950 ਵਿੱਚੋਂ ਦੋਵੇਂ ਪਿੰਡ (ਚੱਪੜਚਿੜੀ ਕਲਾਂ ਅਤੇ ਚੱਪੜਚਿੜੀ ਖ਼ੁਰਦ) ਦੇ ਲੋਕਾਂ ਨੇ ਇਕੱਠੇ ਹੋ ਕੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਅਤੇ 1970 ਵਿਚ ਇੱਥੇ ਵੱਡਾ ਹਾਲ ਬਣਾਇਆ ਗਿਆ ਸੀ।

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸਰਹਿੰਦ ਉੱਤੇ ਫ਼ਤਿਹ ਦੀ ਚੱਪੜਚਿੜੀ ਦੀ ਜੰਗ ਦੀ ਤੀਜੀ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਉਸੇ ਯਾਦ ਵਿੱਚ ਇਹ ਮੀਨਾਰ ਬਣਾਉਣਾ ਸ਼ੁਰੂ ਕੀਤਾ ਗਿਆ ਸੀ। ਇਹ 8 ਭੁਜਾ ਮੀਨਾਰ ਹੈ ਜਿਸ ਦੇ ਵਾਸਤੂਕਾਰ (ਆਰਕੀਟੈਕਟ) ਰੇਣੂ ਖੰਨਾ ਤੇ ਐਸੋਸੀਏਟ ਪੰਚਕੂਲਾ ਹਨ। ਸਾਰੀ ਲੈਂਡ ਸਕੇਪਿੰਗ ਵੀ ਇਨ੍ਹਾਂ ਵੱਲੋਂ ਹੀ ਕੀਤੀ ਗਈ ਹੈ। ਇਸ ਫ਼ਤਿਹ ਬੁਰਜ 'ਤੇ ਕੁੱਲ 46 ਕਰੋੜ, 2 ਲੱਖ ਰੁਪਏ ਦੀ ਲਾਗਤ ਆਈ ਅਤੇ ਇਸਨੂੰ ਕੇਵਲ 11 ਮਹੀਨਿਆਂ ਦੇ ਰੀਕਾਰਡ ਸਮੇਂ ਵਿਚ ਬਣਾ ਕੇ ਤਿਆਰ ਕਰ ਦਿੱਤਾ ਗਿਆ ਸੀ। ਇਹ ਬੁਰਜ ਸਟੀਲ ਅਤੇ ਕੰਕਰੀਟ ਨਾਲ ਤਿਆਰ ਕੀਤਾ ਗਿਆ ਹੈ। ਇਸ ਬੁਰਜ ਦੀਆਂ ਤਿੰਨ ਮੰਜ਼ਿਲਾਂ ਹਨ ਜੋ ਕਿ ਬਾਬਾ ਜੀ ਦੀਆਂ 3 ਅਹਿਮ ਜਿੱਤਾਂ ਸਮਾਣਾ, ਸਢੌਰਾ ਅਤੇ ਸਰਹਿੰਦ ਨੂੰ ਦਰਸਾਉਂਦੀਆਂ ਹਨ। ਪਹਿਲੀ ਮੰਜ਼ਿਲ ਜੋ ਕਿ ਬਾਬਾ ਜੀ ਦੀ ਸਮਾਣਾ ਉੱਤੇ ਜਿੱਤ ਨੂੰ ਦਰਸਾਉਂਦੀ ਹੈ, ਉਹ 67 ਫੁੱਟ 'ਤੇ ਬਣਾਈ ਗਈ ਹੈ। ਦੂਜੀ ਸਢੌਰਾ ਫ਼ਤਿਹ ਕਰਨ ਦੀ ਯਾਦ ਵਿਚ 117 ਫੁੱਟ 'ਤੇ ਅਤੇ ਤੀਜੀ ਮੰਜ਼ਿਲ ਜੋ ਕਿ ਚੱਪੜਚਿੜੀ ਦੇ ਮੈਦਾਨ ਵਿਚ ਸਰਹਿੰਦ ਫ਼ਤਿਹ ਕਰਨ ਦੀ ਯਾਦ ਨੂੰ ਦਰਸਾਉਂਦੀ ਹੈ, 220 ਫੁੱਟ 'ਤੇ ਬਣਾਈ ਗਈ ਹੈ। ਬੁਰਜ ਦੇ ਧੁਰ ਉੱਪਰ ਇਕ ਗੁੰਬਦ ਬਣਾ ਕੇ ਉਸ ਉੱਤੇ ਖੰਡਾ ਵੀ ਬਣਾਇਆ ਗਿਆ ਹੈ। ਫ਼ਤਿਹ ਬੁਰਜ ਕੰਪਲੈਕਸ 20 ਏਕੜ ਵਿਚ ਫੈਲਿਆ ਹੋਇਆ ਹੈ ਜਿਸਦੇ ਲਈ ਜ਼ਮੀਨ ਪਿੰਡ ਚੱਪੜਚਿੜੀ ਦੀ ਸ਼ਾਮਲਾਤ 'ਚੋਂ

ਦਿੱਤੀ ਗਈ ਹੈ। ਹੁਣ ਇਹ ਮੋਹਾਲੀ ਦੇ ਸੈਕਟਰ-93 ਵਿਚ ਪੈਂਦਾ ਹੈ। ਇਹ ਮੀਨਾਰ ਭਾਰਤ ਵਿੱਚ ਸਭ ਤੋਂ ਉੱਚਾ ਮੀਨਾਰ ਹੈ ਜਿਸ ਦੀ ਉਚਾਈ 328 ਫੁੱਟ ਹੈ। ਇਹ ਪਹਿਲੀ ਵਾਰ 30 ਨਵੰਬਰ, 2011 ਨੂੰ ਆਮ ਸੰਗਤਾਂ ਲਈ ਖੋਲ੍ਹਿਆ ਗਿਆ ਸੀ। ਇਹ ਮੀਨਾਰ ਕੁਤਬਮੀਨਾਰ ਤੋਂ ਵੀ 100 ਫੁੱਟ ਉੱਚਾ ਹੈ। ਇੱਥੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਲਈ ਸੈਰ ਸਪਾਟਾ ਵਿਭਾਗ ਵੱਲੋਂ ਪੁਰਸ਼ ਅਤੇ ਔਰਤ ਗਾਇਡ ਦੀ ਨਿਯੁਕਤ ਕੀਤੇ ਹਨ। ਇਕ ਗਾਇਡ ਦਾ ਨਾਂ ਸ਼ਵੇਤਾ ਹੈ। ਇੱਥੇ ਆਮ ਤੌਰ 'ਤੇ ਰੋਜ਼ਾਨਾ 500 ਤੋਂ ਜ਼ਿਆਦਾ ਸੈਲਾਨੀ (ਯਾਤਰੀ) ਆਉਂਦੇ ਹਨ ਜਦਕਿ ਸ਼ਨੀਵਾਰ ਅਤੇ ਐਤਵਾਰ ਨੂੰ ਇਹ ਗਿਣਤੀ ਦੁੱਗਣੀ ਹੋ ਜਾਂਦੀ ਹੈ। ਇਹ ਯਾਦਗਾਰੀ ਕੰਪਲੈਕਸ ਹਰ ਸੋਮਵਾਰ ਅਤੇ ਸਰਕਾਰੀ ਛੁੱਟੀਆਂ ਵਾਲੇ ਦਿਨ ਬੰਦ ਰਹਿੰਦਾ ਹੈ। ਇਸ ਦੇ ਖੁੱਲ੍ਹਣ ਦਾ ਸਮਾਂ ਸਵੇਰੇ 10 ਵਜੇ ਹੈ।

ਇੱਥੇ 6 ਉੱਚੇ ਟਿੱਲੇ ਬਣਾ ਕੇ ਉਨ੍ਹਾਂ ਉੱਤੇ 6 ਬੁੱਤ ਲਗਾਏ ਗਏ ਹਨ ਜੋ ਕਿ ਪ੍ਰਭਾਤ ਰਾਇ ਨੇ ਤਿਆਰ ਕੀਤੇ ਹਨ। ਇਹ ਬੁੱਤ ਬਾਬਾ ਬੰਦਾ ਸਿੰਘ ਬਹਾਦਰ ਜੀ ਅਤੇ ਉਨ੍ਹਾਂ ਦੇ ਹੋਰ ਪੰਜ ਜਰਨੈਲਾਂ ਦੇ ਹਨ ਜਿਨ੍ਹਾਂ ਨੇ ਚੱਪੜਚਿੜੀ ਦੀ ਜੰਗ ਵਿੱਚ ਖ਼ਾਲਸਾ ਫ਼ੌਜਾਂ ਦੀ ਅਗਵਾਈ ਕੀਤੀ ਸੀ। ਇਹ ਪੰਜ ਜਰਨੈਲ ਪੰਜ ਵੱਖ-ਵੱਖ ਟਿੱਲਿਆਂ 'ਤੇ ਚੜ੍ਹ ਕੇ ਆਪਣੀ ਫ਼ੌਜ ਦੀ ਨਿਗਰਾਨੀ ਤੇ ਅਗਵਾਈ ਕਰ ਰਹੇ ਹਨ। ਹੁਣ ਵੀ ਜਦੋਂ ਇਨ੍ਹਾਂ ਵੱਲ ਦੇਖਦੇ ਹਾਂ ਤਾਂ ਜੰਗ ਦਾ ਇਕ ਸਾਕਾਰ ਦ੍ਰਿਸ਼ ਉੱਭਰ ਆਉਂਦਾ ਹੈ ਕਿ ਇਹ ਪੰਜ ਸਿਰਲੱਥ ਯੋਧੇ ਅਜੇ ਵੀ ਟਿੱਲਿਆਂ 'ਤੇ ਖਲੋ ਕੇ ਫ਼ੌਜ ਦੀ ਕਮਾਂਡ ਕਰ ਰਹੇ ਹੋਣ। ਇਹ ਪੰਜ ਜਰਨੈਲ ਬਾਬਾ ਬਾਜ਼ ਸਿੰਘ ਜੀ, ਬਾਬਾ ਰਾਮ ਸਿੰਘ ਜੀ, ਬਾਬਾ ਆਲੀ ਸਿੰਘ ਜੀ, ਬਾਬਾ ਮਾਲੀ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਸਨ। ਬਾਬਾ ਬਾਜ਼ ਸਿੰਘ ਜੀ ਇਕ ਮਹਾਨ ਯੋਧੇ ਸਨ ਜਿਨ੍ਹਾਂ ਨੂੰ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫ਼ਤਿਹ ਕਰਨ ਮਗਰੋਂ ਖ਼ਾਲਸਾ ਰਾਜ ਦੀ ਸਥਾਪਨਾ ਕਰਕੇ ਸਰਹਿੰਦ ਦਾ ਪਹਿਲਾ ਗਵਰਨਰ ਨਿਯੁਕਤ ਕੀਤਾ ਸੀ। ਬਾਬਾ ਬਾਜ਼ ਸਿੰਘ ਜੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਨਾਲ ਹੀ 9 ਜੂਨ, 1716 ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ ਸੀ। ਬਾਬਾ ਰਾਮ ਸਿੰਘ ਜੀ ਮਹਾਨ ਜਰਨੈਲ ਬਾਬਾ ਬਾਜ਼ ਸਿੰਘ ਜੀ ਦੇ ਭਰਾ ਸਨ ਤੇ ਬਾਬਾ ਬੰਦਾ ਸਿੰਘ ਜੀ ਦੀ ਫ਼ੌਜ ਦੇ ਆਹਲਾ ਕਿਸਮ ਦੇ ਕਮਾਂਡਰ ਸਨ। ਆਪ ਮੀਰਾਂਪੁਰ ਪੱਟੀ ਪਿੰਡ ਦੇ ਰਹਿਣ ਵਾਲੇ ਸਨ। ਆਪ ਜੀ ਨੂੰ ਬਾਬਾ ਬੰਦਾ ਸਿੰਘ ਜੀ ਨੇ ਲਾਂਡਰਾਂ ਵਾਲੇ ਪਾਸੇ ਦੀ ਫ਼ੌਜੀ ਟੁਕੜੀ ਦਾ ਕਮਾਂਡਰ ਬਣਾਇਆ ਹੋਇਆ ਸੀ। ਬਾਬਾ ਆਲੀ ਸਿੰਘ ਤੇ ਬਾਬਾ ਮਾਲੀ ਸਿੰਘ ਜੀ ਪਿੰਡ ਸਲੈਦੀ ਸਿੰਘਾਂ (ਨੇੜੇ ਖੰਨਾ) ਦੇ ਰਹਿਣ ਵਾਲੇ ਸਨ ਅਤੇ

ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੀ ਫ਼ੌਜ ਵਿਚ ਫ਼ੌਜਦਾਰ ਸਨ। ਬੰਦਾ ਸਿੰਘ ਜੀ ਦੀ ਆਮਦ ਬਾਰੇ ਸੁਣ ਕੇ ਇਕ ਦਿਨ ਬਾਬਾ ਆਲੀ ਸਿੰਘ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਨੇ ਆਪਣੇ ਕੋਲ ਬੁਲਾਇਆ ਅਤੇ ਵਿਅੰਗ ਕਸਦੇ ਹੋਏ ਕਿਹਾ ਕਿ ਸੁਣਿਆ ਹੈ ਕਿ ਤੁਹਾਡਾ ਇਕ ਹੋਰ ਆਗੂ ਸਾਡੇ ਨਾਲ ਟਾਕਰਾ ਕਰਨ ਲਈ ਪੰਜਾਬ ਆਇਆ ਹੈ, ਤੁਸੀਂ ਵੀ ਜਾਓ ਉਸਦੀ ਮਦਦ ਕਰੋ, ਨਹੀਂ ਤਾਂ ਇੱਥੇ ਪਹੁੰਚਣ 'ਤੇ ਉਸਦੀ ਅਲਖ ਮਿਟਾ ਦਿੱਤੀ ਜਾਵੇਗੀ। ਬਾਬਾ ਆਲੀ ਸਿੰਘ ਵਜ਼ੀਰ ਖਾਨ ਦੀ ਇਹ ਗੱਲ ਸੁਣ ਕੇ ਗੁੱਸੇ ਨਾਲ ਲਾਲ ਹੋ ਗਏ ਤੇ ਕਿਹਾ ਕਿ ਸਾਡਾ ਆਗੂ ਤਾਂ ਜਦੋਂ ਆਵੇਗਾ ਉਦੋਂ ਵੇਖੀ ਜਾਓ, ਜੇਕਰ ਤੈਨੂੰ ਕੋਈ ਭੁਲੇਖਾ ਹੈ ਤਾਂ ਹੁਣ ਦੋ-ਦੋ ਹੱਥ ਕਰ ਲੈ। ਵਜ਼ੀਰ ਖਾਨ ਨੇ ਉਸ ਵੇਲੇ ਹੁਕਮ ਜਾਰੀ ਕਰ ਦਿੱਤਾ ਤੇ ਬਾਬਾ ਆਲੀ ਸਿੰਘ ਤੇ ਉਸਦੇ ਸਾਥੀ ਉਸਦੇ ਭਰਾ ਬਾਬਾ ਮਾਲੀ ਸਿੰਘ ਨੂੰ ਬੁਲਾਕੇ ਜੇਲ੍ਹ ਵਿੱਚ ਕੰਦ ਕਰ ਦਿੱਤਾ। ਛੇਤੀ ਹੀ ਬਾਬਾ ਆਲੀ ਸਿੰਘ ਤੇ ਮਾਲੀ ਸਿੰਘ ਜੇਲ੍ਹ ਵਿੱਚੋਂ ਫਰਾਰ ਹੋ ਗਏ ਅਤੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਜਾ ਮਿਲੇ। ਬਾਬਾ ਜੀ ਨੇ ਬਾਬਾ ਅਲੀ ਸਿੰਘ ਜੀ ਨੂੰ ਬਾਬਾ ਬਾਜ਼ ਸਿੰਘ ਜੀ ਦੇ ਨਾਲ ਸਰਹਿੰਦ ਦਾ ਮੀਤ ਗਵਰਨਰ ਨਿਯੁਕਤ ਕੀਤਾ ਸੀ। ਬਾਬਾ ਮਾਲੀ ਸਿੰਘ ਜੀ ਨੂੰ ਖਰੜ ਵਾਲੇ ਪਾਸੇ ਦਾ ਅਤੇ ਬਾਬਾ ਆਲੀ ਸਿੰਘ ਜੀ ਨੂੰ ਸੈਂਟਰ ਵਾਲੇ ਦਸਤੇ ਦਾ ਕਮਾਂਡਰ ਬਣਾਇਆ ਗਿਆ ਸੀ।

ਬਾਬਾ ਫ਼ਤਿਹ ਸਿੰਘ ਜੀ ਨੇ ਵਜ਼ੀਰ ਖਾਂ ਦਾ ਸਿਰ ਕਲਮ ਕੀਤਾ ਸੀ ਅਤੇ ਆਪ ਜੀ ਦੀ ਫੁਰਤੀ ਦਾ ਕੋਈ ਜੁਆਬ ਨਹੀਂ ਸੀ। ਆਪ ਜੀ ਮਾਲਵਾ ਤੋਂ ਕਾਫ਼ੀ ਸਿੰਘਾਂ ਨੂੰ ਨਾਲ ਲੈ ਕੇ ਬਾਬਾ ਬੰਦਾ ਸਿੰਘ ਜੀ ਕੋਲ ਆਏ ਸਨ ਤੇ ਚੱਪੜਚਿੜੀ ਦੀ ਜੰਗ ਵਿੱਚ ਆਪ ਜੀ ਦੀ ਅਹਿਮ ਭੂਮਿਕਾ ਰਹੀ। ਆਪ ਜੀ ਦਾ ਦਸਤਾ ਸਭ ਤੋਂ ਅੱਗੇ ਦੀ ਕਮਾਂਡ ਸਾਂਭ ਰਿਹਾ ਸੀ। ਆਪ ਜੀ ਦੇ ਨਾਂ 'ਤੇ ਹੀ ਬਠਿੰਡਾ ਵਿਚ ਪਿੰਡ ਚੱਕ ਫ਼ਤਿਹ ਸਿੰਘ ਵਾਲਾ ਵਸਿਆ ਹੋਇਆ ਹੈ। ਆਪ ਜੀ ਪੰਜਾਬ ਦੇ ਉੱਪ ਮੁੱਖ ਮੰਤਰੀ ਰਹੇ ਸੁਖਬੀਰ ਸਿੰਘ ਬਾਦਲ ਦੇ ਨਾਨਕਿਆਂ ਦੇ ਵਡੇਰੇ ਸਨ। ਬਾਬਾ ਫ਼ਤਿਹ ਸਿੰਘ ਦੇ ਟਿੱਲੇ ਦੇ ਹੇਠਾਂ ਇਕ 3 ਡੀ ਸ਼ੋਅ ਵੀ ਬਣਾਇਆ ਜਾ ਰਿਹਾ ਹੈ। ਇੱਥੇ ਇੱਕ ਓਪਨ ਏਅਰ ਥੀਏਟਰ ਵੀ ਬਣਾਇਆ ਗਿਆ ਹੈ ਜਿਥੇ ਕਲਚਰਲ ਪ੍ਰੋਗਰਾਮ ਕੀਤੇ ਜਾਂਦੇ ਹਨ ਅਤੇ ਕੁੱਝ ਖਾਸ ਮੌਕਿਆਂ 'ਤੇ ਲੇਜ਼ਰ ਸ਼ੋਅ ਵੀ ਕੀਤਾ ਜਾਂਦਾ ਹੈ। ਇੱਥੇ ਇਕ ਬਨਾਵਟੀ ਝੀਲ ਵੀ ਬਣਾਈ ਗਈ ਹੈ ਜੋ ਇਸ ਨੂੰ ਸ਼ਾਨਦਾਰ ਦਿੱਖ ਪ੍ਰਦਾਨ ਕਰਦੀ ਹੈ।

**ਮੋ. 98155-44926**

# ਪੁਆਧ ਖਿੱਤੇ 'ਚ ਸਿੱਖ ਗੁਰੂਆਂ ਦੀਆਂ ਇਤਿਹਾਸਕ ਨਿਸ਼ਾਨੀਆਂ

• **ਹਰਪ੍ਰੀਤ ਸਿੰਘ ਨਾਜ਼**

ਪੰਜਾਬ ਦੇ ਪੂਰਬੀ ਭਾਗ ਵਿੱਚ ਸਥਿਤ ਖੇਤਰ ਪੁਆਧ, ਸ਼ਿਵਾਲਿਕ ਦੀਆਂ ਪਹਾੜੀਆਂ ਨਾਲ ਜਾ ਲੱਗਦਾ ਹੈ। ਇਸਦਾ ਨੀਮ ਪਹਾੜੀ ਖੇਤਰ ਸਭ ਦਾ ਮਨ ਮੋਹ ਲੈਂਦਾ ਹੈ। ਇਹ ਧਰਤ ਗੁਰੂ ਸਾਹਿਬਾਨ ਨੂੰ ਵੀ ਬੜੀ ਪਿਆਰੀ ਲੱਗੀ ਅਤੇ ਉਨ੍ਹਾਂ ਨੇ ਇੱਥੇ ਨਗਰ ਵਸਾਏ। ਗੁਰੂ ਸਾਹਿਬਾਨ ਨੇ ਪੁਆਧ ਦੀਆਂ ਸੰਗਤਾਂ ਨੂੰ ਆਪਣੀਆਂ ਬਖ਼ਸ਼ਿਸ਼ਾਂ ਨਾਲ ਵੀ ਨਿਵਾਜਿਆ, ਜੋ ਹੁਣ ਵੀ ਉਸੇ ਤਰ੍ਹਾਂ ਸੰਭਾਲੀਆਂ ਪਈਆਂ ਹਨ। ਇਹ ਅਮੋਲਕ ਨਿਸ਼ਾਨੀਆਂ ਪੁਆਧ ਦੇ ਵੱਖ-ਵੱਖ ਨਗਰਾਂ ਵਿੱਚ ਪਈਆਂ ਹਨ, ਜਿਨ੍ਹਾਂ ਦਾ ਵਰਨਣ ਇਸ ਤਰ੍ਹਾਂ ਹੈ :

**ਕੀਰਤਪੁਰ ਸਾਹਿਬ :**

ਕੀਰਤਪੁਰ ਸਾਹਿਬ, ਪੁਆਧ ਦਾ ਪ੍ਰਸਿੱਧ ਇਤਿਹਾਸਕ ਨਗਰ ਹੈ, ਜਿਸ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਵਸਾਇਆ ਸੀ। ਉਨ੍ਹਾਂ ਨੇ ਆਪਣੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਇਸ ਨਗਰ ਨੂੰ ਵਸਾਉਣ ਦੀ ਜ਼ਿੰਮੇਵਾਰੀ ਦਿੱਤੀ ਸੀ। ਭੱਟ ਵਹੀਆਂ ਅਨੁਸਾਰ ਬਾਬਾ ਗੁਰਦਿੱਤਾ ਜੀ ਨੇ ਇਸ ਨਗਰ ਦੀ ਮੋਹੜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਤੋਂ ਰਖਵਾਈ। ਬਾਬਾ ਸ੍ਰੀ ਚੰਦ ਜੀ ਨੇ ਬਾਬਾ ਗੁਰਦਿੱਤਾ ਜੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਉਦਾਸੀ ਸੰਪਰਦਾ ਦਾ ਚਿੰਨ੍ਹ ਟੋਪੀ ਬਖ਼ਸ਼ ਉਦਾਸੀ ਸੰਪਰਦਾ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ। ਬਾਬਾ ਸ੍ਰੀ ਚੰਦ ਜੀ ਦੀ ਇਹ ਨਿਸ਼ਾਨੀ ਹੁਣ ਵੀ ਕੀਰਤਪੁਰ ਸਾਹਿਬ ਵਿਖੇ ਮੌਜੂਦ ਹੈ।

ਕਰਤਾਰਪੁਰ ਦੀ ਜੰਗ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਸਾਹਿਬ ਹੀ ਨਿਵਾਸ ਕੀਤਾ ਅਤੇ ਪੁਆਧ ਵਿੱਚ ਭਗਤੀ ਤੇ ਸ਼ਕਤੀ ਦਾ ਸੰਚਾਰ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਤੇਗਾ, ਜੋ ਉਨ੍ਹਾਂ ਦੀ ਬਲੀ ਸ਼ਖ਼ਸੀਅਤ ਦਾ ਪ੍ਰਤੀਕ ਹੈ, ਹੁਣ ਵੀ ਤਖ਼ਤ ਸ੍ਰੀ ਕੇਸਗੜ੍ਹ ਵਿਖੇ ਪਿਆ ਹੈ।

ਛੇਵੇਂ ਪਾਤਸ਼ਾਹ ਤੋਂ ਬਾਅਦ ਸ੍ਰੀ ਗੁਰੂ ਹਰਿਰਾਇ ਜੀ ਅਤੇ ਫਿਰ ਗੁਰੂ ਹਰਿਕ੍ਰਿਸ਼ਨ ਜੀ ਪੁਆਧ ਵਿੱਚ ਸਿੱਖ ਧਰਮ ਪ੍ਰਚਾਰ ਕਰਦੇ ਰਹੇ। ਸ੍ਰੀ ਗੁਰੂ ਹਰਿਰਾਇ ਜੀ ਦੀ ਸਪੁੱਤਰੀ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਭੈਣ ਬੀਬੀ ਰੂਪ ਕੌਰ ਦਾ ਵਿਆਹ ਸਿਆਲਕੋਟ ਦੇ ਇਲਾਕੇ ਦੇ ਪਿੰਡ ਪਸਰੂਰ ਦੇ ਭਾਈ

ਪੈੜਾ ਮੱਲ ਦੇ ਪੁੱਤਰ ਖੇਮਕਰਨ ਨਾਲ ਹੋਇਆ। ਵਿਆਹ ਸਮੇਂ ਬੀਬੀ ਰੂਪ ਕੌਰ ਨੂੰ ਹੋਰ ਵਸਤਾਂ ਤੋਂ ਇਲਾਵਾ ਮਾਤਾ ਬੱਸੀ ਨੇ ਪੰਜ ਪਾਵਨ-ਪੂਜਨੀਕ ਵਸਤਾਂ ਦੇ ਕੇ ਕਿਹਾ, "ਇਨ੍ਹੇ ਸਹਿਤ ਅਦਬ ਤੇ ਸਤਿਕਾਰ ਗੈਲ ਰਖਣਾ।" ਇਹਨਾਂ ਪੰਜ ਪਵਿੱਤਰ ਵਸਤਾਂ ਵਿੱਚ ਬਾਬਾ ਸ੍ਰੀ ਚੰਦ ਜੀ ਦੀ ਸੇਲੀ, ਦੂਜੀ ਟੋਪੀ ਸੀ, ਜੋ ਉਹਨਾਂ ਬਾਬਾ ਗੁਰਦਿੱਤਾ ਜੀ ਨੂੰ ਦਿੱਤੀ ਸੀ। ਤੀਸਰੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਕਟਾਰ, ਚੌਥੀ ਇੱਕ ਪੋਥੀ ਜਿਸ ਵਿੱਚ ਗੁਰੂ ਸਾਹਿਬਾਨ ਨਾਲ ਸੰਬੰਧਤ ਸਾਖੀਆਂ ਸਨ (ਗੁਰੂ ਜੀ ਕੇ ਮੁੰਹਿ ਦੀਆਂ ਸਾਖੀਆਂ) ਪੰਜਵੀਂ ਰੇਹਲ ਸੀ, (ਜਿਸ ਤੇ ਪੋਥੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ)। ਬੀਬੀ ਰੂਪ ਕੌਰ ਜੀ ਕੁਝ ਸਮੇਂ ਮਗਰੋਂ ਕੋਟ ਕਲਿਆਣ ਪੁਰ (ਜੋ ਹੁਣ ਕੀਰਤਪੁਰ ਦਾ ਹੀ ਹਿੱਸਾ ਹੈ) ਆ ਕੇ ਰਹਿਣ ਲੱਗੇ।

ਬੀਬੀ ਰੂਪ ਕੌਰ ਜੀ ਦਾ ਬੇਟਾ ਭਾਈ ਅਮਰ ਸਿੰਘ ਹੋਇਆ। ਇਸਨੇ ਇਨ੍ਹਾਂ ਵਸਤਾਂ ਤੋਂ ਇਲਾਵਾ, ਬੀਬੀ ਰੂਪ ਕੌਰ ਜੀ ਦਾ ਰੁਮਾਲ, ਪੱਖੀ ਅਤੇ ਮੰਜੀ ਵੀ ਸੰਭਾਲ ਕੇ ਰੱਖੇ। ਇਹ ਸਭ ਵਸਤਾਂ ਗੁਰਦੁਆਰਾ ਮੰਜੀ ਸਾਹਿਬ ਕੀਰਤਪੁਰ ਵਿਖੇ ਸੁਸ਼ੋਭਿਤ ਹਨ ਪਰ ਹੁਣ ਪੋਥੀ ਗ਼ਾਇਬ ਹੋ ਚੁੱਕੀ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਚੇਚਕ ਦੀ ਬਿਮਾਰੀ ਕਾਰਨ ਜੋਤੀ ਜੋਤਿ ਸਮਾ ਗਏ ਅਤੇ ਗੁਰਿਆਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸੌਂਪ ਗਏ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਪੁਆਧ ਖੇਤਰ ਵਿੱਚ ਇੱਕ ਨਵਾਂ ਨਗਰ ਚੱਕ ਨਾਨਕੀ (ਅਨੰਦਪੁਰ ਸਾਹਿਬ) ਵਸਾਇਆ। ਇਹ ਨਗਰ ਨੂੰ ਵਸਾ ਕੇ ਗੁਰੂ ਜੀ ਪਟਨਾ ਸਾਹਿਬ ਗਏ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਕੁੱਝ ਸਮਾਂ ਬਾਅਦ ਗੁਰੂ ਜੀ ਨੇ ਫਿਰ ਪੰਜਾਬ ਆਉਣ ਦੀ ਤਿਆਰੀ ਕੀਤੀ।

**ਲਖਨੌਰ ਸਾਹਿਬ :**

ਪਟਨਾ ਸਾਹਿਬ ਤੋਂ ਗੁਰੂ ਜੀ ਕਈ ਥਾਵਾਂ 'ਤੇ ਹੁੰਦੇ ਮਾਤਾ ਗੁਜਰੀ ਜੀ ਦੇ ਪੇਕੇ ਨਗਰ ਲਖਨੌਰ (ਹਰਿਆਣਾ ਵਿੱਚ ਅੰਬਾਲਾ ਤੋਂ 12 ਕਿਲਮੀਟਰ ਦੂਰ) ਪਹੁੰਚੇ। ਗੁਰੂ ਜੀ ਦਾ ਪਰਿਵਾਰ ਕਾਫ਼ੀ ਸਮਾਂ ਇੱਥੇ ਰਿਹਾ। ਮਾਤਾ ਗੁਜਰੀ ਜੀ ਦਾ ਪੀਹੜੇ ਦੇ ਪਾਵੇ ਅਤੇ ਲੱਕੜ ਦੀ ਪ੍ਰਾਂਤ ਉਹ ਹੁਣ ਵੀ ਉੱਥੇ ਹੈ। ਇੱਕ ਸਫਰੀ ਪਲੰਘ (ਜੋ ਉਸ ਸਮੇਂ ਦੀ ਕਾਰੀਗਰੀ ਦਾ ਉੱਤਮ ਨਮੂਨਾ) ਮੌਜੂਦ ਹੈ। ਗੁਰੂ ਜੀ ਦਾ ਲੰਬਾ ਸਫ਼ਰ ਖ਼ਤਮ ਹੋ ਗਿਆ ਸੀ, ਸੋ ਇਸਦੀ ਜ਼ਰੂਰਤ ਘੱਟ ਗਈ। ਸੋ ਇਸਨੂੰ ਇੱਥੇ ਹੀ ਛੱਡ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁੱਝ ਸ਼ਸਤਰ (ਦੋ ਤੀਰ, ਦੋ ਕਟਾਰ) ਵੀ ਲਖਨੌਰ ਤੋਂ ਜਾਂਦੇ ਨਿਸ਼ਾਨੀ ਵੱਜੋਂ ਛੱਡ

ਗਏ। ਇਹ ਸਭ ਵਸਤਾਂ ਹੁਣ ਵੀ ਲਖਨੌਰ ਵਿਖੇ ਮੌਜੂਦ ਹਨ। ਗੁਰੂ ਪਰਿਵਾਰ ਵਾਪਸ ਅਨੰਦਪੁਰ ਸਾਹਿਬ ਆ ਗਿਆ।

**ਅਨੰਦਪੁਰ ਸਾਹਿਬ** :

ਸ੍ਰੀ ਗੁਰੂ ਗੋਬਿੰਦ ਸਿੰਘ ਦਾ ਰਿਸ਼ਤਾ ਲਾਹੌਰ ਨਿਵਾਸੀ ਭਾਈ ਹਰਿਜਸ ਰਾਇ ਦੀ ਬੇਟੀ ਮਾਤਾ ਜੀਤੋ ਜੀ ਨਾਲ ਨਿਯਤ ਹੋਇਆ ਪਰ ਉਸ ਸਮੇਂ ਗੁਰੂ ਸਾਹਿਬ ਦਾ ਲਾਹੌਰ ਜਾਣਾ ਸੰਭਵ ਨਹੀਂ ਸੀ, ਇਸ ਲਈ ਗੁਰੂ ਜੀ ਨੇ ਅਨੰਦਪੁਰ ਸਾਹਿਬ ਦੇ ਨੇੜੇ ਹੀ ਗੁਰੂ ਕਾ ਲਾਹੌਰ ਵਸਾ ਦਿੱਤਾ। ਇੱਥੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਹੋਇਆ। ਵਿਆਹ ਦੇ ਦਿਨਾਂ ਵਿੱਚ ਇੱਕ ਦਿਨ ਧੋਬੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਜੰਞ ਦੇ ਵਸਤਰ ਧੋਣ ਵਾਸਤੇ ਸਾਫ਼ ਜਲ ਨਹੀਂ ਮਿਲਦਾ। ਗੁਰੂ ਜੀ ਨੇ ਸੰਗੋ ਸ਼ਾਹ ਤੋਂ ਕਰਪਾ ਬਰਛਾ ਪਕੜ ਕੇ ਪਹਾੜ ਵਿੱਚ ਤਿੰਨ ਵਾਰ ਮਾਰ ਨਿਰਮਲ ਜਲ ਦਾ ਚਸ਼ਮਾ ਜਾਰੀ ਕੀਤਾ। ਇਹ ਕਰਪਾ ਬਰਛਾ ਜਿਸ ਨਾਲ ਚਸ਼ਮਾ ਜਾਰੀ ਕੀਤਾ ਸੀ, ਉਹ ਹੁਣ ਵੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਹੈ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਜੱਥੇਬੰਦ ਕਰਨਾ ਅਤੇ ਸ਼ਸਤਰਧਾਰੀ ਬਣਾਉਣਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮਨਾਮੇ ਭੇਜੇ ਕਿ ਚੰਗੇ ਸ਼ਸਤਰ, ਕਿਤਾਬਾਂ ਤੇ ਘੋੜੇ ਭੇਟਾ ਵਿੱਚ ਲੈ ਕੇ ਆਵੇ। ਇਸ ਨਾਲ ਦੂਰੋਂ-ਦੂਰੋਂ ਚੰਗੇ ਸ਼ਸਤਰ ਅਨੰਦਪੁਰ ਸਾਹਿਬ ਵਿਖੇ ਇਕੱਠੇ ਹੋਣ ਲੱਗੇ। ਅਜਿਹੇ ਸਮੇਂ ਹੀ ਲਾਹੌਰ ਦੇ ਇੱਕ ਸਿੱਖ ਨੇ ਗੁਰੂ ਸਾਹਿਬ ਨੂੰ ਇੱਕ ਬੰਦੂਕ ਭੇਟ ਕੀਤੀ। ਉਹ ਹੁਣ ਵੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪੀਰ ਬੁੱਧੂ ਸ਼ਾਹ ਨੇ ਇੱਕ ਸੈਫ ਵੀ ਕਲਗੀਧਰ ਨੂੰ ਭੇਟ ਕੀਤਾ ਜੋ ਹੁਣ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਹੈ।

ਫਿਰ ਗੁਰੂ ਸਾਹਿਬ ਨੇ ਲੋਹਗੜ੍ਹ, ਅਗੰਮਗੜ੍ਹ, ਤਾਰਾਗੜ੍ਹ, ਫ਼ਤਿਹਗੜ੍ਹ ਤੇ ਅਨੰਦਗੜ੍ਹ ਕਿਲ੍ਹੇ ਬਣਵਾਏ। 1666 ਈ. ਵਿੱਚ ਗੁਰੂ ਜੀ ਨੇ ਵੱਡੇ-ਵੱਡੇ ਸ਼ਹਿਰਾਂ ਵਿੱਚੋਂ ਆਦਰ ਮਾਨ ਦੇ ਕੇ ਕਾਰੀਗਰਾਂ ਨੂੰ ਬੁਲਾ ਅਨੰਦਪੁਰ ਵਿੱਚ ਵਸਾਇਆ ਅਤੇ ਕਾਰਖਾਨੇ ਜਾਰੀ ਕਰਾ ਦਿੱਤੇ। ਸਭ ਤਰ੍ਹਾਂ ਦੇ ਸ਼ਸਤਰ ਤਿਆਰ ਹੋਣ ਲੱਗੇ। ਸਿਕਲੀਗਰ ਤੋਂ ਸ਼ਸਤਰ ਬਣਵਾਏ ਅਤੇ ਤੋਪਾਂ ਵੀ ਢਲਵਾਈਆਂ। ਇਨ੍ਹਾਂ ਵਿੱਚੋਂ ਦੋ ਤੋਪਾਂ ਅਨੰਦਪੁਰ ਸਾਹਿਬ ਦੇ ਸ੍ਰੀ ਗੁਰੂ ਤੇਗ਼ ਬਹਾਦਰ ਮਿਊਜ਼ੀਅਮ ਵਿੱਚ ਪਈਆਂ ਹਨ।

ਮੁਗ਼ਲ ਹਕੂਮਤ ਨੇ ਕਈ ਵਾਰ ਪਹਾੜੀ ਰਾਜਿਆਂ 'ਤੇ ਹਮਲੇ ਕੀਤੇ ਪਰ ਉਹ ਗੁਰੂ ਜੀ ਦੀ ਮਦਦ ਨਾਲ ਜਿੱਤ ਜਾਂਦੇ। ਇਸ ਤਰ੍ਹਾਂ ਜਦੋਂ ਮੁਗ਼ਲ ਹਕੂਮਤ ਪਹਾੜੀ ਰਾਜਿਆਂ ਨੂੰ ਨਾ ਹਰਾ ਸਕੀ ਤਾਂ ਔਰੰਗਜ਼ੇਬ ਨੇ ਸ਼ਹਿਜਾਦਾ ਮੁਅੱਜਮ ਨੂੰ ਲਾਹੌਰ ਦੇ ਸੂਬੇਦਾਰ ਦੀ ਮਦਦ ਲਈ ਭੇਜਿਆ। ਗੁਰੂ ਸਾਹਿਬ ਨੂੰ ਜਦੋਂ ਸ਼ਾਹੀ ਫ਼ੌਜਾਂ ਦੇ ਆਉਣ ਦੀ ਖ਼ਬਰ ਮਿਲੀ ਤਾਂ ਗੁਰੂ ਸਾਹਿਬ ਨੇ ਵੀ ਇਹਤਿਆਦ ਵਜੋਂ ਸੁਰੱਖਿਆ ਦਾ ਪ੍ਰਬੰਧ ਕੀਤਾ। ਗੁਰੂ ਸਾਹਿਬ ਨੇ ਮਾਲਵੇ ਦੇ ਫੂਲਕਿਆਂ ਘਰਾਣੇ ਦੇ ਚੌਧਰੀ ਰਾਮੇ ਤੇ ਤ੍ਰਿਲੋਕੇ ਨੂੰ ਇਸੇ ਸੰਬੰਧ ਵਿੱਚ ਹੁਕਮਨਾਮਾ ਭੇਜਿਆ। ਗੁਰੂ ਸਾਹਿਬ ਨੇ ਇਸਦੇ ਨਾਲ ਇੱਕ ਚੋਲਾ ਅਤੇ ਇੱਕ ਕਟਾਰ ਵੀ ਭੇਜੀ। ਇਹ ਚੋਲਾ ਹੁਣ ਵੀ ਤਖ਼ਤ ਸ੍ਰੀ ਕੇਸਗੜ ਸਾਹਿਬ ਵਿਖੇ ਸੁਸ਼ੋਭਿਤ ਹੈ। ਭਾਈ ਤ੍ਰਿਲੋਕਾ ਅਤੇ ਰਾਮਾ ਸੈਨਾ ਸਮੇਤ ਅਨੰਦਪੁਰ ਸਾਹਿਬ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ। ਗੁਰੂ ਜੀ ਉਹਨਾਂ ਦੀ ਵਫ਼ਾਦਾਰੀ ਅਤੇ ਹੁਕਮ ਦੀ ਪਾਲਣਾ ਕਰਨ 'ਤੇ ਖੁਸ਼ ਹੋਏ। ਗੁਰੂ ਸਾਹਿਬ ਨੇ ਉਹਨਾਂ ਨੂੰ ਇੱਕ ਬਾਣੀ ਦੀ ਪੋਥੀ ਅਤੇ ਕਮਰਕਸੇ ਵਿੱਚੋਂ ਚਾਰ ਸ਼ਸਤਰ, ਇੱਕ ਖੰਡਾ, ਦੋ ਸ੍ਰੀ ਸਾਹਿਬ, ਇੱਕ ਕਮਾਣ ਤੇ ਇੱਕ ਤੀਰ ਬਖ਼ਸ਼ੇ। ਇਹ ਸ਼ਸਤਰ ਹੁਣ ਮਹਾਰਾਜਾ ਪਟਿਆਲਾ ਦੇ ਵਾਰਸਾਂ ਕੋਲ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਤਾ ਲੱਗਾ ਕਿ ਮਸੰਦ ਬਹੁਤ ਮੰਦੇ ਕਰਮ ਕਰਨ ਲੱਗ ਪਏ ਹਨ ਤਾਂ ਉਨ੍ਹਾਂ ਨੂੰ ਖਾਰਿਜ ਕਰ ਦਿੱਤਾ ਅਤੇ ਉਪਰੰਤ ਗੁਰੂ ਜੀ ਨੇ ਸਿੱਖਾਂ ਦੀ ਪਰਖ ਕਰਨ ਦੀ ਸੋਚੀ। ਗੁਰੂ ਜੀ ਨੇ ਵਿਸਾਖੀ ਦੇ ਦਿਨ ਦੀਵਾਨ ਸਜਾ, ਹੱਥ ਖੰਡਾ ਲੈ ਕੇ ਪੰਜ ਸਿਰਾਂ ਦੀ ਮੰਗ ਕੀਤੀ। ਵਾਰ-ਵਾਰੀ ਪੰਜ ਸਿੱਖਾਂ ਨੇ ਸੀਸ ਭੇਟ ਕੀਤੇ, ਇਹਨਾਂ ਨੂੰ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਦੀ ਉਪਾਧੀ ਦਿੱਤੀ ਜਿਸ ਖੰਡੇ ਨਾਲ ਸਿੱਖੀ ਪਰਖੀ ਸੀ। ਉਹ ਹੁਣ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੌਜੂਦ ਹੈ।

ਕਹਿਲੂਰ ਦੇ ਰਾਜਾ ਭੀਮਚੰਦ ਦੇ ਮਰਨ ਪਿੱਛੋਂ ਉਸਦਾ ਪੁੱਤਰ ਅਜਮੇਰ ਚੰਦ ਰਾਜਾ ਬਣਿਆ। ਉਸਨੇ ਗੁਰੂ ਜੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਉਸਨੇ ਹੋਰਨਾਂ ਪਹਾੜੀ ਰਾਜਿਆਂ ਨੂੰ ਨਾਲ ਲੈ ਅਨੰਦਪੁਰ ਸਾਹਿਬ ਦੇ ਕਿਲ੍ਹੇ ਤਾਰਾਗੜ੍ਹ 'ਤੇ ਹਮਲਾ ਕੀਤਾ ਪਰ ਜਿੱਤ ਨਾ ਸਕਿਆ। ਫਿਰ ਉਸਨੇ ਕਿਲ੍ਹਾ ਫ਼ਤਿਹਗੜ੍ਹ, ਅਗੰਮਗੜ੍ਹ 'ਤੇ ਹਮਲੇ ਕੀਤੇ ਪਰ ਕਾਮਯਾਬ ਨਾ ਹੋ ਸਕਿਆ। ਅੰਤ ਇਹਨਾਂ ਨੇ ਇੱਕ ਹਾਥੀ ਨੂੰ ਸ਼ਰਾਬ ਪਿਲਾ ਕੇ ਕਿਲ੍ਹਾ ਲੋਹਗੜ੍ਹ ਦਾ ਦਰਵਾਜ਼ਾ ਤੋੜਨ ਲਈ ਭੇਜਿਆ। ਗੁਰੂ ਸਾਹਿਬ ਨੇ ਭਾਈ ਬਚਿੱਤਰ ਸਿੰਘ ਨੂੰ

ਆਪਣਾ 'ਨਾਗਣੀ ਬਰਛਾ' ਦੇ ਕੇ ਹਾਥੀ ਦਾ ਮੁਕਾਬਲਾ ਕਰਨ ਲਈ ਭੇਜਿਆ। ਉਸੀ ਸਮੇਂ ਭਾਈ ਉਦੈ ਸਿੰਘ ਨੇ ਪਿੱਛੇ ਆ ਰਹੇ ਜਸਵਾਰੀਏ ਰਾਜੇ ਕੇਸਰੀ ਚੰਦ ਨੂੰ ਸੋਧਨ ਦੀ ਇਜਾਜ਼ਤ ਮੰਗੀ। ਗੁਰੂ ਸਾਹਿਬ ਨੇ ਉਸਨੂੰ ਵੀ 'ਕਰਪਾ ਬਰਛਾ' ਦੇ ਕੇ ਥਾਪੜਾ ਦਿੱਤਾ। ਜਦੋਂ ਮਦਮਸਤ ਹਾਥੀ ਲੋਹਗੜ੍ਹ ਵੱਲ ਆਇਆ ਤਾਂ ਭਾਈ ਬਚਿੱਤਰ ਸਿੰਘ ਨੇ ਪੂਰੇ ਜ਼ੋਰ ਨਾਲ ਬਰਛਾ ਹਾਥੀ ਦੇ ਮੱਥੇ ਵਿੱਚ ਮਾਰਿਆ ਤੇ ਜ਼ਖ਼ਮੀ ਹਾਥੀ ਪਿੱਛੇ ਨੂੰ ਭੱਜ ਗਿਆ। ਉਸੀ ਵਕਤ ਭਾਈ ਉਦੈ ਸਿੰਘ ਨੇ ਰਾਜਾ ਕੇਸਰੀ ਚੰਦ ਦਾ ਸਿਰ ਲਾਹ ਬਰਛੇ 'ਤੇ ਟੰਗ ਲਿਆ। ਇਸ ਤਰ੍ਹਾਂ ਪਹਾੜੀ ਰਾਜੇ ਹਾਰ ਗਏ। ਇਹ ਦੋਵੇਂ ਯਾਦਗਾਰੀ ਬਰਛੇ ਹੁਣ ਵੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੌਜੂਦ ਹਨ।

ਗੁਰੂ ਜੀ ਪਹਾੜੀ ਰਾਜਿਆਂ ਦੇ ਕਹਿਣ 'ਤੇ ਕੁੱਝ ਸਮੇਂ ਲਈ ਨਿਰਮੋਹਗੜ੍ਹ ਚਲੇ ਗਏ। ਅੰਤ ਨੂੰ ਬਸਾਲੀ ਦੇ ਰਾਜਾ ਸਲਾਹੀ ਚੰਦ ਦੇ ਯਤਨਾਂ ਨਾਲ ਸ਼ਾਂਤੀ ਸਥਾਪਿਤ ਹੋ ਗਈ। ਗੁਰੂ ਜੀ ਵਾਪਸ ਅਨੰਦਪੁਰ ਸਾਹਿਬ ਆ ਗਏ ਪਰ ਕੁੱਝ ਸਮੇਂ ਬਾਅਦ ਬਸਾਲੀ ਦੇ ਰਾਜਾ ਸਲਾਹੀ ਚੰਦ ਦਾ ਦੇਹਾਂਤ ਹੋ ਗਿਆ। ਇਸ ਲਈ ਰਾਜਾ ਅਜਮੇਰ ਚੰਦ ਕਹਿਲੂਰੀਏ ਨੇ ਫਿਰ ਹਮਲੇ ਸ਼ੁਰੂ ਕਰ ਦਿੱਤੇ। ਅਨੰਦਪੁਰ ਸਾਹਿਬ ਦੀਆਂ ਜੰਗਾਂ ਸਮੇਂ ਭਾਈ ਘਨੱ੍ਹਈਆ ਜੀ ਮਸ਼ਕ ਨਾਲ ਜ਼ਖ਼ਮੀ ਸਿੱਖਾਂ ਅਤੇ ਮੁਸਲਮਾਨਾਂ ਨੂੰ ਸਮਭਾਵ ਨਾਲ ਜਲ ਛਕਾ ਗੁਰੂ ਜੀ ਦੀ ਖ਼ੁਸ਼ੀ ਹਾਸਲ ਕੀਤੀ। ਜਿਸ ਮਸ਼ਕ ਨਾਲ ਭਾਈ ਘਨੱ੍ਹਈਆ ਜੀ ਜਲ ਛਕਾਇਆ ਕਰਦੇ ਸਨ, ਉਹ ਹੁਣ ਵੀ ਪਿੰਡ ਤਾਰਾਗੜ੍ਹ ਦੇ ਗੁਰਦੁਆਰਾ ਸਾਹਿਬ ਵਿਖੇ ਪਈ ਹੈ।

ਰਾਜਾ ਅਜਮੇਰ ਚੰਦ ਨੇ ਹੋਰਨਾਂ ਕਈ ਰਾਜਿਆਂ ਅਤੇ ਮੁਗ਼ਲ ਸਰਕਾਰ ਦੀ ਮਦਦ ਨਾਲ ਫਿਰ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਇਹ ਘੇਰਾ ਲਗਭਗ ਛੇ ਮਹੀਨੇ ਚਲਦਾ ਰਿਹਾ। ਭਾਵੇਂ ਗੁਰੂ ਸਾਹਿਬ ਕੋਲ ਫ਼ੌਜ ਲਈ ਅਨਾਜ, ਰਸਦ ਪਾਣੀ ਘੱਟ ਸੀ, ਪਰ ਗੁਰੂ ਜੀ ਨੇ ਚੰਗਾ ਮੁਕਾਬਲਾ ਕੀਤਾ। ਅੰਤ ਗੁਰੂ ਸਾਹਿਬ ਨੇ ਹੋਰ ਹੱਲ ਨਾ ਦੇਖ ਔਰੰਗਜ਼ੇਬ ਨੂੰ ਚਿੱਠੀ ਲਿਖੀ। ਅੰਤ ਕੁਰਾਨ ਸ਼ਰੀਫ਼ ਦੀ ਜਿਲਦ 'ਤੇ ਲੱਗੀ ਔਰੰਗਜ਼ੇਬ ਦੀ ਚਿੱਠੀ ਆਈ, ਜਿਸ ਵਿੱਚ ਲਿਖਿਆ ਸੀ ਕਿ ਤੁਸੀਂ ਅਨੰਦਪੁਰ ਛੱਡ ਕੇ ਕਾਂਗੜ ਕਸਬੇ ਵਿੱਚ ਆ ਜਾਵੇ, ਉੱਥੇ ਸਾਰੇ ਹਲਾਤਾਂ ਤੇ ਵਿਚਾਰ ਕਰਾਂਗੇ। ਗੁਰੂ ਜੀ ਨੇ ਬਾਦਸ਼ਾਹ ਦੇ ਵਾਅਦੇ 'ਤੇ ਵਿਸ਼ਵਾਸ ਕਰ ਅਨੰਦਪੁਰ ਛੱਡਣ ਦਾ ਫ਼ੈਸਲਾ ਕਰ ਲਿਆ।

ਸ੍ਰੀ ਅਨੰਦਪੁਰ ਸਾਹਿਬ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰਿਆਸਤ ਨਾਭਾ ਦੇ ਵਾਰਸ ਹਨੂਵੰਤ ਸਿੰਘ ਦਿੱਲੀ ਤੋਂ ਪ੍ਰਾਪਤ ਹੋਈਆਂ ਗੁਰੂ ਸਾਹਿਬਾਨ

ਦੀਆਂ ਜੋ ਪਵਿੱਤਰ ਨਿਸ਼ਾਨੀਆਂ ਵੀ ਸੁਸ਼ੋਭਿਤ ਕੀਤੀਆਂ ਗਈਆਂ ਹਨ। ਇਨ੍ਹਾਂ ਇਤਿਹਾਸਕ ਨਿਸ਼ਾਨੀਆਂ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਤੇਗਾ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਤੇਗ਼, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਚੋਲਾ, ਦਸਤਾਰ, ਕੰਘਾ (ਵਾਹੇ ਹੋਏ ਕੇਸਾਂ ਨਾਲ), ਦਸਤਾਰ ਵਾਲੀ ਸ੍ਰੀ ਸਾਹਿਬ (ਜੋ ਕਰੀਬ ਸਾਢੇ ਤਿੰਨ ਇੰਚ ਲੰਮੀ ਹੈ) ਸ੍ਰੀ ਸਾਹਿਬ (ਜੋ ਸਤਿਗੁਰੂ ਨੇ ਤਿਲੋਕ ਸਿੰਘ ਨੂੰ ਅੰਮ੍ਰਿਤ ਛਕਾਉਣ ਸਮੇਂ ਸੰਨ 1706 ਵਿਚ ਦਮਦਮੇ ਬਖ਼ਸ਼ਿਆ), ਦਸਮੇਸ਼ ਜੀ ਦਾ ਇੱਕ ਹੋਰ ਸ੍ਰੀ ਸਾਹਿਬ, ਕਿਰਪਾਨ (ਜੋ ਰਾਇ ਕੱਲ੍ਹਾ ਨੂੰ ਬਖ਼ਸ਼ੀ ਸੀ), ਪੰਜ ਤੀਰ (ਜਿਨ੍ਹਾਂ ਵਿਚ ਦੋ ਬਰਛਾ ਤੀਰ ਹਨ, ਇਨ੍ਹਾਂ ਸਾਰਿਆਂ 'ਤੇ ਸੋਨਾ ਲੱਗਾ ਹੋਇਆ ਹੈ), ਦਸਮ ਪਾਤਸ਼ਾਹ ਦਾ ਲੋਹੇ ਦਾ ਤੀਰ, ਬਰਛਾ, ਬੈਂਤ ਦੀ ਮੁੱਠੀ ਵਾਲਾ ਘੋੜੇ ਦਾ ਚਾਬਕ ਅਤੇ ਇੱਕ ਹੱਥ ਲਿਖਤ ਪੋਥੀ ਹੈ।

**ਕੋਟਲਾ ਨਿਹੰਗ :**

ਗੁਰੂ ਸਾਹਿਬ ਦੇ ਅਨੰਦਪੁਰ ਛੱਡਣ ਪਿੱਛੋਂ ਪਹਾੜੀ ਤੇ ਮੁਗ਼ਲ ਫ਼ੌਜਾਂ ਨੇ ਹਮਲਾ ਕਰ ਦਿੱਤਾ। ਭਾਈ ਬਚਿੱਤਰ ਸਿੰਘ ਇਨ੍ਹਾਂ ਨਾਲ ਜੂਝਦੇ ਸਖ਼ਤ ਜ਼ਖ਼ਮੀ ਹੋ ਗਏ। ਪਿੱਛੋਂ ਆ ਰਹੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਭਾਈ ਬਚਿੱਤਰ ਸਿੰਘ ਨੂੰ ਚੁੱਕ ਕੇ ਗੁਰੂ ਜੀ ਕੋਲ ਪਿੰਡ ਕੋਟਲਾ ਵਿਖੇ ਨਿਹੰਗ ਖਾਂ ਦੀ ਹਵੇਲੀ ਵਿੱਚ ਲੈ ਆਏ। ਗੁਰੂ ਜੀ ਬਚਿੱਤਰ ਸਿੰਘ ਦੀ ਸੇਵਾ-ਸੰਭਾਲ ਦਾ ਕੰਮ ਨਿਹੰਗ ਖਾਂ ਨੂੰ ਸੌਂਪ ਕੇ ਰਾਤ ਸਮੇਂ ਉੱਥੋਂ ਜਾਣ ਦੀ ਸੋਚੀ। ਗੁਰੂ ਜੀ ਨੇ ਜਾਣ ਤੋਂ ਪਹਿਲਾਂ ਨਿਹੰਗ ਖਾਂ ਨੂੰ ਇੱਕ ਸਿਰੀ ਸਾਹਿਬ ਬਖ਼ਸ਼ੀ, ਜੋ ਹੁਣ ਗੁਰਦੁਆਰਾ ਭੱਠਾ ਸਾਹਿਬ ਵਿਖੇ ਪਈ ਹੈ।

ਨਿਹੰਗ ਖਾਂ ਨੇ ਰਾਹ ਦੱਸਣ ਲਈ ਆਪਣੇ ਪੁੱਤਰ ਆਲਮ ਖਾਂ ਨੂੰ ਗੁਰੂ ਜੀ ਨਾਲ ਭੇਜਿਆ। ਬਾਅਦ ਵਿੱਚ ਕਿਸੇ ਚੁਗਲਖੋਰ ਨੇ ਰੋਪੜ ਦੇ ਕੋਤਵਾਲ ਜਾਫਰ ਅਲੀ ਖਾਂ ਕੋਲ ਚੁਗਲੀ ਕੀਤੀ ਕਿ ਕੋਟਲਾ ਨਿਹੰਗ ਖਾਂ ਦੇ ਕਿਲ੍ਹੇ ਵਿੱਚ ਸਿੱਖਾਂ ਨੇ ਪਨਾਹ ਲਈ ਹੈ। ਕੋਤਵਾਲ ਨੇ ਆ ਤਲਾਸ਼ੀ ਲਈ। ਨਿਹੰਗ ਖਾਂ ਨੇ ਭਾਈ ਬਚਿੱਤਰ ਸਿੰਘ ਨੂੰ ਇੱਕ ਕਮਰੇ ਵਿੱਚ ਪਾ ਦਿੱਤਾ ਤੇ ਕੋਤਵਾਲ ਨੂੰ ਕਿਹਾ ਕਿ ਇਸ ਕਮਰੇ ਵਿੱਚ ਮੇਰੀ ਲੜਕੀ ਅਤੇ ਜਵਾਈ ਹਨ। ਕੋਤਵਾਲ ਨੇ ਇਸ ਕਮਰੇ ਦੀ ਤਲਾਸ਼ੀ ਨਾ ਲਈ। ਨਿਹੰਗ ਖਾਂ ਦੀ ਲੜਕੀ ਮੁਮਤਾਜ ਨੇ ਪਿਤਾ ਦੀ ਗੱਲ ਸੁਣ ਭਾਈ ਬਚਿੱਤਰ ਸਿੰਘ ਨੂੰ ਹੀ ਮਨ ਵਿੱਚ ਆਪਣਾ ਪਤੀ ਮੰਨ ਲਿਆ ਅਤੇ ਸੇਵਾ ਕਰਦੀ ਰਹੀ ਪਰ ਬਚਿੱਤਰ ਸਿੰਘ ਜੀ ਜ਼ਿਆਦਾ

ਜ਼ਖ਼ਮੀ ਸਨ, ਇਸ ਲਈ ਅਕਾਲ-ਚਲਾਣਾ ਕਰ ਗਏ। ਨਿਹੰਗ ਖਾਂ ਨੇ ਭਾਈ ਗੁਰਸਾ ਸਿੰਘ, ਭਾਈ ਬੱਗਾ ਸਿੰਘ ਨਾਲ ਰਲ ਭਾਈ ਬਚਿੱਤਰ ਸਿੰਘ ਦਾ ਸਸਕਾਰ ਕਰ ਦਿੱਤਾ। ਸਸਕਾਰ ਤੋਂ ਪਹਿਲਾਂ ਭਾਈ ਬਚਿੱਤਰ ਸਿੰਘ ਦੀ ਛੋਟੀ ਸਿਰੀ ਸਾਹਿਬ ਅਤੇ ਬਾਟਾ ਬੀਬੀ ਮੁਮਤਾਜ ਨੇ ਆਪਣੇ ਕੋਲ ਪਤੀ ਦੀ ਨਿਸ਼ਾਨੀ ਵਜੋਂ ਰੱਖ ਲਈਆਂ। 1947 ਈ. ਵਿੱਚ ਨਿਹੰਗ ਖਾਂ ਦੇ ਵੰਸ਼ਜ ਗੁਰੂ ਜੀ ਦੀ ਕਟਾਰ ਤੇ ਸ੍ਰੀ ਸਾਹਿਬ (ਜੋ ਗੁਰੂ ਜੀ ਪਹਿਲਾਂ ਬਖ਼ਸ਼ ਗਏ ਸਨ) ਭੱਠਾ ਸਾਹਿਬ ਦੇ ਗਏ ਅਤੇ ਗੁਰੂ ਜੀ ਦੀ ਢਾਲ, ਭਾਈ ਬਚਿੱਤਰ ਸਿੰਘ ਦੀ ਛੋਟੀ ਸਿਰੀ ਸਾਹਿਬ ਅਤੇ ਬਾਟਾ ਸ਼ਹੀਦ ਗੰਜ ਵਿਖੇ ਇਹ ਵਸਤਾਂ ਹੁਣ ਵੀ ਉੱਥੇ ਦਰਸ਼ਨਯੋਗ ਹਨ।

**ਚਮਕੌਰ ਸਾਹਿਬ :**

ਗੁਰੂ ਸਾਹਿਬ ਸਿੱਖਾਂ ਸਮੇਤ ਚਮਕੌਰ ਪਹੁੰਚ ਕੇ ਉੱਥੋਂ ਦੇ ਚੌਧਰੀ ਦੀ ਹਵੇਲੀ ਜਾਂ ਗੜ੍ਹੀ ਵਿੱਚ ਜਾ ਡੇਰਾ ਲਾਇਆ। ਮੁਗਲ ਅਤੇ ਪਹਾੜੀ ਫ਼ੌਜਾਂ ਨੇ ਆ ਕੇ ਗੜ੍ਹੀ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ ਨੇ 40 ਸਿੱਖਾਂ ਨਾਲ ਡੱਟ ਕੇ ਇਨ੍ਹਾਂ ਦਾ ਮੁਕਾਬਲਾ ਕੀਤਾ ਪਰ ਯੁੱਧ ਵਿੱਚ ਦੋਵੇਂ ਸਾਹਿਬਜ਼ਾਦੇ ਅਤੇ 38 ਸਿੱਖ ਸ਼ਹੀਦੀਆਂ ਪਾ ਗਏ। ਜੰਗ ਦੌਰਾਨ ਵਰਤੇ ਗਏ ਕੁਝ ਸ਼ਸਤਰ ਜ਼ਮੀਨ ਵਿੱਚੋਂ ਨਿਕਲੇ ਸਨ, ਜੋ ਹੁਣ ਗੁਰਦੁਆਰਾ ਸਾਹਿਬ ਚਮਕੌਰ ਵਿਖੇ ਰੱਖੇ ਹੋਏ ਹਨ।

ਅੰਤ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਸਾਹਿਬਾਨ ਲੰਬਾ ਸਮਾਂ ਪੁਆਧ ਖੇਤਰ ਵਿੱਚ ਰਹੇ ਅਤੇ ਇਸ ਖੇਤਰ ਨੂੰ ਬਖ਼ਸ਼ਿਸ਼ਾਂ ਨਾਲ ਨਿਵਾਜਿਆ। ਪੁਆਧ ਦੇ ਸਿੱਖਾਂ ਨੇ ਗੁਰੂ ਸਾਹਿਬਾਨ ਦੀਆਂ ਬਖ਼ਸ਼ਿਸ਼ਾਂ ਪਾਵਨ ਨਿਸ਼ਾਨੀਆਂ ਨੂੰ ਸਦੀਆਂ ਤੱਕ ਸੰਭਾਲ ਕੇ ਰੱਖਿਆ। ਗੁਰੂ ਜੀ ਦੀ ਕ੍ਰਿਪਾ ਸਦਕਾ ਇਹ ਇਲਾਕਾ ਹਮੇਸ਼ਾ ਹੀ ਗੁਰੂ ਪ੍ਰਤੀ ਅਥਾਹ ਸ਼ਰਧਾ ਰੱਖਦਾ ਆਇਆ ਹੈ ਅਤੇ ਸਦਾ ਹੀ ਇਸੇ ਪ੍ਰੇਮ ਵਿੱਚ ਭਿੱਜਿਆ 'ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ' ਨੂੰ ਦਿਲ ਨਾਲ ਲਾ ਕੇ ਰੱਖੇਗਾ।

*ਸਿੱਖ ਗੁਰੂ ਸਾਹਿਬਾਨ ਦੀਆਂ ਹੋਰ ਥਾਵਾਂ 'ਤੇ ਸੁਸ਼ੋਭਿਤ ਇਤਿਹਾਸਕ ਨਿਸ਼ਾਨੀਆਂ ਬਾਰੇ ਡਾ. ਹਰਪ੍ਰੀਤ ਸਿੰਘ ਨਾਜ਼ ਦੀ ਖੋਜ ਪੁਸਤਕ 'ਇਤਿਹਾਸਕ ਸਿੱਖ ਨਿਸ਼ਾਨੀਆਂ' (2017) ਪ੍ਰਕਾਸ਼ਕ ਲਾਹੌਰ ਬੁਕਸ, ਲੁਧਿਆਣਾ ਪੜ੍ਹੀ ਜਾ ਸਕਦੀ ਹੈ।* *- ਸੰਪਾਦਕ*

**ਮੋ. 85670-20995**

# ਚੌਥਾ ਖੰਡ

## ਕਾਵਿ-ਸ਼ਾਰ

## ਕਥਾ ਪੁਆਧ ਕੀ

● ਗਿ. ਧਰਮ ਸਿੰਘ ਭੰਖਰਪੁਰ

ਪ੍ਰਸੰਗ ਸੁਣਾਊ ਮੈਂ
ਯੋਹ ਆ ਕਥਾ ਪੁਆਧ ਕੀ ਮੇਰੀ।
ਹਾਂ, ਪੁਆਧ ਕੀ ਧਰਤੀ ਪੈ
ਪਾਏ ਚਰਨ ਗੁਰੂ, ਗੁਰ ਪੂਰੇ।
ਪੂਰੇ ਕੀ ਪੂਰੀ ਅਜਮਤ
ਫੇਰ, ਕੰਮ ਕਿਉਂ ਰਹਾਂ ਅਧੂਰੇ।
ਇਸ ਪੁਆਧ ਕੀ ਧਰਤੀ ਪੈ
ਇਤਿਹਾਸ ਕੇ ਵਾਰੇ ਨਿਆਰੇ।
ਔਹ ਅਨੰਦਪੁਰੀ ਦੇ ਬਿੱਚ
ਸਤਗੁਰ ਰਚ ਦੀਏ ਪੰਜ ਪਿਆਰੇ।
ਕੀਰਤਪੁਰ ਲਾਗੋ ਆ
ਪਾਤਾਲਪੁਰੀ ਗੁਰਦੁਆਰਾ।
ਬੁੱਢਣਸ਼ਾਹ ਦੁੱਧ ਕਟੋਰੇ
ਗੁਰ ਪੀਵੇ ਸਿਦਕ ਨਿਆਰਾ।
ਹਾਏ! ਪਰਿਵਾਰ ਵਿਛੋੜੇ ਕਾ
ਡੂੰਘਾ ਦਰਦ ਕਦੀ ਨਾ ਭੁੱਲਦਾ,
ਚਮਕੌਰ ਸਾਹਿਬ ਵਿਖੇ
ਦੇਖੋ ਲਹੂ ਕੌਮ ਕਾ ਡੁੱਲ੍ਹ ਦਾ
ਸਵਾ ਲਾਖ ਸੇ ਇੱਕ ਲੜੇ
ਮਾਸੂਮ ਕੰਧਾਂ ਮਾ ਚਿਣਗੇ
ਸਰਹਿੰਦ ਕੀ ਧਰਤੀ ਨੂੰ
ਓ ਗੈਲ ਅਸ਼ਰਫੀਆਂ ਮਿਣਗੇ।
ਹਾਂ, ਬੰਦਾ ਸਿੰਘ ਜੋਧੇ ਨੇ
ਫਿਰ ਇੱਟ ਗੈਲ ਇੱਟ ਖੜਕਾਈ
ਔਹ ਫਤਹਿ ਮੀਨਾਰ ਖੜ੍ਹਾ

ਇਤਿਹਾਸ ਕੀ ਭਰੇ ਗੁਆਹੀ
ਹੈ, ਗਲ ਖਾਲਸੇ ਕਾ
ਓਹ ਖੜ੍ਹਾ ਕਿਲ੍ਹਾ ਹੈ ਲੋਹਗੜ੍ਹ
ਓ ਗਾਂਓ ਹਰਿਆਣੇ ਕਾ
ਜਮਨਾ ਨਗਰ ਜਿਲ੍ਹਾ ਹੈ ਲੋਹਗੜ੍ਹ।

●

## ਸਾਕਾ

• ਸੋਹਨ ਸਿੰਘ ਸੀਤਲ

ਇਹ ਸੁਣ ਕੇ ਬਚਨ ਹਜ਼ੂਰ ਦੇ ਸਿੰਘ ਬੇਨਤੀ ਕਰਦੇ।
ਤੇ ਹੱਥ ਬੰਨ੍ਹ ਚਾਲੀ ਸੂਰਮੇ ਸਿਰ ਚਰਨੀਂ ਧਰਦੇ।
ਜੋ ਜਨਮੇ ਖੰਡੇਧਾਰ 'ਚੋਂ ਕਦ ਮੌਤੋਂ ਡਰਦੇ
ਜਿੰਨ੍ਹਾਂ ਦਿਲ ਦਿੱਤੇ, ਇਨਕਾਰ ਨਾ ਸਿਰ ਦੇਣੋ ਕਰਦੇ।
ਜਿਉਂ ਸੜਨ ਪਤੰਗੇ ਲਾਟ 'ਤੇ ਨਾ ਹਉਕੇ ਭਰਦੇ
ਇਉਂ ਤਕਿਓ ਲਾੜੀ ਮੌਤ ਨੂੰ ਸਿੰਘ ਹੱਸ ਹੱਸ ਵਰਦੇ।
ਜੋ ਆਸ਼ਕ ਕੌਮੀ ਅਣਖ ਦੇ ਸੱਲ ਸੀਨੇ ਜਰਦੇ
ਉਹ ਖ਼ੂਨੀ ਨੈਂ ਵਿਚ 'ਸੀਤਲ' ਤੇਗਾਂ 'ਤੇ ਤਰਦੇ।

## ਵਾਰ

ਹੱਲਾ ਬੋਲਿਆ ਵਜ਼ੀਰ ਖ਼ਾਂ ਦੀ ਫ਼ੌਜ ਨੇ
ਨਾਅਰੇ 'ਅਲੀ' ਦੇ ਚੁਫੇਰਿਓਂ ਮਾਰ।
ਤੋਪਾਂ ਚੱਲੀਆਂ ਤਾਂ ਹਿੱਲ ਗਈ ਧਰਤੀ
ਬੱਦਲ ਗੱਜਦੇ ਜਿਉਂ ਸੌਣ ਦੀ ਬਹਾਰ।
ਅੱਗੋਂ ਤੇਗ਼ ਦਸਮੇਸ਼ ਦੀ ਲਿਸ਼ਕਦੀ
ਕਾਲੀ ਘਟਾ 'ਤੇ ਜਿਉਂ ਬਿਜਲੀ ਦੀ ਤਾਰ।
ਛੱਡੇ ਖ਼ਾਲਸੇ ਜੈਕਾਰੇ ਜ਼ੋਰ ਦੀ
ਅਤੇ ਸਾਂਭ ਲੈ ਹੱਥੀਂ ਹਥਿਆਰ।
ਤੀਰ ਗੋਲੀਆਂ ਗੜ੍ਹੀ 'ਚੋਂ ਇਉਂ ਚੱਲਦੇ
ਬਰਸਣ ਅੰਬਰੋਂ ਜਿਵੇਂ ਅੰਗਿਆਰ।
ਗ਼ਾਜ਼ੀ ਦਾਨਿਆਂ ਦੇ ਵਾਂਗ ਪਏ ਭੁੱਜਦੇ।
ਜਿਵੇਂ ਲਾਟ ਉੱਤੇ ਭੰਬਟਾਂ ਦੀ ਡਾਰ।
ਜਦੋਂ ਮੋਹਰਲੀਆਂ ਪਾਲਾਂ ਭੋਇੰ ਲੇਟੀਆਂ
ਪਿੱਛੇ ਮੱਚ ਗਈ ਹਾਲ ਪੁਕਾਰ।
ਵਿੱਚ ਡਟ ਕੇ ਮੈਦਾਨ ਦੇ 'ਸੀਤਲਾ'
ਔਖਾ ਖ਼ਾਲਸੇ ਦਾ ਝਲਣਾ ਵਾਰ।

## ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਹੱਲਾ

**• ਗਿ. ਸਵਰਨ ਸਿੰਘ ਢੰਗਰਾਲੀ**

ਘੋੜਾ ਛੇੜਿਆਂ ਗੁਰਾਂ ਦੇ ਲਾਲ ਨੇ
ਗਿਆ ਅਜੀਤ ਸਿੰਘ ਜੰਗ ਵਿੱਚ ਆ।
ਓਹਦੀ ਤੇਗ ਚਮਕਾਰੇ ਮਾਰਦੀ
ਖ਼ੂਨ ਗਿਆ ਅੱਖਾਂ ਦੇ ਵਿੱਚ ਆ।

ਜੰਗ ਕਾੜ੍ਹ ਕਾੜ੍ਹ ਚੰਡੀ ਖੜਕਦੀ
ਪਿਆ ਵੈਰੀ 'ਤੇ ਬਾਜ਼ ਵਾਂਗੂੰ ਧਾ।
ਲਹੂ ਖੌਲਦਾ ਡੌਲੇ ਫੜਕ ਦੇ
ਸਿੰਘ ਰਿਹਾ ਜੌਹਰ ਤੇਗ ਦੇ ਦਿਖਾ।

ਫਿਰੇ ਸ਼ੇਰ ਦੇ ਵਾਂਗੂੰ ਬੁਕਦਾ
ਦਿਤਾ ਵੈਰੀਆਂ 'ਚ ਭੜਥੂ ਪਾ।
ਲੜਦੇ ਸਾਥੀ ਸੂਰਮੇ
ਗਏ ਨੇ ਸ਼ਹੀਦੀ ਜਾਮਾ ਪਾ।

ਅੰਤ 'ਕੱਲਾ ਘਿਰਿਆ ਲਾਡਲਾ
ਵੈਰੀ ਗਿਰਝਾਂ ਦੇ ਵਾਂਗ ਪਏ ਆ।
ਅੱਗੋਂ ਗੁਰੂ ਦਾ ਦੁਲਾਰਾ ਭੱਬਕਿਆ
ਸ਼ੇਰ ਪਿਆ ਗਿੱਦੜਾਂ 'ਤੇ ਧਾ।

ਗਾਜ਼ੀ ਮੌਤ ਦੇ ਘਾਟ ਉਤਾਰ ਦਾ
ਰਹੇ ਭੈ ਫਰਜ਼ੰਦ ਕੋਲੋਂ ਖਾ।
ਸਵਰਨ ਸਿੰਘਾ ਮਰਦ ਦਲੇਰ ਨੇ
ਲਈ ਮੌਤ ਘੁੱਟ ਸੀਨੇ ਨਾਲ ਲਾ।

•

## ਜੋਧਿਆਂ ਦੀ ਵਾਰ

• ਗਿ. ਸਵਰਨ ਸਿੰਘ ਢੰਗਰਾਲੀ

ਚੋਟਾਂ ਮਾਰ ਕੇ ਨਿਗਾਰਿਆਂ 'ਤੇ ਸੂਰਮੇ
ਕੁਦ ਪਏ ਨੇ ਮੈਦਾਨ ਵਿੱਚ ਆ।
ਕਾੜ੍ਹ ਕਾੜ੍ਹ ਜੰਗ ਵਿੱਚ ਖੜਕਦੀਆਂ
ਸੂਰੇ ਪੱਬਾਂ ਤੱਕ ਰਹੇ ਜ਼ੋਰ ਲਾ।
ਜਿਵੇਂ ਬਦਲਾਂ 'ਚ ਬਿਜਲੀ ਲਿਸ਼ਕਦੀ
ਰਹੀਆਂ ਤੇਗਾਂ ਚਮਕਾਰੇ ਪਾ।
ਤੀਰ ਸਉਣ ਦੇ ਛਰਾਟੇ ਵਾਂਗੂੰ ਵਰਸਦੇ
ਰਹੇ ਦਲਾਂ ਦੇ ਦਲ ਮੁਕਾ।
ਉਥੇ ਤਾੜ ਤਾੜ ਗੋਲੀ ਕੜਕਦੀ
ਜੰਗ ਰਹੀਆਂ ਨੇ ਬੰਦੂਕਾਂ ਗੜ ਗੜਾ।
ਦਗੜ ਦਗੜ ਘੋੜੇ ਦੌੜ ਦੇ
ਰਹੇ ਜੰਗ ਵਿੱਚ ਭੜਥੂ ਪਾ।
ਅੰਬਰ ਹੋਇਆ ਗਹਿਰਾ ਲਾਲ ਸੀ
ਰਹੀ ਮੌਤ ਰਾਣੀ ਸੱਥਰ ਵਿਛਾ।
ਧਰਤੀ ਲਾਲੋ ਲਾਲ ਸੀ
ਦਿਤੀ ਖੂਨੀ ਨਦੀ ਵਹਾ।
ਲੜਦੇ ਰਣ ਵਿੱਚ ਸੂਰਮੇ
ਰਹੇ ਪਾਜੀਆਂ ਦੇ ਦਿਲ ਘਬਰਾ।
ਸਵਰਨ ਸਿੰਘਾਂ ਦੋਹਾਂ ਧਿਰਾਂ ਨੂੰ
ਦਿਲ ਜੰਗ ਜਿੱਤਣ ਦਾ ਚਾਅ।

●

## ਵਾਰ ਦਸਮੇਸ਼ ਪਿਤਾ

• ਡਾ. ਜਸਪਾਲ ਸਿੰਘ ਜੱਸੀ

ਕਹਿੰਦੇ ਹੇਮ ਕੁੰਟ ਪਹਾੜ 'ਤੇ
ਤਪ ਕਰੇ ਦਸਵਾਂ ਅਵਤਾਰ,
ਜਿੱਥੇ ਪਾਂਡੋ ਜੋਗ ਕਮਾਂਵਦੇ
ਝੱਲਦੇ ਪਏ ਕਸ਼ਟ ਹਜ਼ਾਰ,
ਉਸੇ ਥਾਂ ਗੁਰੂ ਦਸਮੇਸ਼ ਨੇ
ਹੈ ਸੀ ਧਿਆਇਆ ਅਲਖ ਅਪਾਰ
ਜਦੋਂ ਏਸ ਤਰ੍ਹਾਂ ਤਪ ਕਰਦਿਆਂ,
ਬੀਤ ਗਏ ਸੀ ਜੁੱਗ ਹਜ਼ਾਰ
ਤਦ ਹੋ ਕੇ ਖੁਸ਼ ਅਕਾਲ ਨੇ
ਏਹ ਮੁੱਖੋਂ ਕਿਹਾ ਉਚਾਰ
ਵਾਹ ਤਪੀਆ ਤੇਰੀ ਤਪੱਸਿਆ
ਮਨਜ਼ੂਰ ਮੇਰੇ ਦਰਬਾਰ
ਤੈਨੂੰ ਸੇਵਕ ਆਪਣਾ ਥਾਪ ਕੇ
ਮੈਂ ਘੱਲਾਂ ਵਿੱਚ ਸੰਸਾਰ
ਉੱਥੇ ਪਾਪੀ ਪਾਪ ਕਮਾਂਵਦੇ
ਪਈ ਮੱਚੇ ਹਾਹਾ-ਕਾਰ
ਮੈਂ ਪਹਿਲਾਂ ਘੱਲਿਆ ਰਾਕਸਾ
ਫੇਰ ਦੇਵਤੇ ਵਾਰੋ-ਵਾਰ
ਉਨ੍ਹਾਂ ਆਪਣਾ ਨਾਮ ਜਪਾ ਲਿਆ
ਨਾ ਦੱਸਿਆ ਏਕਉਂਕਾਰ
ਜਾਹ ਤੂੰ ਧਰਮ ਚਲਾ ਦੇ ਜਗਤ 'ਤੇ
ਤੇ ਲੈ ਦੁਨੀਆਂ ਦੀ ਸਾਰ
ਇਹ ਸੁਣ ਕੇ ਹੁਕਮ ਅਕਾਲ ਦਾ
ਕੀਤੀ ਅਰਜ਼ ਹੈ ਕਲਗੀਧਾਰ
ਇਹ ਪੰਥ ਚਲੇਗਾ ਜਗਤ 'ਤੇ

ਜੇ ਆਪ ਹੋਵੋ ਮੱਦਦਗਾਰ
ਬੇਟਾ ਜਾਹ ਐਸਾ ਹੀ ਹੋਏਗਾ
ਸੰਗਤੇ ਬੋਲੇ ਪਰਵਦਗਾਰ

**ਮੁਖੀ, ਸੋਸ਼ਲ ਸਾਇੰਸਜ਼,**
**ਰਿਆਤ-ਬਾਹਰਾ ਯੂਨੀਵਰਸਿਟੀ,**
**ਮੁਹਾਲੀ (ਪੰਜਾਬ)**
**ਮੋ. 98159-15898**

●

## ਸਰਸਾ ਨਦੀ ’ਤੇ ਵਿਛੋੜਾ ਪੈ ਗਿਆ

• ਭਾਈ ਮਨਿੰਦਰ ਸਿੰਘ ਸ੍ਰੀਨਗਰ ਵਾਲੇ

ਵਾਟਾਂ ਲੰਮੀਆਂ ਤੇ ਰਸਤਾ ਪਹਾੜ ਦਾ, ਤੁਰ ਜਾਂਦੇ ਗੁਰਾਂ ਦੇ ਲਾਲ ਜੀ,
ਸਰਸਾ ਨਦੀ ‘ਤੇ ਵਿਛੋੜਾ ਪੈ ਗਿਆ, ਓਸ ਵੇਲੇ ਦਾ ਸੁਣ ਲਓ ਹਾਲ ਜੀ।

ਰਾਤ ਹਨੇਰੀ ਬਿਜਲੀ ਚਮਕੇ, ਰਾਹ ਜੰਗਲਾਂ ਦੇ ਪੈ ਗਏ,
ਰੇਸ਼ਮ ਨਾਲੋਂ ਸੋਹਲ ਸਰੀਰ ਨੂੰ, ਦੁਖੜੇ ਸਹਿਣੇ ਪੈ ਗਏ।
ਛੋਟੀ ਉਮਰ ਦੇ ਦੋਨੋਂ ਬਾਲ ਜੀ, ਮਾਤਾ ਗੁਜਰੀ ਉਹਨਾਂ ਦੇ ਨਾਲ ਜੀ।
ਸਰਸਾ ਨਦੀਂ ’ਤੇ ਵਿਛੋੜਾ................।

ਕਹਿਰ ਦੀ ਸਰਦੀ ਹੱਡੀਆਂ ਚੀਰੇ, ਬਾਲ ਨਿਆਣੇ ਕੰਬਦੇ ਨੇ।
ਉਂਗਲੀ ਫੜ੍ਹ ਕੇ ਮਾਂ ਗੁਜਰੀ ਦੀ, ਰਾਹ ਪੱਥਰਾਂ ਦੇ ਲੰਘਦੇ ਨੇ।
ਕਦੋਂ ਅਜੀਤ ਤੇ ਜੁਝਾਰ ਵੀਰੇ ਆਉਣਗੇ,
ਮਾਤਾ ਗੁਜਰੀ ਨੂੰ ਪੁੱਛਦੇ ਸਵਾਲ ਜੀ।
ਸਰਸਾ ਨਦੀਂ ’ਤੇ ਵਿਛੋੜਾ..................।

ਉਮਰ ਨਿਆਣੀ ਦੋ ਬੱਚਿਆਂ ਦੀ, ਇਕ ਮਾਂ ਬੁੱਢੜੀ ਸਾਥ ਕਰੇ,
ਬੇਦੋਸ਼ੇ ਇਨ੍ਹਾਂ ਨਿਰਦੋਸ਼ ਦਾ, ਕੌਣ ਹੈ ਜੋ ਇਨਸਾਫ ਕਰੇ।
ਕੈਸੀ ਹੋਣੀ ਦੀ ਖੇਡੀ ਚਾਲ, ਗੰਗੂ ਪਾਪੀ ਉਨ੍ਹਾਂ ਦੇ ਨਾਲ ਜੀ।

ਸਰਸਾ ਨਦੀ ’ਤੇ ਵਿਛੋੜਾ ਪੈ ਗਿਆ,
ਓਸ ਵੇਲੇ ਦਾ ਸੁਣ ਲਓ ਹਾਲ ਜੀ।

•

## ਗਾਥਾ ਗੜ੍ਹੀ ਚਮਕੌਰ ਦੀ

• ਮਨਮੋਹਨ ਸਿੰਘ ਦਾਊਂ

ਕੱਚੀ ਗੜ੍ਹੀ ਚਮਕੌਰ ਦੀ ਸੀ ਕੱਕਰੀ ਪੋਹ ਦੀ ਰਾਤ,
ਕਲਗੀਧਰ ਦਸਮੇਸ਼ ਨੇ ਕੀਤੀ ਨ੍ਹੇਰੇ ਦੇ ਸੰਗ ਬਾਤ।

ਸੀ ਦਨ ਦਨਾਉਂਦਾ ਫਿਰ ਰਿਹਾ ਔਰੰਗਜ਼ੇਬ ਦਾ ਕਹਿਰ,
ਚਾਲੀ ਕੁ ਸਿੰਘ ਬਸ ਚੋਣਵੇਂ ਗੁਰਾਂ ਗੜ੍ਹੀ 'ਚ ਕੀਤੀ ਠਹਿਰ।

ਬਾਹਰ ਗੜ੍ਹੀ ਦੇ ਨ੍ਹੇਰ ਸੀ ਅੰਦਰ ਨੂਰੋ-ਨੂਰ ਪ੍ਰਕਾਸ਼,
ਜ਼ੁਲਮ ਨੂੰ ਠੱਲ੍ਹਣ ਵਾਸਤੇ ਗੁਰਾਂ ਕੀਤੀ ਪ੍ਰਭ ਅਰਦਾਸ।

ਘੇਰਾ ਦੁਸ਼ਮਣਾਂ ਪਾ ਲਿਆ ਦਸ ਲੱਖ ਗਿਣਤੀ ਘੱਤ,
ਸਿੰਘ ਭੁੱਖੇ, ਸਿਰੜੀ ਬੜੇ ਪੱਲੇ ਧਰਮ ਦੀ ਪੱਤ।

ਮੁਗ਼ਲੀ ਫ਼ੌਜਾਂ ਧਮਕੀਆਂ ਤੰਬੂ ਦਿੱਤੇ ਤਾਣ,
ਗੁਰਾਂ ਦੀ ਟੇਕ ਅਕਾਲ 'ਤੇ ਜਾ ਸਿੰਘਾਂ ਉੱਤੇ ਮਾਣ।

ਹਮਲਾ ਕੀਤਾ ਵੈਰੀਆਂ ਹੋਣ ਲੱਗੀ ਫਿਰ ਜੰਗ,
ਕੱਚੀ ਗੜ੍ਹੀ ਦੀ ਤਿੱਖੇ ਤੀਰਾਂ ਨੇ ਧਰਤੀ ਦਿੱਤੀ ਰੰਗ।

ਸ਼ਕਤੀ ਗੜ੍ਹੀ ਦੀ ਤੱਕ ਦੇ ਦੁਸ਼ਮਣ ਹੋਇਆ ਲਾਚਾਰ,
ਗੁਰ ਤੀਰਾਂ ਨਾਲ ਪਰੁੰਨਿਆ ਜੋ ਟੱਪਣ ਆਇਆ ਦੀਵਾਰ।

ਤੀਰ ਜਦੋਂ ਸੀ ਸ਼ੂਕਦੇ ਸਿਰ ਲੱਥ-ਲੱਥ ਡਿਗਦੇ ਕੰਬ,
ਜਿਉਂ ਹਨੇਰੀ ਰੁੱਖਾਂ ਦੇ ਪੱਤਰ ਦੇਵੇ ਝੰਬ।

ਇਕ ਪਾਸੇ ਸੈਨਾ ਦਸ ਲੱਖੀ ਦੂਜੇ ਪਾਸੇ ਚਾਲੀ ਸਿੰਘ,
ਬੇਮੇਚੀ ਇਸ ਜੰਗ ਦਾ ਬਿਆਨ ਸੁਣਾਵਾਂ ਕਿੰਜ।

ਸਵਾ ਲੱਖ ਨਾਲ ਜੂਝਿਆ ਇੱਕ-ਇੱਕ ਸਿੰਘ ਦਲੇਰ,
ਜੰਗ ਅਜਿਹੀ ਧਰਤ 'ਤੇ ਡਿੱਠੀ ਨਾ ਕਿਸੇ ਫੇਰ।

ਘੇਰਾ ਏਨਾ ਸੰਘਣਾ ਟਿੱਡੀ ਦਲ ਜਿਉਂ ਖੇਤ,
ਵਾਹ, ਗੁਰੂ ਗੋਬਿੰਦ ਸਿੰਘ ਤੇਰੀ ਸ਼ਕਤੀ ਦਾ ਨਾ ਭੇਤ।

ਆਖਰ ਗੁਰਾਂ ਨੇ ਸੋਚ ਕੇ ਪੰਜ-ਪੰਜ ਤੋਰੇ ਸ਼ੇਰ,
ਆਹੂ ਲਾਹ-ਲਾਹ ਸਿੰਘਾਂ ਨੇ ਦਿੱਤਾ ਵੈਰੀ ਦਾ ਮੂੰਹ ਫੇਰ।

ਐਸਾ ਜਾਦੂ ਧੂੜਿਆ ਗੁਰਾਂ ਅੰਮ੍ਰਿਤ ਦੀ ਦੇ ਪਾਣ,
ਪੁਰਜਾ ਪੁਰਜਾ ਕਟ ਮਰੇ ਸਿੰਘਾਂ ਰੱਖ ਵਿਖਾਈ ਆਣ।

ਗੁਰਾਂ ਦੇ ਲਾਲਾਂ ਤੱਕਿਆ ਸਿੰਘਾਂ ਦਾ ਬਲੀਦਾਨ,
ਅਜੀਤ ਸਿੰਘ ਨੇ ਆਖਿਆ ਪਿਤਾ, ਦੇਵੋ ਨੇਜ਼ਾ ਤੇ ਕਿਰਪਾਨ।

ਉਸ ਚਿਹਰੇ ਲਾਲੀ ਦਮਕਦੀ ਦਿਲ ਠਾਠਾਂ ਮਾਰੇ ਬੇਰੋਕ,
ਸਿੰਘ ਮਰਾਏ, ਪੁੱਤ ਬਚਾਏ ਕੀ ਆਖਣਗੇ ਲੋਕ।

ਥਾਪੜਾ ਦੇ ਕੇ ਗੁਰਾਂ ਨੇ ਲਾ ਪੁੱਤ ਨੂੰ ਛਾਤੀ ਨਾਲ,
ਮੌਤ ਵਿਆਹੁਣ ਤੋਰਿਆ ਦੇ ਕੇ ਅਸੀਸ ਕਮਾਲ।

ਉਮਰ ਜੁਆਨੀ ਵਾਲੜੀ ਸਿਰੜ, ਸਿਦਕ ਦੀ ਪੁੱਠ,
ਕਰ-ਕਰ ਵਾਰ ਜੋਸ਼ੀਲੜੇ ਉਸ ਵੈਰੀ ਲਾਇਆ ਗੁੱਠ।

ਜੋ ਵੀ ਆਇਆ ਸਾਹਮਣੇ ਵੱਢ-ਵੱਢ ਕੀਤਾ ਚਿੱਤ,
ਲੜੇ ਅਸੰਖਾਂ ਨਾਲ ਭਲਾਂ ਆਖਰ 'ਕੱਲਾ ਕੋਈ ਕਿੱਤ।

ਉਸ ਭਾਜੜ ਪਾਈ ਵੈਰੀਆਂ ਜਦ ਲਿਸ਼ਕੀ ਹੱਥ ਤਲਵਾਰ,
ਜੋ ਵੀ ਆਇਆ ਸੋਧਿਆ ਗਿਆ ਨਾ ਖ਼ਾਲੀ ਵਾਰ।

ਤੇਗ਼ ਟੁੱਟੀ, ਫੜ ਨੇਜੜਾ ਕੀਤਾ 'ਅਜੀਤ' ਕਮਾਲ
ਗੁਰਾਂ ਦੇ ਮੂੰਹੋਂ ਨਿਕਲਿਆ ਵਾਹ ਉਏ ਮੇਰੇ ਲਾਲ।

ਹੋ ਜ਼ਖ਼ਮੀ ਘੋੜਿਓਂ ਡਿੱਗਿਆ ਪਰ 'ਅਜੀਤ ਕਰੇਂਦਾ ਵਾਰ,
ਜਾਮ ਸ਼ਹੀਦੀ ਪੀ ਗਿਆ ਮੰਨੀ ਨਾ ਉਸ ਹਾਰ।

'ਗੋਬਿੰਦ' ਸ਼ੁਕਰ ਮਨਾਇਆ ਪ੍ਰਭ 'ਤੇ ਰੱਖ ਵਿਸ਼ਵਾਸ,
ਕਰਜ਼ਾ ਸਿਰੋਂ ਹੈ ਲੱਥਿਆ ਮੇਰਾ ਜੀਵੇ ਪੰਥ ਸ਼ਾਬਾਸ਼।

ਜੂਝਣ ਲਈ 'ਜੁਝਾਰ' ਫਿਰ ਹੋਇਆ ਉੱਠ ਤਿਆਰ,
ਬਖ਼ਸ਼ੋ ਪਿਤਾ ਜੀ ਥਾਪੜਾ ਜਾਵਾਂ ਰਣ ਵਿਚਕਾਰ।

ਨੱਢੜਾ ਬੇਟਾ ਗੁਰੂ ਦਾ ਜਾ ਧਮਕਿਆ ਵਿੱਚ ਮੈਦਾਨ,
ਜੋਸ਼ ਜੁਆਨੀ, ਰੋਹ ਤ੍ਰਿਖੜਾ ਹੋਇਆ ਵੈਰੀ ਤੱਕ ਹੈਰਾਨ।

ਲੜਿਆ ਵੈਰੀ ਸੰਗ ਉਹ ਆਖਰੀ ਦਮਾਂ ਤੀਕ,
ਤ੍ਰੇਹ ਬੁਝਾਈ ਰੱਤ ਨਾਲ ਉਸ ਅੱਡਰੀ ਪਾਈ ਲੀਕ।

ਅੰਮ੍ਰਿਤ ਪੀਤਾ ਸਿਦਕ ਦਾ ਕੀਤੀ ਉਮਰੋਂ ਵੱਡੀ ਗੱਲ,
ਲਾਜ ਰੱਖਣ ਲਈ ਪੰਥ ਦੀ ਉਸ ਵੈਰੀ ਦਿੱਤਾ ਠੱਲ੍ਹ।

ਤੱਕ ਕੇ ਸੂਰਜ ਅੰਬਰੀਂ ਉਸ ਓਡਣ ਕੀਤੀ ਛਾਂ,
ਧਰਤੀ ਗੋਦੀ ਲੈ ਲਿਆ ਧੰਨ ਜਣੇਂਦੀ ਮਾਂ।

ਨਾਲ ਲਹੂ ਦੇ ਭਿੱਜਗੀ ਰਣ-ਖੇਤਰ ਦੀ ਹਿੱਕ,
ਸੋਚੀਂ ਸੋਚਣ ਬੈਠ ਕੇ ਹੋ ਗੁਰ ਚੇਲੇ ਇੱਕ-ਮਿੱਕ।

ਹੋਈਆਂ ਜੰਗਾਂ ਜੱਗ ਵਿੱਚ ਪਰ ਵੱਖਰਾ ਇਹ ਇਤਿਹਾਸ,
ਕੇਡਾ ਜੇਰਾ ਪਿਤਾ ਦਾ ਰੱਖਿਆ ਜਿਸ ਧਰਵਾਸ।

ਦਾਤਾ, ਤੇਰੇ ਗੁਣਾਂ ਦਾ ਹੋ ਨਾ ਸਕੇ ਬਿਆਨ,
ਵਾਰ ਕੇ ਪੁੱਤਰ ਸਲੋਨੜੇ ਪੰਥ ਦੀ ਰੱਖੀ ਸ਼ਾਨ।

ਹੁਕਮ ਮੰਨ ਗੁਰੂ ਸਿੰਘਾਂ ਦਾ ਸੌਂਪੀ ਕਲਗੀ, ਸ਼ਾਹੀ ਵੇਸ,
ਗੜ੍ਹੀਓਂ ਤੁਰੇ ਵੰਗਾਰ ਕੇ ਧਾਰ ਕੇ ਵੱਖਰਾ ਭੇਸ।

ਲਾਸ਼ਾਂ ਦੇ ਅੰਬਾਰ ਸਨ ਕਹਿਰਾਂ ਠਰਦੀ ਰਾਤ,
ਪੰਧ ਨਵਾਂ, ਬਿਖੜਾ ਬੜਾ ਕਦ ਹੋਣੀ ਪ੍ਰਭਾਤ।

ਸੁਣ ਨੀਂ ਧਰਤ ਪਿਆਰੀਏ ਸੀ ਜ਼ੁਲਮ ਧਰਮ ਦੀ ਜੰਗ,
ਕਿੰਜ ਗੁਰਾਂ ਨੇ ਜਿੱਤਿਆ ਹਰ ਕੋਈ ਹੋਇਆ ਦੰਗ।

ਸ਼ਾਇਰ ਕੋਈ ਕਿੰਜ ਚਿੱਤਰੇ ਅਨੂਠੇ ਜੰਗ ਦਾ ਸਾਰ,
ਚਮਕੀ ਗੜ੍ਹੀ ਚਮਕੌਰ ਦੀ ਮੇਰਾ ਕਣ-ਕਣ ਨੂੰ ਨਮਸਕਾਰ।

●

## ਦੋ ਬੜੀਆਂ ਕੀਮਤੀ ਜਿੰਦਾਂ

• **ਚਰਨ ਸਿੰਘ ਸਫਰੀ**

ਦੋ ਬੜੀਆਂ ਕੀਮਤੀ ਜਿੰਦਾਂ, ਨੀਹਾਂ ਵਿਚ ਆਣ ਖਲੋ ਗਈਆਂ,
ਇਹ ਤੱਕ ਕੇ ਤਸੀਹਾ ਗ਼ਮ ਦਾ, ਕੰਧਾਂ ਵੀ ਪਾਗਲ ਹੋ ਗਈਆਂ।

ਬੱਚਿਆਂ ਦੀ ਤੱਕ ਕੁਰਬਾਨੀ, ਅੰਬਰਾਂ 'ਤੇ ਛਾਈ ਹੈਰਾਨੀ,
ਗੁਜਰੀ ਦੇ ਚੰਨ ਦੀਆਂ ਰਿਸ਼ਮਾਂ, ਧਰਤੀ ਵਿਚ ਆਣ ਖਲੋ ਗਈਆਂ।
ਇਹ ਤੱਕ ਕੇ ਤਸੀਹਾ ਗ਼ਮ ਦਾ...............

ਸੂਬੇ ਨੇ ਹੁਕਮ ਸੁਣਾਇਆ, ਜੱਲਾਦਾਂ ਦਾ ਦਿਲ ਘਬਰਾਇਆ,
ਨੇਕੀ ਦੀਆਂ ਕੁਲ ਕਿਤਾਬਾਂ, ਬੁਰਿਆਂ ਦੀ ਜਾਨ ਨੂੰ ਰੋ ਗਈਆਂ।
ਇਹ ਤੱਕ ਕੇ ਤਸੀਹਾ ਗ਼ਮ ਦਾ...............

ਫ਼ਤਹਿ ਸਿੰਘ ਨੇ ਫਤਹਿ ਬੁਲਾਈ, ਜ਼ੋਰਾਵਰ ਦੀ ਵਾਰੀ ਆਈ,
ਦੋ ਸਵਰਗ ਨੂੰ ਚਲੀਆਂ ਰੂਹਾਂ, ਨੀਹਾਂ ਵਿਚ ਜਾਨ ਲਕੋ ਗਈਆਂ।
ਇਹ ਤੱਕ ਕੇ ਤਸੀਹਾ ਗ਼ਮ ਦਾ...............

ਮਾਤਾ ਗੁਜਰੀ ਜਲਾਦ ਨੂੰ ਬੋਲੀ, ਇਨ੍ਹਾਂ ਬੱਚਿਆਂ ਦੇ ਖ਼ੂਨ ਦੀ ਹੋਲੀ,
ਪਰ ਹੋ ਕੇ ਸ਼ਹੀਦ ਉਹ 'ਸਫ਼ਰੀ', ਕੰਧ ਲਹੂ ਵਿਚ ਧੋ ਗਈਆਂ।
ਇਹ ਤੱਕ ਕੇ ਤਸੀਹਾ ਗ਼ਮ ਦਾ...............

●

## ਚੰਨ ਮਾਤਾ ਗੁਜਰੀ ਦਾ

**• ਚਰਨ ਸਿੰਘ ਸਫਰੀ**

ਚੰਨ ਮਾਤਾ ਗੁਜਰੀ ਦਾ ਸੁੱਤਾ ਕੰਡਿਆਂ ਦੀ ਸੇਜ ਵਿਛਾਈ।
ਸੀਨੇ ਨਾਲ ਤੇਗ਼ ਲਾ ਲਈ, ਜਦੋਂ ਯਾਦ ਪੁਤਰਾਂ ਦੀ ਆਈ।

ਅਜੀਤ ਤੇ ਜੁਝਾਰ ਵੱਡੜੇ, ਜ਼ੋਰਾਵਰ ਤੇ ਫਤਿਹ ਸਿੰਘ ਛੋਟੇ,
ਤਾਰਿਆਂ ਨੇ ਰੋ ਕੇ ਪੁੱਛਿਆ, ਕਿੱਥੇ ਗਏ ਨੇ ਜਿਗਰ ਦੇ ਟੋਟੇ,
ਦੋ ਚਮਕੌਰ ਵਿਚ ਤੇ ਦੋ ਨੇ ਸਰੰਦ 'ਚ ਸ਼ਹੀਦ ਪਾਈ।
ਚੰਨ ਮਾਤਾ ਗੁਜਰੀ ਦਾ...........

ਅੱਡੀਆਂ ਗੁਲਾਬ ਰੰਗੀਆਂ, ਸੋਜ਼ ਪੈ ਕੇ ਫਟਣ ਨੂੰ ਆਈਆਂ,
ਛੰਭ ਦਿਆਂ ਕੰਡਿਆਂ ਨੇ, ਓਹਦੇ ਪੱਬਾਂ 'ਤੇ ਬੂਟੀਆਂ ਪਾਈਆਂ,
ਧੂੜੀ ਓਹਦੇ ਕਦਮਾਂ ਦੀ, ਲੋਕਾਂ ਚੁੱਕ ਕੇ ਮੱਥੇ ਤੇ ਲਾਈ।
ਚੰਨ ਮਾਤਾ ਗੁਜਰੀ ਦਾ...........

ਕਾਲਜੇ ਨੂੰ ਧੂਹ ਪੈਂਦੀ, ਕੌਣ ਲਿਖੀਆਂ ਵਿਧਾਤਾਂ ਦੀਆਂ ਮੋੜੇ,
ਜ਼ਾਲਮਾਂ ਨੇ ਹਿੰਦੀਆਂ ਦੇ ਖਿਚ ਖਿਚ ਕੇ ਜਨੇਊ ਤੋੜੇ,
ਆਂਦਰਾਂ ਦੀ ਡੋਰ ਵੱਟ ਕੇ, ਉਨ੍ਹਾਂ ਬਾਮਣਾ ਦੇ ਗਲ ਵਿਚ ਪਾਈ।
ਚੰਨ ਮਾਤਾ ਗੁਜਰੀ ਦਾ...........

ਪੰਧ ਪਏ 'ਸਫਰੀ' ਨੂੰ ਪਿਆ ਦੁਖੜੇ ਤੇ ਦੁਖੜਾ ਸਹਿਣਾ,
ਯਾਰੜੇ ਦਾ ਸੱਥਰ ਚੰਗਾ, ਸਾਨੂੰ ਭੱਠ, ਖੇੜਿਆਂ ਦਾ ਰਹਿਣਾ,
ਸੀਨੇ ਵਿਚ ਲੈ ਕੇ ਸੌਂ ਗਿਆ ਦਿਲ ਆਪਣਾ ਤੇ ਪੀੜ ਪਰਾਈ।
ਚੰਨ ਮਾਤਾ ਗੁਜਰੀ ਦਾ...........

●

## ਕਿੱਥੇ ਮਾਤਾ ਤੋਰਿਆ

• **ਨੰਦ ਲਾਲ ਨੂਰਪੁਰੀ**

ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ
ਵਿਹੜੇ ਦੀਆਂ ਰੌਣਕਾਂ ਤੇ ਮਹਲਾਂ ਦੀ ਬਹਾਰ ਨੂੰ ?
ਜਿਨ੍ਹਾਂ ਦੀਆ ਚਾਈਂ ਚਾਈਂ ਘੋੜੀਆਂ ਸੀ ਗਾਣੀਆਂ
ਸੇਹਰਿਆਂ ਦੇ ਨਾਲ ਜੋ ਸੀ ਸੋਹਣੀਆਂ ਸਜਾਣੀਆਂ।
ਕਿੱਥੇ ਮਾਤਾ ਤੋਰਿਆ...........

ਸੁੰਨੇ ਸੁੰਨੇ ਜਾਪਦੇ ਨੇ ਮਹਲ ਤੇ ਅਟਾਰੀਆਂ
ਚੰਦ ਜਿਹੀਆਂ ਸੂਰਤਾਂ ਇਹ ਕਿੱਥੇ ਗਈਆਂ ਪਿਆਰੀਆਂ
ਕਾਹਨੂੰ ਤੋਰ ਦਿੱਤਾ ਐਡੇ ਸੋਹਣੇ ਪਰਵਾਰ ਨੂੰ
ਕਿੱਥੇ ਮਾਤਾ ਤੋਰਿਆ.......

ਪਿਤਾ ਦਸਮੇਸ਼ ਜਦੋਂ ਚਾਈਂ ਚਾਈਂ ਆਣਗੇ
ਅੱਜ ਕਿੱਥੇ ਹਾਕਾਂ ਮਾਰ ਇਨ੍ਹਾਂ ਨੂੰ ਬੁਲਾਣਗੇ
ਕਿਵੇਂ ਠੰਡ ਪਊ ਉਸ ਸੱਚੀ ਸਰਕਾਰ ਨੂੰ
ਕਿੱਥੇ ਮਾਤਾ ਤੋਰਿਆ.......

ਪੁੱਤਰਾਂ ਦੇ ਦੁੱਖ ਤੇ ਵਿਛੋੜੇ ਝੱਲੇ ਜਾਣ ਨਾ
ਪੁੱਤਰਾਂ ਦੇ ਬਿਨਾਂ ਚੰਗਾ ਲਗਦਾ ਜਹਾਨ ਨਾ
'ਨੂਰਪੁਰੀ' ਪੁਛ ਕੇ ਤੂੰ ਵੇਖ ਸੰਸਾਰ ਨੂੰ
ਕਿੱਥੇ ਮਾਤਾ ਤੋਰਿਆ.......

•

## ਚੁੰਮ-ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ

• ਨੰਦ ਲਾਲ ਨੂਰਪੁਰੀ

ਚੁੰਮ-ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ।
ਫੁੱਲਾਂ ਨਾਲ ਗੁੰਦੇ ਲੜੀ ਹੀਰਿਆਂ ਦੇ ਹਾਰ ਦੀ।
ਜੰਗ ਵਿਚੋਂ ਲੜ ਕੇ ਸਿਪਾਹੀ ਮੇਰੇ ਆਣਗੇ
ਚੰਨਾਂ ਦਿਆਂ ਚਿਹਰਿਆਂ 'ਚੋਂ ਚੰਨ ਮੁਸਕਾਣਗੇ।
ਵਿਹੜੇ ਵਿਚ ਠਾਠਾਂ ਮਾਰੂ ਖ਼ੁਸ਼ੀ ਸੰਸਾਰ ਦੀ।
ਚੁੰਮ-ਚੁੰਮ ਰੱਖੋ ਨੀ.........

ਕੂਲੇ ਕੂਲੇ ਹੱਥ ਕਿਰਪਾਨਾਂ ਵਿਚ ਗੋਰੀਆਂ
ਕਲ੍ਹ ਨੇ ਸਵੇਰ ਦੀਆਂ ਜੋੜੀਆਂ ਮੈਂ ਤੋਰੀਆਂ
ਜਿਨ੍ਹਾਂ ਦਾ ਵਿਛੋੜਾ ਮੈਂ ਨਾ ਪਲ ਸੀ ਸਹਾਰਦੀ
ਚੁੰਮ-ਚੁੰਮ ਰੱਖੋ ਨੀ..........

ਘੋੜੀਆਂ ਦੇ ਪੌੜ ਜਦੋਂ ਕੰਨਾ ਸੁਣੇ ਵਜਦੇ
ਵੇਖਣ ਨੂੰ ਨੈਣ ਆਏ ਬੂਹੇ ਵੱਲ ਭਜਦੇ
ਲਹੂ ਵਿਚ ਭਿੱਜੀ ਘੋੜੀ ਵੇਖੀ ਭੁੱਬਾਂ ਮਾਰਦੀ
ਚੁੰਮ-ਚੁੰਮ ਰੱਖੋ ਨੀ.............

ਲੱਗੇ ਹੋਏ ਕਾਠੀ ਉਤੇ, ਲਹੂ ਨੇ ਇਹ ਦਸਿਆ
ਮਾਏ ਤੇਰਾ ਜੋੜਾ ਦਾਦੇ ਕੋਲ ਹੈ ਜਾ ਵਸਿਆ
ਛੱਡਦੇ ਉਡੀਕ ਹੁਣ ਹੰਸਾਂ ਦੀ ਡਾਰ ਦੀ
ਚੁੰਮ-ਚੁੰਮ ਰੱਖੋ ਨੀ.............

•

## ਸ਼ਹੀਦ ਬੀਬੀ ਸ਼ਰਨ ਕੌਰ

**• ਧਰਮ ਸਿੰਘ ਭੰਖਰਪੁਰ**

ਚਮਕੌਰ ਗੜ੍ਹੀ,
ਰਣ-ਖੇਤਰ ਦੀ
ਥੰਮ੍ਹ ਚੁੱਕੀ,
ਜਦੋਂ ਲੜਾਈ ਸੀ।
ਲੋਥਾਂ ਹੀ ਲੋਥਾਂ,
ਪਈਆਂ ਸਨ,
ਤੇ ਧਰਤੀ,
ਲਾਲ ਬਣਾਈ ਸੀ।
ਐਉਂ ਲੱਗਦਾ ਸੀ,
ਸਤਲੁਜ ਐਥੇ,
ਅੱਜ ਖ਼ੂਨ ਦੀ,
ਭਰ ਕੇ ਆਈ ਸੀ।
ਚੌਂਹ ਪਾਸੇ,
ਘੁੱਪ ਹਨ੍ਹੇਰਾ ਸੀ,
ਜੁ ਰਾਤ ਹਨ੍ਹੇਰੀ,
ਛਾਈ ਸੀ।੧।

ਕਿਸੇ, ਰਾਤ ਡਰਾਉਣੀ,
ਦੇ ਅੰਦਰ,
ਦੀਵੇ ਦਾ ਚਾਨਣ,
ਕਰਿਆ ਸੀ।
ਕੋਈ, ਤੁਰਦਾ-ਤੁਰਦਾ,
ਦੀਵੇ ਨੂੰ ਲੈ ਲੋਥਾਂ ਵਿੱਚ,
ਜਾ ਵੜਿਆ ਸੀ।
ਦੀਵੇ ਦਾ ਚਾਨਣ,

ਅਚਨਚੇਤ, ਤੱਕ
ਮੁਗ਼ਲ ਸਿਪਾਹੀ,
ਡਰਿਆ ਸੀ।
ਅਸ਼ਰਾਰ–ਇਲਾਹੀ,
ਸਮਝਿਆ ਉਸ,
ਤਨ ਮਨ ਨੂੰ,
ਕਾਂਬਾ ਚੜ੍ਹਿਆ ਸੀ।੨।

'ਸ਼ਰਨ ਕੌਰ'
ਧਰ ਸੀਸ ਤਲੀ,
ਆਈ ਉਪਕਾਰ
ਕਮਾਉਣ ਲਈ।
ਸਿੱਖੀ ਦੀ ਸ਼ਾਨ,
ਬਚਾਉਣ ਲਈ।
ਤੇ ਆਪਣਾ ਫ਼ਰਜ਼,
ਨਿਭਾਉਣ ਲਈ।
ਉਸ ਦੀਵਾ,
ਹੱਥ ਵਿਚ ਫੜਿਆ ਸੀ,
ਵਿਚ ਰਣ ਤੱਤੇ ਦੇ,
ਆਉਣ ਲਈ।
ਉਸ ਜਾ ਕੇ,
ਚਾਨਣ ਕੀਤਾ ਸੀ,
ਸਿੰਘਾਂ ਦੀਆਂ,
ਲੋਥਾਂ ਚਾਉਣ ਲਈ।੩।

ਲੋਥਾਂ 'ਚੋਂ ਲੋਥਾਂ,
ਲੱਭ ਕੇ ਉਹ,
ਚੁੱਕ–ਚੁੱਕ ਕੇ ਪਾਸੇ,
ਧਰਦੀ ਰਹੀ,

ਲੋਥਾਂ 'ਚੋਂ,
ਸਿੰਘ ਸ਼ਹੀਦਾਂ ਦੀ,
ਪਹਿਚਾਣ ਮੁਸ਼ਕਲੀਂ,
ਕਰਦੀ ਰਹੀ।
ਤੇ ਪੀੜ ਪਤੀ ਦੇ,
ਵਿਛੜਨ ਦੀ,
ਉਹ ਦਿਲ ਆਪਣੇ ਤੇ,
ਜਰਦੀ ਰਹੀ।
'ਕੱਲੀ ਹੀ,
ਮਾਂ ਦੀ ਸੀਂਹਣੀ ਬੱਸ!
ਕੰਮ ਆਪਣਾ,
ਕਰਦੀ ਰਹੀ।੪।

ਉਸ, ਉੱਥੋਂ,
ਥੋੜ੍ਹੀ ਦੂਰੀ 'ਤੇ,
ਛਿਟੀਆਂ ਦਾ ਢੇਰ,
ਲਗਾਇਆ ਸੀ।
ਤਕਰੀਬਨ ਤੀਹ ਕੁ,
ਸਿੰਘਾਂ ਦੀਆਂ,
ਲੋਥਾਂ ਨੂੰ ਉਪਰ,
ਪਾਇਆ ਸੀ।
ਦੀਵੇ ਨਾਲ,
ਅਗਨਿ ਮਚਾ ਦਿੱਤੀ,
ਸਤਿਗੁਰ ਦਾ ਸ਼ੁਕਰ,
ਮਨਾਇਆ ਸੀ।
ਉਸ ਆਪਣੇ ਹੱਥੀਂ,
ਆਪੇ ਨੂੰ,
ਗੁਰੂ-ਪੰਥ ਦੇ ਲੇਖੇ,
ਲਾਇਆ ਸੀ।੫।

ਸਨ ਅੱਗ ਦੀਆਂ ਲਾਟਾਂ,
ਮੱਚ ਉੱਠੀਆਂ,
ਸਿੰਘਾਂ ਦਾ,
ਕਰ ਸਸਕਾਰ ਚੱਲੀ।
ਸ਼ਰਨ ਕੌਰ,
ਇੱਕ ਵੱਖਰਾ ਹੀ,
ਕਰ ਪੰਥ ਲਈ,
ਉਪਕਾਰ ਚੱਲੀ।
ਹੱਸ-ਹੱਸ ਕੇ,
ਆਪਾ ਆਪਣਾ ਵੀ,
ਚਮਕੌਰ ਗੜ੍ਹੀ ਵਿਚ,
ਵਾਰ ਚਲੀ।
ਸੱਚ ਹੱਕ ਦੀ ਖ਼ਾਤਿਰ,
ਖ਼ਾਲਸਾ ਜੀ!
ਸ਼ਰ੍ਹੇਆਮ, ਲੁਟਾ,
ਘਰ ਬਾਰ ਚਲੀ।੬।

ਝੱਟ, ਅੱਗ ਦੇ ਭਾਂਬੜ,
ਤਕ ਕੇ ਸੀ,
ਕਈ ਮੁਗ਼ਲ-ਸਿਪਾਹੀ,
ਆਣ ਖੜ੍ਹੇ।
ਚੌਂਹ ਪਾਸਿਉਂ,
ਘੇਰੀ ਸ਼ਰਨ ਕੌਰ,
ਦਬਕਿਆਂ ਨਾਲ,
ਧਮਕਾਣ ਖੜ੍ਹੇ।
ਕੌਣ ਹੈਂ ਤੂੰ!!
ਕੀ ਕਰਦੀ ਏਂ?
ਇਉਂ, ਸਾਰੇ ਹੁਕਮ,
ਸੁਣਾਣ ਖੜ੍ਹੇ।

ਕੋਈ ਕੁੱਝ ਬੋਲੇ,
ਕੋਈ ਕੁੱਝ ਬੋਲੇ,
ਆਪਸ ਰੌਲ਼ਾ ਪਾਣ ਖੜ੍ਹੇ।੭।

ਉਹ, ਡੋਲੀ ਨਾ,
ਘਬਰਾਈ ਨਾ,
ਇਉਂ, ਸ਼ਰਨ ਕੌਰ,
ਲਲਕਾਰ ਰਹੀ।
ਮੈਂ ਆਪਣੇ,
ਸਿੰਘ ਸ਼ਹੀਦਾਂ ਦਾ,
ਹੱਥੀਂ ਕਰ ਸਸਕਾਰ ਰਹੀ।
ਇਹ ਸੁਣਿਆ,
ਗੁੱਸੇ ਭਰਿਆਂ ਨੇ,
ਤੇ ਸ਼ਰਨ ਕੌਰ ਨੂੰ,
ਚੁੱਕ ਲਿੱਤਾ।
ਬਲਦੇ ਭਾਂਬੜ,
ਅੱਗ ਦੇ ਵਿੱਚ,
ਸ਼ਰਨ ਕੌਰ ਨੂੰ,
ਸੁੱਟ ਦਿੱਤਾ।੮।

ਅੱਗ ਹੋਰ ਉੱਠੀ
ਸ਼ਰਨ ਕੌਰ
ਗੁਰੂ ਚਰਨੀਂ
ਜਾ ਸੁੱਤੀ!!॥੯॥

ਮੋ. 98781-61006

●

## ਚਮਕੌਰ ਗੜ੍ਹੀ ਅੰਦਰ, ਗੜ੍ਹੀ ਬਾਹਰ

• ਮਨਮੋਹਨ ਸਿੰਘ ਦਾਊਂ

ਕੱਚੀ ਗੜ੍ਹੀ ਅੰਦਰ ਬੈਠਾ ਕਲਗੀਧਰ ਪਾਤਸ਼ਾਹ
ਜਿਸ ਨੂੰ ਅਕਾਲ ਪੁਰਖ ਦਾ ਵਿਸ਼ਵਾਸ ਸੀ
ਬਾਹਰ ਟਿੱਡੀ ਦਲ ਵਰਗਾ
ਜ਼ਾਲਮਾਂ ਦਾ ਵਾਸ ਸੀ।

ਅੰਦਰ ਸੱਚ ਸੀ, ਸਿਦਕ ਸੀ
ਬਾਹਰ ਕੱਚ ਸੀ, ਨਫ਼ਰਤ ਸੀ
ਅੰਦਰ ਤੇਗ ਦੀ ਧਾਰ ਸੀ, ਅਕਾਲ ਸੀ
ਸਾਹਮਣੇ ਵੰਗਾਰ ਸੀ, ਕਾਲ ਸੀ।

ਅੰਦਰ ਸੱਚੇ ਮੁਰੀਦ ਸਨ, ਲਾਡਲੇ ਨੂਰ ਸਨ,
ਬਾਹਰ ਖਰੂਦ ਸੀ, ਲੱਖਾਂ ਦਾ ਹਜੂਮ ਸੀ।

ਅੰਦਰ ਅਰਦਾਸ ਸੀ, ਪ੍ਰਕਾਸ਼ ਸੀ
ਬਾਹਰ ਨ੍ਹੇਰ ਸੀ, ਜਿਊਂਦਿਆਂ ਦੀ ਲਾਸ਼ ਸੀ।
ਅੰਦਰ ਜੈ-ਕਾਰੇ ਸਨ, ਪਿਆਰੇ ਸਨ, ਦੁਲਾਰੇ ਸਨ
ਬਾਹਰ ਹੁਕਮ ਮਾਰੇ ਹਥਿਆਰੇ ਸਨ।

ਅੰਦਰ ਕੱਲਾ-ਕੱਲਾ ਲੱਖ ਸੀ
ਉੱਤੇ ਗੁਰੂ ਜਲੌਂ ਹੱਥ ਸੀ।
ਉਹ ਭਿੜੇ ਸਨ ਧਰਮ ਲਈ
ਉਹ ਲੜੇ ਸਨ ਜ਼ੁਲਮ ਨਾਲ

ਉਹ ਜਿੱਤ ਕੇ ਸ਼ਹੀਦ ਸਨ
ਗੁਰੂ ਦੇ ਮੁਰੀਦ ਸਨ।

ਪੁੱਤਰ ਅਤੇ ਸਿੰਘਾਂ ਦਾ ਨਾ ਫਰਕ ਸੀ
ਪਿਆਰਿਆਂ ਦੇ ਹੁਕਮ ਅੱਗੇ
ਗੁਰੂ ਦਾ ਨਾ ਤਰਕ ਸੀ
ਗੜ੍ਹੀ ਅੰਦਰ ਚਮਕ ਸੀ
ਇਤਿਹਾਸ ਵਾਲੀ ਦਮਕ ਸੀ।

ਕਿੱਡੀ ਅਜੀਬ ਜੰਗ ਸੀ
ਜੱਗ ਸਾਰਾ ਦੰਗ ਸੀ,
ਇਹ ਕਿਹੋ ਜਿਹਾ ਪਹਿਰ ਸੀ
ਜਿੱਥੇ ਗੁਰੂ ਕੀਤੀ ਠਹਿਰ ਸੀ।

ਉਹ ਪੰਥ ਲਈ ਵਾਰ ਕੇ
ਹੋਰ ਵਡੇਰੇ ਪੰਧ ਲਈ,
ਮਾਛੀਵਾੜੇ ਜੰਗਲਾਂ ਨੂੰ ਤੁਰ ਪਿਆ
ਰਾਤੜੀ ਦਾ ਕਿਹੋ ਜਿਹਾ ਪਹਿਰ ਸੀ!!

●

## ਕੋਮਲ ਜਿੰਦਾਂ ਸਿਰੜ ਵਡੇਰਾ

• ਮਨਮੋਹਨ ਸਿੰਘ ਦਾਊਂ

ਦੋ ਮਾਸੂਮ ਜਿੰਦੜੀਆਂ ਕੋਮਲ
ਇਲਾਹੀ ਨੂਰ ਨਾਲ ਸਜੀਆਂ
ਜਦੋਂ ਹਾਜ਼ਰ ਹੋਣ ਲਈ ਆਈਆਂ
ਕਚਹਿਰੀ ਸੁੰਨ ਪਸਰੀ ਸੀ
ਕੋਈ ਨਾ ਬੋਲ ਸਕਦਾ ਸੀ।
ਸਰਹਿੰਦ ਦੀ ਧਰਤ ਉੱਤੇ
ਉਹ ਦਿਨ ਕੇਹਾ ਕਾਲਾ ਸੀ
ਅਦਾਲਤ ਜ਼ੁਲਮ ਦੀ ਬੈਠੀ
ਚੁਫੇਰੇ ਭੈਅ ਦਾ ਪਹਿਰਾ ਸੀ
ਉੱਤੋਂ ਠੰਢੀ ਰੁੱਤ ਚੰਦਰੀ
ਸਮਾਂ ਵੀ ਸਹਿਮ ਗਿਆ ਡਰਦਾ ਸੀ।

ਕੀਤਾ ਫੁਰਮਾਨ ਸੂਬੇ ਨੇ
ਧਰਮ ਤਿਆਗੋ
ਸ਼ਾਹੀ ਦੌਲਤਾਂ ਹਾਜ਼ਰ
ਕਬੂਲੋ ਇਸਲਾਮ
ਕਿਉਂ ਜ਼ਿੱਦ ਕਰਦੇ ਹੋ ?
ਛੱਡ ਦਿਓ ਹੱਠ ਆਪਣਾ
ਨਹੀਂ ਤਾਂ ਮੌਤ ਦਾ ਖੰਜਰ
ਮੇਰੇ ਹੱਥ ਲਿਸ਼ਕਦਾ ਵੇਖੋ।
ਗਰਜ਼ਵੀਂ ਆਵਾਜ਼ ਦਾ ਗੋਲਾ
ਸਿਰਾਂ ਤੋਂ ਲੰਘਿਆ ਖਹਿ ਕੇ।

ਗੋਬਿੰਦ ਗੁਰੂ ਦੇ ਪੁੱਤਰ
ਪੋਤਰੇ ਦਾਦੀ ਗੁਜਰੀ ਦੇ

ਦੋ ਚਿਹਰੇ ਸੂਰਜੀ ਭਖਦੇ
ਮਲਾਲ ਨਾ ਕੋਈ
ਉਚੇਰੇ ਹੋ ਗਏ ਸੂਹੇ
ਬੇਖੌਫ਼ ਤੱਕਣੀ ਨੂਰੀ
ਨਾ ਡੋਲੀ ਹੁਕਮ ਦੇ ਸਾਹਵੇਂ।

ਕਚਹਿਰੀ ਰੋਹ ਦੀ ਇੱਕ ਪਾਸੇ
ਦੋ ਮਜ਼ਲੂਮ ਇੱਕ ਪਾਸੇ,
ਜ਼ਾਲਮ ਦੀ ਤਲਵਾਰ ਇੱਕ ਪਾਸੇ
ਸਿਦਕੜੇ ਸਰੂਪ ਇੱਕ ਪਾਸੇ।
ਆਖ਼ਰ ਕਹਿਰ ਨਾ ਰੁਕਿਆ
ਫਤਵਾ ਦੀਵਾਰ 'ਚ
ਚਿਣਨ ਦਾ ਹੋਇਆ।
ਧਰਤੀ ਡੋਲਦੀ ਜਾਪੀ
ਅੰਬਰ ਰੁੰਨੜਾ ਹੋਇਆ,

ਪੌਣਾਂ ਸਿਸਕੀਆਂ ਭਰੀਆਂ
ਤੇ ਹਾਅ ਭਰ ਕੇ 'ਇਕ ਹਮਦਮ'
ਦਰਬਾਰ 'ਚੋਂ ਉੱਠ ਸੀ ਤੁਰਿਆ।
ਜ਼ੋਰਾਵਰ ਸਿੰਘ ਸੀ ਵੱਡਾ
ਫ਼ਤਹਿ ਸਿੰਘ ਸੀ ਨਿੱਕੜਾ
ਖੜੋਤੇ ਅਡੋਲ ਸੀ ਦੋਵੇਂ।
ਜਿੰਦਾਂ ਨਿੱਕੀਆਂ ਪਰ ਸੱਚੀਆਂ
ਇੱਟਾਂ ਜ਼ੁਲਮ ਦੀਆਂ ਸੀ ਪੱਕੀਆਂ
ਚਿਣੀਆਂ ਜਾਣ ਫਿਰ ਲੱਗੀਆਂ।
ਜਦੋਂ ਸਾਹ ਘੁਟਣ ਸੀ ਲੱਗਿਆ
ਸਿਦਕ ਹੋਰ ਵੀ ਸੀ ਮਘਿਆ
ਦੀਵਾਰ ਪਾਪ ਦੀ ਉਸਰੀ
ਧਰਮ ਹੋਰ ਵੀ ਪੱਕਿਆ।

ਜ਼ਾਲਮ ਹੱਥ ਥੱਕ ਕੇ ਹਾਰੇ
ਅਗੰਮੀ ਜੋਤ ਜਗੀ ਹੋਰ ਉੱਚੀ

ਤਨ ਕੂਲੇ ਸੀ ਫੁੱਲ ਵਰਗੇ
ਹਿਰਦੇ ਇਸਪਾਤ ਜਿਹੇ ਪੱਕੇ
ਸਭੋ ਕੁਝ ਸਹਿ ਰਹੇ ਤਨ 'ਤੇ
ਸਭੋ ਕੁਝ ਝੱਲ ਰਹੇ ਮਨ 'ਤੇ
ਕਦੇ ਖ਼ੂਨੀ ਦੀਵਾਰ ਢਹਿ ਜਾਂਦੀ
ਜੈਕਾਰੇ ਬੁਲੰਦ ਹੋਰ ਹੋ ਜਾਂਦੇ
ਦੀਵਾਰ ਉਸਰ ਗਈ ਆਖਰ
ਨਾ ਡੋਲੇ ਬਾਲ, ਗੋਬਿੰਦ ਦੇ।

ਫਿਰ ਲਿਸ਼ਕੀ ਤਲਵਾਰ ਕਾਤਲ ਦੀ
ਜ਼ੁਲਮ ਦੀ ਇੰਤਹਾ ਹੋਈ
ਸ਼ਹਾਦਤ ਦੀ ਜੈ-ਜੈ ਹੋਈ।

ਅੰਬਰ ਅੱਥਰੂ ਕੇਰੇ
ਧਰਤ ਭੁੱਬਾਂ ਮਾਰ ਕੇ ਰੋਈ
ਕੰਬੇ ਪੌੜ ਤਖ਼ਤਾਂ ਦੇ
ਚੁਪਾਸੀ ਹਾ-ਹਾ ਕਾਰ ਸੀ ਹੋਈ
ਇਤਿਹਾਸ ਸਿਰਜਿਆ ਭਿੰਨੜਾ
ਧੰਨ-ਧੰਨ ਪ੍ਰਲੋਕ ਵਿੱਚ ਹੋਈ।

ਜਿੰਦਾਂ ਨਿਕੜੀਆਂ ਸਨ ਦੋਵੇਂ
ਪਰ ਸਾਕਾ ਵੱਡੜਾ ਕੀਤਾ
ਜਾਮ ਅਣਖ ਦਾ ਪੀਤਾ
ਤੇ ਖ਼ਾਕ ਨੂਰ ਹੋ ਚਮਕੀ
ਸਿਦਕ ਦੀ ਜਿੱਤ ਹੋਰ ਦਮਕੀ!!

## ਠੰਢੇ ਬੁਰਜ ਦੀ ਗਾਥਾ

• ਮਨਮੋਹਨ ਸਿੰਘ ਦਾਊਂ

ਪੋਹ ਮਹੀਨੇ ਸਰਦ ਰੁੱਤੇ
ਠੰਡਾ ਬੁਰਜ ਸਰਹਿੰਦ ਦਾ
ਖ਼ਾਮੋਸ਼ ਸੀ...
ਚੁੱਪ-ਚਾਪ ਪਰਬਤ ਦੀ ਤਰ੍ਹਾਂ।
ਸੁੰਨੀ ਹੋਈ ਰਾਤ ਕਾਲੀ
ਭੈਅ ਦੀ ਪੰਡ ਸਿਰ 'ਤੇ ਚੁੱਕੀ
ਸੌਂ ਰਹੀ ਸੀ।
ਬਿਰਖ-ਬੂਟੇ ਮੌਨ ਸਨ
ਪੱਤਿਆਂ ਦਾ ਰੁਮਕਣਾ ਵੀ ਬੰਦ ਸੀ
ਆਲ੍ਹਣਿਆਂ 'ਚ ਪੰਛੀਆਂ ਦੀ
ਠਹਿਰ ਵੀ ਬੇਆਵਾਜ਼ ਸੀ
ਚੁਫ਼ੇਰੇ ਸਹਿਮ ਸੀ, ਦਹਿਲ ਸੀ।
ਰਾਤ ਕਹਿਰ ਮਾਰੀ
ਰੋਜ਼ਾ-ਰੋਜ਼ਾ ਕਿਰਦੀ ਹੋਈ
ਲੰਘ ਰਹੀ ਸੀ।
ਜ਼ੁਲਮ ਦਾ ਸੀ ਜ਼ੋਰ ਮੁਗ਼ਲਈ
ਸਰਹਿੰਦ ਦੀ ਜ਼ਮੀਨ 'ਤੇ
ਕੌਣ ਬੋਲੇ, ਕੌਣ ਆਖੇ
ਜ਼ੁਬਾਨ ਹਰ ਇੱਕ ਬੰਦ ਸੀ।
ਖ਼ੌਫ਼ ਮਾਰੀ ਪਰਜਾ ਉੱਤੇ
ਖ਼ੰਜਰ ਦੀ ਲਿਸ਼ਕੋਰ ਤਿੱਖੀ
ਚਮਕਦੀ ਸੀ ਸਿਰਾਂ ਉੱਤੇ।
ਬੁਰਜ ਅੰਦਰ ਕੈਦ ਸੀ
ਮਾਤਾ ਗੁਜਰੀ ਸਿਰੜਵੰਤੀ
ਦੋ ਲਾਲ ਪਿਆਰੇ ਗੁਰੂ ਦੇ

ਫੁੱਲ ਨੂਰੀ, ਸੁਹਲ ਛਿੰਦੇ।
ਬੰਦ ਬੁਰਜ ਉਦਾਸ ਸੀ
ਬਾਹਰ ਦਰਬਾਰੀਆਂ ਦਾ ਪਹਿਰਾ ਸੀ।
ਮੋਤੀ ਰਾਮ ਮਹਿਰੇ ਪਤਾ ਲੱਗਿਆ
ਬਿਹਬਲ ਤੇ ਬੇਚੈਨ ਹੋਇਆ
ਗੁੰਮ ਸੀ, ਗ਼ਮਗੀਨ ਸੀ
ਸੋਚਾਂ ਵਿੱਚ ਡੁੱਬਿਆ।
ਦਾਦੀ ਗੁਜਰੀ ਸੱਜੇ-ਖੱਬੇ
ਬਾਹਵਾਂ ਦੇ ਕਲਾਵੇ ਵਿੱਚ
ਬਾਲਕਾਂ ਨੂੰ ਦੇ ਰਹੀ ਸੀ
ਨਿੱਘ ਗੋਦ ਦਾ ਤੇ ਅਣਖ ਦਾ।
ਮੂੰਹੋਂ ਸ਼ਬਦ ਦਾ ਪ੍ਰਕਾਸ਼
ਜਪਿਆ ਜਾ ਰਿਹਾ ਸੀ
ਇਤਿਹਾਸ ਦੱਸਿਆ ਜਾ ਰਿਹਾ ਸੀ,
ਮੌਤ ਦਾ ਭੈਅ ਡਾਢਾ
ਦੂਰ ਹੁੰਦਾ ਜਾ ਰਿਹਾ ਸੀ।
ਦੁਮੇਲਾਂ ਉੱਤੇ...
ਲਾਲੀਆਂ ਦੀ ਗਾਥਾ ਅਗੰਮੀ
ਉੱਕਰੀ ਜਾ ਰਹੀ ਸੀ,
ਹਿਰਦਿਆਂ 'ਚੋਂ...
ਜ਼ਿੰਦਗੀ ਤੇ ਮੌਤ ਦੀ
ਵਿੱਥ ਮਿੱਟਦੀ ਜਾ ਰਹੀ ਸੀ।
ਥੋੜ੍ਹਾ ਜਿਹਾ ਖੜਾਕ ਹੋਇਆ
ਪੱਛਮ ਵੱਲੋਂ ਖਿੜਕੀ ਖੜਕੀ
ਰਾਤ ਦਾ ਹਨ੍ਹੇਰ ਗੂੜ੍ਹਾ ਤਿੜਕਿਆ।
ਦਾਦੀ-ਮਾਂ ਨੇ ਸੋਚਿਆ
ਤੂਫ਼ਾਨ ਆਉਣ ਵਾਲਾ ਹੈ।
ਭੁੱਖਿਆਂ ਤ੍ਰਿਹਾਇਆਂ ਨੂੰ
ਸੁਹਲ ਮਾਂ ਦੇ ਜਾਇਆਂ ਨੂੰ

ਕਿੰਜ ਢਾਰਸ ਦੇਵਾਂ ਮੈਂ।
ਖਿੜਕੀ ਉੱਤੇ ਠੋਰ ਵੱਜੀ
ਮਾਂ ਗੁਜਰੀ ਖਿੜਕੀ ਖੋਲ੍ਹੀ
ਵੇਖਿਆ, ਗੁਰੂ ਦਾ ਇੱਕ ਸਿਦਕਵਾਨ
ਦੁੱਧ ਦਾ ਇੱਕ ਗੜਬਾ ਸੁੱਚਾ
ਅਰਪਿਤ ਕਰਨ ਖੜ੍ਹਾ ਸੀ।
ਮਾਤਾ ਅੱਗੇ ਸੀਸ ਝੁਕਿਆ
ਚੁੱਪ-ਚੁਪੀਤੇ ਨਜ਼ਰਾਂ ਰਾਹੀਂ
ਮੋਤੀ ਮਹਿਰੇ ਅਰਜ਼ ਕੀਤੀ :
"ਮਾਤਾ ਪਿਆਰੀਏ ਬਲਿਹਾਰੀਏ
ਇਹ ਦਾਤ ਮੇਰੀ ਪ੍ਰਵਾਨ ਕਰੋ।"
ਦੁੱਧ ਵਿੱਚ ਘੁਲ ਗਿਆ ਸਤਿਕਾਰ ਮਿੱਠਾ
ਨੈਣਾਂ ਅੰਦਰ ਨੂਰ ਡਿੱਠਾ।
ਖ਼ਾਮੋਸ਼ੀ ਦੇ ਗੁੰਬਦ ਅੰਦਰ
ਸ਼ਰਧਾ ਦੇ ਸਮੁੰਦ ਅੰਦਰ
ਸਿਦਕ ਅਤੇ ਸਿਰੜ ਅੰਦਰ
ਨਿਸ਼ਕਾਮ ਮੂਰਤ ਚੁੱਪ ਸੀ।
ਗੁੰਬਦ ਬਣਿਆ ਹਰੀ-ਮੰਦਰ
ਮੋਤੀ ਹੱਥ ਦੁੱਧ ਨਹੀਂ
ਦੁੱਧ ਦਾ ਸੀ ਪਾਕ-ਸਮੁੰਦਰ
ਗੁਜਰੀ-ਮਾਂ ਦੇ ਹਿਰਦੇ ਵਿੱਚੋਂ
ਧੰਨ-ਧੰਨ ਵਰਗਾ ਵਾਕ ਜਗਿਆ।
ਬਾਲਕਾਂ ਨੂੰ ਦੁੱਧ ਪੀ ਕੇ
ਬਾਣੀ ਜਪਦੇ-ਜਪਦੇ
ਨੀਂਦ ਗੂੜ੍ਹੀ ਆ ਗਈ
ਪਰ ਗੁਜਰੀ ਜਾਪ ਕਰਦੀ ਜਾਗਦੀ।
ਅਗਲੇ ਦਿਨੀਂ ਕਹਿਰ ਹੋਇਆ
ਬਾਲਕਾਂ ਸ਼ਹਾਦਤ ਦਿੱਤੀ
ਇਤਿਹਾਸ ਨਵਾਂ ਸਿਰਜਿਆ।

ਸੂਹੀਏ ਕਿਸੇ ਚੰਦਰੇ ਨੇ
ਸੂਬੇ ਜਾ ਸ਼ਿਕਾਇਤ ਕੀਤੀ
ਮੋਤੀ ਮਹਿਰਾ ਨੌਕਰ ਹੁੰਦਿਆਂ
ਬੁਰਜ ਅੰਦਰ ਦੁੱਧ ਪਿਆਏ
ਗੁਰੂ ਦਿਆਂ ਬਾਲਕਾਂ ਨੂੰ
ਤੇ ਵੈਰੀ ਦੀ ਸਹਾਇਤਾ ਕਰੇ ਰਾਤ ਨੂੰ।
ਸੂਬੇ ਨੂੰ ਜਦ ਖ਼ਬਰ ਮਿਲੀ
ਕ੍ਰੋਧ ਵਿੱਚ ਗਰਜਿਆ
ਹੁਕਮ ਦਿੱਤਾ 'ਮੋਤੀ' ਨੂੰ
ਦਰਬਾਰ ਪੇਸ਼ ਹੋਣ ਦਾ।
ਵੈਰੀ ਦਿਆਂ ਪੁੱਤਰਾਂ ਨੂੰ ਦੁੱਧ ਦੇਵੇਂ
ਇਹ ਤਾਂ ਵੱਡਾ ਜ਼ੁਰਮ ਹੈ ਤੇ ਪਾਪ ਹੈ।
ਮੋਤੀ ਮਹਿਰਾ ਸੁੰਨ ਹੋਈ
ਹੱਥ ਜੋੜ ਸੂਬੇ ਅੱਗੇ ਖੜ੍ਹਾ ਸੀ।
"ਦੁੱਧ ਦਾ ਪਦਾਰਥ ਪਿਆਉਣਾ
ਕਿਵੇਂ ਪਾਪ ਹੈ ?
ਇਹ ਤਾਂ ਨੇਕੀ ਜਿਹਾ ਜਾਪ ਹੈ।"
ਬੋਲ ਸੁਣ, ਹੁਕਮ ਦਾ ਬਰੂਦ
ਸੂਬੇ ਵਜ਼ੀਰ ਖ਼ਾਂ ਨੇ ਛੱਡਿਆ।
ਪੀੜ ਦਿਓ ਕੋਹਲੂ ਥਾਣੀਂ
ਸਣੇ ਪਰਿਵਾਰ ਮੋਤੀ ਪਾਪੀ ਨੂੰ,
ਜਾਣ ਸਕੇ ਕਿਵੇਂ ਦੁੱਧ ਪਿਆਈ ਦਾ ਹੈ
ਸੱਪ ਦੇ ਸਪੋਲੀਆਂ ਨੂੰ।
ਦਲੇਰ ਮੋਤੀ ਰਾਮ ਚੁੱਪ ਸੀ
ਦਰਬਾਰ ਗੂੰਗਾ ਹੋ ਗਿਆ।
ਹੁਕਮ ਅੱਗੇ ਕੌਣ ਸੀ ਜੋ ਬੋਲਦਾ
ਕਿਵੇਂ ਕੋਈ ਸੱਚ-ਝੂਠ ਤੋਲਦਾ।
ਇੱਕ ਪਾਸੇ ਦੁੱਧ ਅੰਮ੍ਰਿਤ
ਦੂਜੇ ਪਾਸੇ ਖ਼ੂਨੀ-ਕੋਹਲੂ,

ਦਿੱਸ ਰਿਹਾ ਸੀ ਮੋਤੀ ਨੂੰ।
ਦੁੱਧ ਦੇ ਪਦਾਰਥ ਬਦਲੇ
ਕੋਹਲੂ ਗੇੜਿਆ ਜਾ ਰਿਹਾ ਸੀ,
ਤਨ ਪੀੜਿਆ ਜਾ ਰਿਹਾ ਸੀ
ਕੋਹਲੂ ਦੇ ਕਟੋਰੇ ਵਿੱਚ
ਖ਼ੂਨ ਨਚੋੜਿਆ ਜਾ ਰਿਹਾ ਸੀ।
ਧਰਮੀ ਅਤੇ ਅਧਰਮੀ ਸਾਹਵੇਂ
ਰਹਿਮ ਅਤੇ ਜ਼ੁਲਮ ਸਾਹਵੇਂ
ਕੁਕਰਮ ਕਰਿਆ ਜਾ ਰਿਹਾ ਸੀ,
ਮੋਤੀ ਰਾਮ, ਬਾਲਾਂ ਸਮੇਤ
ਪਤਨੀ ਅਤੇ ਪਰਿਵਾਰ ਸਮੇਤ
ਗੰਨੇ ਦੀ ਗਨੇਰੀ ਵਾਂਗ
ਚਿੱਥਮ-ਚਿੱਥਾ ਹੋ ਰਿਹਾ ਸੀ।
ਮੂਕ ਹੋਈ ਖ਼ਲਕਤ ਹਾਜ਼ਰ
ਸਭੋ ਕੁਝ ਵੇਖਦੀ ਸੀ
ਸੂਬੇ ਦੇ ਫੁਰਮਾਨ ਅੱਗੇ
ਦਰਬਾਰ ਸਾਰਾ ਚੁੱਪ ਸੀ
ਦਿਲਾਂ ਅੰਦਰ ਹੂਕ ਸੀ
ਰਹਿਮ ਲਈ ਕੂਕ ਸੀ
ਉਹ ਕਿਹੋ ਜਿਹਾ ਕਾਲ ਸੀ
ਕਿਹੋ ਜਿਹਾ ਸਿਦਕ ਸੀ
ਕਿਹੋ ਜਿਹਾ ਸਿਰੜ ਸੀ।
ਧੰਨ-ਧੰਨ ਮੋਤੀ ਰਾਮ ਹੀਰਾ
ਬਾਲਾਂ ਦੇ ਪਿਆਰ ਲਈ,
ਜਿਸ ਦੇ ਡੁੱਲ੍ਹੇ ਲਹੂ ਦੀ
ਕੁਰਬਾਨੀ ਬੇ-ਮਿਸਾਲ ਹੈ!!

**ਮੋ. 98151-23900**

## ਖ਼ਾਲਸਾ ਪੰਥ ਦੀ ਅਦੁੱਤੀ ਸਾਜਨਾ

• ਮਨਮੋਹਨ ਸਿੰਘ ਦਾਊਂ

ਅਨੰਦਪੁਰ ਦੀ ਧਰਤ 'ਤੇ
ਜੁੜੀ ਸੰਗਤ ਸੀ
ਗੁਰੂ ਦਸਮੇਸ਼ ਦਾ ਦਰਬਾਰ ਸੀ
ਸੰਗਤ ਕਈ ਹਜ਼ਾਰ ਸੀ
ਗੁਰੂ ਦਾ ਇਹ ਪਿਆਰ ਸੀ
ਸਤਿਕਾਰ ਸੀ,
ਵਿਸਾਖ ਸੁਹਾਵਾ ਦਿਵਸ ਸੀ
ਮਹਿਕਾਂ ਵੰਡਦੀ ਰੁੱਤ ਸੀ
ਕਿਰਨਾਂ ਵੰਡਦੀ ਧੁੱਪ ਸੀ।

ਮੁਗ਼ਲਸ਼ਾਹੀ ਰਾਜ ਸੀ
ਥਾਂ–ਥਾਂ ਉੱਤੇ ਕਹਿਰ ਸੀ
ਸਹਿਮ ਸੀ
ਪਰਜਾ ਚੁੱਪ ਸੀ
ਬੇਜ਼ਾਰ ਸੀ।
ਪਰ ਗੁਰਾਂ ਨੇ
ਅਨੰਦਪੁਰ ਦੀ ਧਰਤ 'ਤੇ
ਨਿਡਰਤਾ ਨਿਰਵੈਰਤਾ ਦਾ
ਸਿਰਜਿਆ ਇਕ ਪਹਿਰ ਸੀ।
ਕੀ ਹੋਇਆ–
ਅਚਨਚੇਤ ਤੰਬੂ 'ਚੋਂ
ਦਗ਼–ਦਗ਼ ਕਰਦਾ
ਨੂਰੀ ਸੂਰਜ ਉਦੈ ਹੋਇਆ
ਤੇ ਨਿਧੜਕ ਹੋ ਕੇ ਬੋਲਿਆ :
ਤੇਗ਼ ਤੋਂ ਵੀ ਤਿੱਖਾ ਸਿਰੜ

ਜਿਸ ਦੇ ਕੋਲ ਹੈ
ਮੈਨੂੰ–
ਇਕ ਸੀਸ ਦੀ ਅੱਜ ਲੋੜ ਹੈ।

ਪਹਾੜੀਆਂ 'ਚ
ਗੂੰਜ ਸੁਣ ਗੁਰਾਂ ਦੀ
ਰਾਜਿਆਂ ਦਾ ਦਿਲ
ਕੰਬਿਆ ਤੇ ਡੋਲਿਆ।
ਦੂਰ ਤੀਕਰ ਚੁੱਪ ਸੀ
ਖ਼ੌਫ਼ ਦਾ ਸਨਾਟਾ ਸੁੱਤਾ ਘੁੱਪ ਸੀ
ਜਾਗਦੇ ਵੀ ਸੁੱਤੇ ਸਨ
ਪਰ, ਸੁੱਤਿਆਂ ਨੂੰ ਜਗਾਉਣਾ ਸੀ
ਜਾਬਰ ਨੂੰ ਹਰਾਉਣਾ ਸੀ।
ਪਰ ਕੌਣ ਉੱਠੇ ?
ਕੌਣ ਗੁਰਾਂ ਅੱਗੇ ਸੀਸ ਰੱਖੇ
ਲਿਸ਼ਕਦੀ ਸ਼ਮਸ਼ੀਰ ਗੁਰਾਂ ਕੋਲ ਸੀ
ਬੁੱਲ੍ਹਾਂ ਉੱਤੇ ਗੁਰਾਂ ਦੇ
ਚੰਗਿਆੜੇ ਜਿਹਾ ਬੋਲ ਸੀ।

ਬੋਲ ਸੁਣ ਕੇ, ਉੱਠਿਆ–
ਚੁੱਪ ਦੀ ਸਿਲ ਤੋੜ ਕੇ
ਸੱਤ ਪੁਰਖ 'ਦਇਆ' ਕਾ
ਇਕ ਜੋਧਾ ਬਲੀ ਉੱਠਿਆ
ਜੋੜ ਕੇ ਹੱਥ ਗੁਰਾਂ ਅੱਗੇ ਝੁਕਿਆ :
ਉਚਰਿਆ, ਮੇਰੇ ਸਾਹਿਬਾ–
ਸੀਸ ਕੀ–
ਸਬੂਤੀ ਦੇਹੀ ਹਾਜ਼ਰ ਹੈ।

ਪਲਾਂ ਵਿਚ
ਦੈਵੀ ਚਮਤਕਾਰ ਹੋਇਆ

ਰੱਤੜੀ ਸ਼ਮਸ਼ੀਰ ਤੱਕ
ਹਰ ਕੋਈ ਝਮੱਕਿਆ
ਗੁਰਾਂ ਦਾ ਜਲਾਲ
ਹੋਰ ਚਮਕਿਆ ਤੇ ਦਮਕਿਆ।
ਵਾਰ-ਵਰ ਚਾਰ ਸੀਸ ਹੋਰ ਮੰਗੇ।

ਕਿੱਡਾ ਵੱਡਾ ਜੇਰਾ ਪਹਿਲੇ ਪਿਆਰੇ ਦਾ
ਦੂਜਾ ਸੀਸ 'ਧਰਮ' ਦਾ
ਤੀਜਾ ਸੀਸ 'ਹਿੰਮਤ' ਦਾ
ਚੌਥਾ ਸੀਸ 'ਮੁਹਕਮ' ਅੱਗੇ ਸਾਹਿਬ ਦਾ
ਪੰਜਵਾਂ ਸੀਸ 'ਸਾਹਿਬ' ਦਾ ਸੂਰਮਿਆਂ ਦੇ ਸਿਦਕ ਦਾ।
ਜਗ ਪਏ ਪੰਜ ਦੀਵੜੇ
ਗੁਰੂ ਦੇ ਮਰਜੀਵੜੇ
ਲਟ-ਲਟ ਕਰਦੀ ਜੋਤ ਦੇ
ਅੰਮ੍ਰਿਤ ਦਾ ਨੀਰ ਚੱਖ ਕੇ।
ਖੇਡੀ ਕੇਹੀ ਅਲੌਕਿਕਤਾ
ਸਜ ਗਿਆ ਪੰਥ ਖ਼ਾਲਸਾ
ਬਣਿਆ ਆਪੇ ਗੁਰ-ਚੇਲਾ
ਮਰਦ ਅਗੰਮੜਾ।

ਦਿਲਾਂ ਉੱਤੇ ਦਸਤਕ ਦਿੱਤੀ
ਬੋਲਾਂ ਨੇ
ਮਨਾਂ ਵਿਚ ਲੋਅ ਜਗਾਈ
ਸ਼ਬਦਾਂ ਨੇ
ਤੰਬੂ ਅੰਦਰ ਅੰਮ੍ਰਿਤ ਵਰ੍ਹਿਆ
ਤੰਬੂ ਬਾਹਰ ਚਾਨਣ ਝਰਿਆ।
ਜਾਤ-ਪਾਤ, ਊਚ-ਨੀਚ
ਭਰਮ-ਭਾਉ, ਮੋਹ-ਮੌਤ

ਦੂਰ ਕੀਤੇ ਪਾਤਸ਼ਾਹ
ਰੂਪ ਤੇ ਸਰੂਪ ਨਵਾਂ ਬਖ਼ਸ਼ਿਆ।

ਤੁਰ ਪਿਆ ਫਿਰ
ਖ਼ਾਲਸੇ ਦਾ ਕਾਫ਼ਲਾ
ਜਬਰ-ਜ਼ੁਲਮ ਰੋਕਣ ਲਈ
ਸੱਚਾ ਧਰਮ ਪੋਖਣ ਲਈ।
ਛਲਕਦਾ ਸਮੁੰਦਰ ਅਣਖ ਦਾ
ਪੰਜ ਨੂਰ ਆਬ ਦੇ
ਉੱਠ ਟੁਰੇ ਸੁਰਜੀਤ ਕਰਨ
ਸਿਲ ਪੱਥਰ ਹੋਈ ਹਿੰਦ ਨੂੰ
ਇਕ ਤੋਂ ਅਸੰਖ
ਜੋ ਸੀਸ ਸੋਹੇ ਦਿਸਦੇ
ਗੁਰਾਂ ਦੀ ਅਦੁੱਤੀ ਦੇਣ ਹੈ।

'ਕੱਲਾ-'ਕੱਲਾ ਸਿੰਘ
ਸਵਾ-ਸਵਾ ਲੱਖ ਨਾਲ ਲੜਿਆ
ਧੰਨ ਕਲਗੀਧਰ ਪਿਤਾ, ਧੰਨ ਦਸਮ ਪਾਤਸ਼ਾਹ
ਸਰਬੰਸ ਸਾਰਾ ਵਾਰਿਆ
ਸ਼ੁਕਰ ਕੀਤਾ ਤੇ ਆਖਿਆ
ਪ੍ਰਭ ਜੀ, ਹੋਰ ਕੀ ਮੈਂ ਭੇਟ ਕਰਾਂ
ਮੇਰੇ ਮਿੱਤਰ ਪਿਆਰਿਆ।

●

## ਲੋਕ ਗੀਤ

ਪਿਤਾ ਦਸਮੇਸ਼ ਦੀਆਂ ਖੁਸ਼ੀਆਂ ਜੇ ਲੈਣੀਆਂ,
ਖੰਡੇ ਵਾਲਾ ਅੰਮ੍ਰਿਤ ਪੀ।
ਨੀ ਸੰਗਤੇ, ਖੰਡੇ ਵਾਲਾ ਅੰਮ੍ਰਿਤ ਪੀ।
ਪਿਤਾ ਗੁਰਾਂ ਦਾ ਤੇਗ਼ ਬਹਾਦਰ, ਮਾਤਾ ਗੁਜਰੀ ਸੀ।
ਨੀ ਸੰਗਤੇ, ਮਾਤਾ ਗੁਜਰੀ ਸੀ।
ਜਨਮ ਗੁਰਾਂ ਦਾ ਪਟਨੇ ਸਹਿਰ ਦਾ, ਨੰਦਪੁਰ ਡੇਰਾ ਸੀ।
ਨੀ ਸੰਗਤੇ, ਨੰਦ ਪੁਰ ਡੇਰਾ ਸੀ।
ਨਾਲ ਗੁਰਾਂ ਦੇ ਪੰਜ ਪਿਆਰੇ, ਚਾਰ ਦੁਲਾਰੇ ਸੀ।
ਨੀ ਸੰਗਤੇ, ਚਾਰ ਦੁਲਾਰੇ ਸੀ।
ਹੇਠ ਗੁਰਾਂ ਦੇ ਨੀਲਾ ਘੋੜਾ, ਹੱਥ ਵਿਚ ਬਾਜ ਸੀ।
ਨੀ ਸੰਗਤੇ, ਹੱਥ ਵਿਚ ਬਾਜ ਸੀ।
ਪੰਜ ਪਿਆਰੇ ਚਾਰ ਦੁਲਾਰੇ, ਦਸਵੇਂ ਆਪ ਸੀ।
ਨੀ ਸੰਗਤੇ, ਦਸਵੇਂ ਆਪ ਸੀ।
ਇਕ ਘੁੱਟ ਪੀਤਾ ਅੱਖ ਮੇਰੀ ਖੁਲ੍ਹਗੀ,
ਪਤਾ ਨੀ ਸੀ ਬਾਟੇ ਵਿਚ ਕੀ।
ਨੀ ਸੰਗਤੇ, ਪਤਾ ਨੀ ਸੀ ਬਾਟੇ ਵਿਚ ਕੀ।
ਪਿਤਾ ਦਸਮੇਸ਼ ਦੀਆਂ ਖੁਸ਼ੀਆਂ ਜੇ ਲੈਣੀਆਂ,
ਖੰਡੇ ਵਾਲਾ ਅੰਮ੍ਰਿਤ ਪੀ।
ਨੀ ਸੰਗਤੇ, ਖੰਡੇ ਵਾਲਾ ਅੰਮ੍ਰਿਤ ਪੀ।

'ਪੁਆਧੀ ਲੋਕ ਗੀਤ' (ਪੰਨਾ–194)
ਡਾ. ਮੁਖਤਿਆਰ ਸਿੰਘ

●

# ਪੰਜਵਾਂ ਖੰਡ

## ਤਸਵੀਰਾਂ ਦੀ ਜ਼ੁਬਾਨੀ

## ਤਸਵੀਰਾਂ ਲਈ ਤੀਰਥ ਯਾਤਰਾ

ਇਸ ਪੁਸਤਕ ਨਾਲ ਸਬੰਧਿਤ ਪਵਿੱਤਰ ਅਸਥਾਨਾਂ ਦੀਆਂ ਵਰਤਮਾਨ ਸਥਿਤੀ ਵਾਲੀਆਂ ਤਸਵੀਰਾਂ ਉਤਾਰਨ ਲਈ 24 ਜੂਨ, 2025 ਨੂੰ ਅਸੀਂ ਦੋਵੇਂ ਸੰਪਾਦਕ (ਮਨਮੋਹਨ ਸਿੰਘ ਦਾਊਂ ਤੇ ਡਾ. ਮੁਖਤਿਆਰ ਸਿੰਘ) ਮੁਹਾਲੀ ਤੋਂ ਪਹਿਲਾਂ ਗੁਰਦੁਆਰਾ ਪਰਿਵਾਰ ਵਿਛੋੜਾ, ਗੁਰਦੁਆਰਾ ਪਤਾਲਪੁਰੀ ਸ੍ਰੀ ਕੀਰਤਪੁਰ ਸਾਹਿਬ, ਗੁਰਦੁਆਰਾ ਬਾਬਾ ਗੁਰਦਿੱਤਾ ਜੀ ਸ੍ਰੀ ਕੀਰਤਪੁਰ ਸਾਹਿਬ ਫਿਰ ਅਸੀਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੁਝ ਪ੍ਰਮੁੱਖ ਅਸਥਾਨਾਂ ਦੀਆਂ ਤਸਵੀਰਾਂ ਉਤਾਰਨ ਤੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਕੀਤਾ। ਸਭ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਤਖ਼ਤ ਕੇਸਗੜ੍ਹ ਸਾਹਿਬ, ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਉਲੀ ਸਾਹਿਬ, ਤਪ ਅਸਥਾਨ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਗੁਰਦੁਆਰਾ ਗੁਰੂ ਕੇ ਮਹਿਲ, ਗੁਰਦੁਆਰਾ ਗੁਰਗੱਦੀ ਅਸਥਾਨ ਦਸਮ ਪਾਤਸ਼ਾਹ, ਗੁਰਦੁਆਰਾ ਸੀਸ ਗੰਜ ਸਾਹਿਬ ਆਦਿਕ ਤਸਵੀਰਾਂ ਉਤਾਰੀਆਂ। ਫਿਰ ਚਮਕੌਰ ਸਾਹਿਬ ਨੂੰ ਚਾਲੇ ਪਾਏ। ਯਾਦਗਾਰ ਦਾਸਤਾਨ-ਏ-ਸ਼ਹਾਦਤ ਸ੍ਰੀ ਚਮਕੌਰ, ਗੁਰਦੁਆਰਾ ਕੱਚੀ ਗੜ੍ਹੀ ਸ੍ਰੀ ਚਮਕੌਰ ਸਾਹਿਬ, ਗੁਰਦੁਆਰਾ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਕਤਲਗੜ੍ਹ ਸ੍ਰੀ ਚਮਕੌਰ ਸਾਹਿਬ, ਗੁਰਦੁਆਰਾ ਤਾੜੀ ਸਾਹਿਬ ਦਸਮ ਪਾਤਸ਼ਾਹੀ ਤੋਂ ਬਾਅਦ ਗੁਰਦੁਆਰਾ ਅਟਕ ਸਾਹਿਬ ਪਿੰਡ ਸਹੇੜੀ ਅਤੇ ਗੁਰਦੁਆਰਾ ਸ੍ਰੀ ਕੋਤਵਾਲੀ ਮੋਰਿੰਡਾ ਤੱਕ ਪੈਂਡਾ ਤਹਿ ਕੀਤਾ।

ਦੂਜੇ ਦਿਨ 25 ਜੂਨ, 2025 ਨੂੰ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ, ਫ਼ਤਿਹ ਬੁਰਜ ਚੱਪੜਚਿੜੀ ਦੀਆਂ ਤਸਵੀਰਾਂ ਉਤਾਰੀਆਂ। ਫਿਰ ਗੁਰਦੁਆਰਾ ਜੋਤੀ ਸਰੂਪ ਸ੍ਰੀ ਫ਼ਤਿਹਗੜ੍ਹ ਸਾਹਿਬ ਦੇ ਦ੍ਰਿਸ਼ ਲਏ। ਫਿਰ ਗੁਰਦੁਆਰਾ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਸ੍ਰੀ ਫ਼ਤਿਹਗੜ੍ਹ ਸਾਹਿਬ, ਭੋਰਾ ਸਾਹਿਬ ਯਾਦਗਾਰੀ ਦੀਵਾਰ ਜਿੱਥੇ ਛੋਟੇ ਸਾਹਿਬਜ਼ਾਦਿਆਂ ਨੂੰ ਚਿਣ ਕੇ ਸ਼ਹੀਦ ਕੀਤਾ, ਗੁਰਦੁਆਰਾ ਠੰਢਾ ਬੁਰਜ ਨਤਮਸਤਕ ਹੁੰਦੇ ਤਸਵੀਰਾਂ ਉਤਾਰੀਆਂ। ਧੰਨ-ਧੰਨ ਮਾਤਾ ਗੁਜਰੀ ਜੀ ਤੇ ਧੰਨ-ਧੰਨ ਛੋਟੇ ਸਾਹਿਬਜ਼ਾਦੇ। ਉਪਰੰਤ ਗੁਰਦੁਆਰਾ ਸ਼ਹੀਦ ਭਾਈ ਮੋਤੀ ਰਾਮ ਮਹਿਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਅਤੇ ਦੋ ਯਾਦਗਾਰੀ ਗਲਾਸਾਂ ਦੀਆਂ ਫ਼ੋਟੋਆਂ ਕਲਿੱਕ ਕੀਤੀਆਂ ਤੇ ਲੰਗਰ ਛਕਿਆ। ਇਸ ਤੀਰਥ ਯਾਤਰਾ ਦੇ ਸੰਪੰਨ ਹੋਣ ਸਦਕਾ ਇਹ ਕੁਝ ਤਸਵੀਰਾਂ ਪਾਠਕਾਂ ਲਈ ਹਾਜ਼ਰ ਹਨ।



ਗੁਰਦੁਆਰਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ।



ਗੁਰਦੁਆਰਾ ਪਤਾਲਪੁਰੀ ਸ੍ਰੀ ਕੀਰਤਪੁਰ ਸਾਹਿਬ।




ਗੁਰਦੁਆਰਾ ਬਾਬਾ ਗੁਰਦਿੱਤਾ ਜੀ ਸ੍ਰੀ ਕੀਰਤਪੁਰ ਸਾਹਿਬ।





ਗੁਰਦੁਆਰਾ ਤਪ ਅਸਥਾਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਸ੍ਰੀ ਅਨੰਦਪੁਰ ਸਾਹਿਬ।




ਗੁਰਦੁਆਰਾ ਤਪ ਅਸਥਾਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ
(ਭੌਰਾ ਸਾਹਿਬ) ਸ੍ਰੀ ਅਨੰਦਪੁਰ ਸਾਹਿਬ।



ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅਨੰਦਪੁਰ ਸਾਹਿਬ।





ਕਸ਼ਮੀਰੀ ਪੰਡਿਤਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਅਰਜੋਈ ਪੱਤਰ ਸ੍ਰੀ ਅਨੰਦਪੁਰ ਸਾਹਿਬ।



ਗੁਰਦੁਆਰਾ ਦਸਵੇਂ ਪਾਤਸ਼ਾਹ ਨੂੰ ਗੁਰਗੱਦੀ ਸਥਾਨ ਸ੍ਰੀ ਅਨੰਦਪੁਰ ਸਾਹਿਬ



ਕਿਲ੍ਹਾ ਅਨੰਦਗੜ੍ਹ ਸਾਹਿਬ।




ਬਾਉਲੀ ਸਾਹਿਬ ਦਾ ਅੰਦਰਲਾ ਦ੍ਰਿਸ਼ ਸ੍ਰੀ ਅਨੰਦਪੁਰ ਸਾਹਿਬ।



ਗੁਰਦੁਆਰਾ ਸ੍ਰੀ ਪਰਿਵਾਰ ਵਿਛੋੜਾ ਸਾਹਿਬ।



ਕੱਚੀ ਗੜ੍ਹੀ
ਚਮਕੌਰ ਦਾ
ਮੁੱਖ ਦੁਆਰ।



ਗੁਰਦੁਆਰਾ
ਕਚੀ ਗੜ੍ਹੀ
ਸਾਹਿਬ
ਚਮਕੌਰ
ਸਾਹਿਬ।



ਗੁਰਦੁਆਰਾ ਕਚੀ ਗੜ੍ਹੀ ਸਾਹਿਬ ਚਮਕੌਰ ਸਾਹਿਬ ਦਾ ਅੰਦਰਲਾ ਦ੍ਰਿਸ਼।



ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਚਮਕੌਰ ਸਾਹਿਬ।



ਗੁਰਦੁਆਰਾ ਤਾੜੀ ਸਾਹਿਬ ਦਸਵੇਂ ਪਾਤਸ਼ਾਹ ਚਮਕੌਰ ਸਾਹਿਬ।




ਗੁਰਦੁਆਰਾ ਤਾੜੀ ਸਾਹਿਬ ਦਾ ਅੰਦਰਲਾ ਦ੍ਰਿਸ਼।




ਗੁਰਦੁਆਰਾ ਅਟਕ ਸਾਹਿਬ ਪਿੰਡ ਸਹੇੜੀ ਜਿੱਥੇ ਗੰਗੂ ਨੇ ਆਪਣੇ ਘਰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਰੱਖਕੇ ਫੜਾਇਆ।




ਗੁਰਦੁਆਰਾ ਕੋਤਵਾਲੀ ਦਾ ਮੁੱਖ ਦੁਆਰ ਮੋਰਿੰਡਾ।



ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ ਜਿੱਥੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਕੈਦ ਕੀਤਾ ਗਿਆ।




ਗੁਰਦੁਆਰਾ ਠੰਡਾ ਬੁਰਜ ਫ਼ਤਿਹਗੜ੍ਹ ਸਾਹਿਬ ਜਿੱਥੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਕੈਦ ਕੀਤਾ ਗਿਆ।




ਗੁਰਦੁਆਰਾ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਫ਼ਤਿਹਗੜ੍ਹ ਸਾਹਿਬ




ਪਵਿੱਤਰ ਅਸਥਾਨ ਜਿੱਥੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਨੇ ਕੰਧ 'ਚ ਚਿਣਵਾਇਆ।





ਗੁਰਦੁਆਰਾ ਜੋਤੀ ਸਰੂਪ ਫ਼ਤਿਹਗੜ੍ਹ ਸਾਹਿਬ ਜਿੱਥੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਸ੍ਰੀ ਟੋਡਰ ਮੱਲ ਨੇ ਕੀਤਾ।




ਯਾਦਗਾਰ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ, ਸ੍ਰੀ ਫ਼ਤਿਹਗੜ੍ਹ ਸਾਹਿਬ।




ਨਿਸ਼ਾਨੀ ਦੋ ਗਿਲਾਸ ਜਿਨ੍ਹਾਂ ਰਾਹੀਂ ਭਾਈ ਮੋਤੀ ਰਾਮ ਨੇ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ 'ਚ ਦੁੱਧ ਪਿਆਇਆ।



ਵਿਰਾਸਤ-ਏ-ਖਾਲਸਾ ਸ੍ਰੀ ਅਨੰਦਪੁਰ ਸਾਹਿਬ।



ਯਾਦਗਾਰ ਦਾਸਤਾਨੇ ਸ਼ਹਾਦਤ ਚਮਕੌਰ ਸਾਹਿਬ।





ਫਤਿਹ ਬੁਰਜ ਯਾਦਗਾਰਾਂ ਚੱਪੜਚਿੜੀ



ਮਨਮੋਹਨ ਸਿੰਘ ਦਾਊਂ ਤੇ ਡਾ. ਮੁਖਤਿਆਰ ਸਿੰਘ ਫ਼ਤਿਹ ਬੁਰਜ ਚੱਪੜਚਿੜੀ ਅੰਦਰ ਗੱਲਬਾਤ ਕਰਦੇ ਹੋਏ।

# ਪੁਆਧ : ਖ਼ਾਲਸਾ ਪੰਥ ਦੀ ਜਨਮ-ਭੂਮੀ

## ਇੱਕ ਵਿਲੱਖਣ ਅਤੇ ਅਦੁੱਤੀ ਖੋਜ-ਪੁਸਤਕ

ਪੁਆਧੀ ਪੰਜਾਬੀ ਸੱਥ ਮੁਹਾਲੀ (ਪੰਜਾਬ) ਵੱਲੋਂ ਪਿਛਲੇ 21 ਸਾਲਾਂ ਤੋਂ ਸ਼੍ਰੋਮਣੀ ਸਾਹਿਤਕਾਰ ਸਰਦਾਰ ਮਨਮੋਹਨ ਸਿੰਘ ਦਾਊਂ ਦੀ ਸਰਪ੍ਰਸਤੀ ਥੱਲੇ ਜੋ ਖੋਜ-ਕਾਰਜ ਪੁਆਧ ਖਿੱਤੇ ਬਾਰੇ ਕੀਤਾ ਜਾ ਰਿਹਾ ਹੈ, ਉਹ ਤਾਰੀਫ਼ੋਂ ਪਰ੍ਹੇ ਹੈ। ਅਜਿਹੀ ਸਿਰੜ ਬਿਰਤੀ ਅਤੇ ਮਿਹਨਤ ਦੇ ਮਾਲਕ ਹੋਣਾ ਹਾਰੀ-ਸਾਰੀ ਦਾ ਕੰਮ ਨਹੀਂ। ਉਨ੍ਹਾਂ ਦੇ ਖੋਜ ਕਾਰਜ ਨੇ ਪੁਆਧ ਤੇ ਪੁਆਧੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਇਤਿਹਾਸ ਨੂੰ ਪੁਨਰ-ਸੁਰਜੀਤ ਕਰਕੇ ਸਭ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ ਜਿਸ ਖੇਤਰ ਨੂੰ ਅਣਗੌਲਿਆ ਤੇ ਬਲਹੀਨ ਸਮਝਿਆ ਜਾਂਦਾ ਸੀ, ਉਸ ਦੀ ਮਹਿਮਾ ਤੇ ਗੌਰਵ ਨੂੰ ਜਿਸ ਬੁਲੰਦੀਆਂ 'ਤੇ ਪੁਜਾਇਆ ਗਿਆ, ਉਸ ਦਾ ਪ੍ਰਮਾਣ ਸੱਜਰੀ ਖੋਜ-ਪੁਸਤਕ 'ਪੁਆਧ : ਖ਼ਾਲਸਾ ਪੰਥ ਦੀ ਜਨਮ-ਭੂਮੀ' ਤੁਹਾਡੇ ਸਾਹਮਣੇ ਹੈ।

ਸ. ਮਨਮੋਹਨ ਸਿੰਘ ਦਾਊਂ ਤੇ ਖੋਜੀ ਵਿਦਵਾਨ ਡਾ. ਮੁਖਤਿਆਰ ਸਿੰਘ ਨੇ ਜਿਸ ਘੋਖ-ਦ੍ਰਿਸ਼ਟੀ ਅਤੇ ਸ਼ਿੱਦਤ ਨਾਲ ਇਸ ਪੁਸਤਕ ਦੀ ਸੰਪਾਦਨਾ ਕੀਤੀ ਹੈ, ਉਸ ਦਾ ਮਿਆਰ ਤੇ ਪੇਸ਼ਕਾਰੀ ਅਤੀ ਵਡਿਆਈਯੋਗ ਹੈ। ਸਿੱਖ ਗੁਰੂ ਸਾਹਿਬਾਨ ਨੇ ਜਿੱਥੇ ਸਿੱਖ ਕੇਂਦਰ ਨਗਰ ਸ੍ਰੀ ਕਰਤਾਰਪੁਰ, ਤਰਨਤਾਰਨ, ਸ੍ਰੀ ਅੰਮ੍ਰਿਤਸਰ, ਖਡੂਰ ਸਾਹਿਬ ਤੇ ਗੋਇੰਦਵਾਲ ਸਾਹਿਬ ਵਸਾਏ, ਉੱਥੇ ਪੁਆਧ ਖੇਤਰ 'ਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਨੇ ਸ੍ਰੀ ਅਨੰਦਪੁਰ ਸਾਹਿਬ (ਨਾਨਕੀ ਚੱਕ ਅਨੰਦਪੁਰੀ) ਉਜਵਲ ਕਰਕੇ ਕ੍ਰਿਸ਼ਮਾ ਕਰ ਵਿਖਾਇਆ ਤੇ ਪੁਆਧ ਨੂੰ ਖ਼ਾਲਸਾ ਪੰਥ ਦੀ ਜਨਮ-ਭੂਮੀ ਅਤੇ ਬਾਅਦ ਵਿਚ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਨੂੰ ਸਿੱਖ ਜਗਤ ਦਾ ਇੱਕ ਤਖ਼ਤ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਲਈ ਅਜਿਹੀ ਵਡਮੁੱਲੀ ਪੁਸਤਕ ਦਾ ਪ੍ਰਕਾਸ਼ਿਤ ਹੋਣਾ ਪੰਜਾਬ, ਪੰਜਾਬੀਆਂ ਤੇ ਸਿੱਖ-ਪੰਥ ਲਈ ਬਹੁਤ ਮਾਣ ਵਾਲੀ ਗੱਲ ਹੈ। ਸਾਨੂੰ ਵਿਸ਼ਵਾਸ ਹੈ ਕਿ ਇਹ ਮਿਆਰੀ ਖੋਜ-ਸੰਗ੍ਰਹਿ ਆਉਣ ਵਾਲੇ ਸਮਿਆਂ ਲਈ ਰਾਹ-ਦਸੇਰਾ ਸਿੱਧ ਹੋਵੇਗਾ। ਵਡਮੁੱਲੀਆਂ ਲਿਖਤਾਂ ਦੇ ਰਚਨਾਕਾਰਾਂ ਅਤੇ ਸੰਪਾਦਕਾਂ ਨੂੰ ਅਸੀਂ ਵਧਾਈ ਦੇਣਾ ਆਪਣਾ ਫ਼ਰਜ਼ ਸਮਝਦੇ ਹਾਂ। ਧੰਨ, ਧੰਨ ਪੁਆਧ ਦੀ ਮਿੱਟੀ।


**ਮੋਤਾ ਸਿੰਘ ਸਰਾਏ**
ਸੰਚਾਲਕ, ਯੂਰਪੀ ਪੰਜਾਬੀ ਸੱਥ
ਵਾਲਸਾਲ (ਯੂ. ਕੇ.)

**ਡਾ. ਨਿਰਮਲ ਸਿੰਘ**
ਸੇਵਾਦਾਰ, ਪੰਜਾਬੀ ਸੱਥ ਲਾਂਬੜਾ
ਜਲੰਧਰ



Tarlochan
Publishers
Puadh : Khalsa Panth Di Janam Bhoomi